ਜਨਵਰੀ - 2023

ਅੰਕ - 212

# ਸ਼ਬਦ ਬੂੰਦ

ਹਰਿਆਣਾ ਸਰਕਾਰ




## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ



# ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਪਦਮ ਸ੍ਰੀ ਪ੍ਰੋ. ਗੁਰਦਿਆਲ ਸਿੰਘ ਦੇ ਜਨਮ ਦਿਨ ਮੌਕੇ ਕਾਵਿ ਸ਼ਰਧਾਂਜਲੀ



ਪ੍ਰੋ. ਲਖਵੀਰ ਸਿੰਘ

ਉਦੋਂ
ਅੱਧ ਚਾਨਣੀ ਰਾਤ ਨੂੰ ਵੀ
ਕੁਵੇਲਾ ਨਹੀਂ ਹੋਇਆ ਸੀ।
ਜਦੋਂ ਉਸ ਨੇ
ਅਣਹੋਇਆਂ ਨੂੰ
ਮੜ੍ਹੀ ਦੇ ਦੀਵੇ ਦੀ ਲੋਅ ਨਾਲ
ਰਸਤਾ ਦਿਖਾਇਆ

ਉਹ ਆਥਣ ਉੱਗਣ ਦੇ
ਹਨ੍ਹੇਰਿਆਂ 'ਚ ਵੀ
ਪਰਸੇ ਵਾਂਗ
ਅਡੋਲ ਰਿਹਾ

ਬੇਸ਼ੱਕ
ਰੇਤੇ ਦੀ ਮੁੱਠ ਵਾਂਗ
ਉਸ ਕੋਲੋਂ ਜ਼ਿੰਦਗੀ
ਸਾਲ ਦਰ ਸਾਲ
ਕਿਰਦੀ ਰਹੀ

ਪਰ ਫਿਰ ਵੀ
ਉਹ ਪਹੁ ਫੁਟਾਲੇ ਤੋਂ ਪਹਿਲਾਂ
ਸਾਡੀਆਂ ਸੱਧਰਾਂ ਦਾ ਘਾਣ
ਕਰਨ ਵਾਲੀ ਆਹਟ ਦੇ
ਮੁਕਾਬਲੇ ਲਈ
ਹਮੇਸ਼ਾ
ਤਿਆਰ ਬਰ ਤਿਆਰ ਰਿਹਾ....

ਮੁਖੀ ਪੰਜਾਬੀ ਵਿਭਾਗ,
ਦਸਮੇਸ਼ ਖ਼ਾਲਸਾ ਕਾਲਜ,
ਸ੍ਰੀ ਮੁਕਤਸਰ ਸਾਹਿਬ-152026
95011-20526

# ਮੁੱਖ ਸ਼ਬਦ



ਸ਼ਬਦ ਬੂੰਦ ਦੇ ਸੁਹਿਰਦ ਪਾਠਕੋ ! ਨਵੇਂ ਵਰ੍ਹੇ ਦੇ ਸੂਰਜ ਦੀ ਪਹਿਲੀ ਕਿਰਨ ਨਾਲ ਨਵੀਆਂ ਆਸਾਂ, ਉਮੀਦਾਂ ਤੇ ਸੱਧਰਾਂ ਦਾ ਵੀ ਆਗਾਜ਼ ਹੁੰਦਾ ਹੈ। ਹਰੇਕ ਮਨੁੱਖ ਆਪਣੇ ਪਿਛਲੇ ਸਫ਼ਰ ਦੇ ਵੰਨ-ਸੁਵੰਨੇ ਤਜ਼ਰਬਿਆਂ ਤੋਂ ਬਹੁਤ ਕੁਝ ਨਵਾਂ ਸਿੱਖ ਕੇ ਇੱਕ ਨਵੀਂ ਸ਼ੁਰੂਆਤ ਅਤੇ ਨਵੇਂ ਸਫ਼ਰ ਵੱਲ ਪੁਲਾਂਘ ਪੁੱਟਦਾ ਹੈ। ਹਰ ਕੋਈ ਆਪਣੇ ਅਜ਼ੀਜ਼ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਮੁਬਾਰਕਾਂ ਦੇ ਕੇ ਆਪਣੇ ਰਿਸ਼ਤਿਆਂ ਨੂੰ ਹੋਰ ਗੂੜ੍ਹਾ ਕਰਦੇ ਹੋਏ ਖੁਸ਼ੀ ਮਹਿਸੂਸ ਕਰਦਾ ਹੈ।

10 ਜਨਵਰੀ ਨੂੰ ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਗੁਰਦਿਆਲ ਸਿੰਘ ਦਾ ਜਨਮ ਦਿਨ ਹੈ। ਗਿਆਨ ਪੀਠ ਅਤੇ ਪਦਮ ਸ੍ਰੀ ਨਾਲ ਸਨਮਾਨਿਤ ਗੁਰਦਿਆਲ ਸਿੰਘ ਪੰਜਾਬੀ ਦਾ ਸਿਰਮੌਰ ਸਾਹਿਤਕਾਰ ਸੀ। ਉਹਨਾਂ ਨੂੰ ਸਾਹਿਤ ਦੇ ਸਰਬ-ਉੱਚ ਸਨਮਾਨ ਗਿਆਨਪੀਠ ਨਾਲ ਸਨਮਾਨਿਆ ਗਿਆ। ਗੁਰਦਿਆਲ ਸਿੰਘ ਨੇ 'ਮੜ੍ਹੀ ਦਾ ਦੀਵਾ', 'ਪਰਸਾ', 'ਅਣਹੋਏ' ਅਤੇ 'ਅੰਨ੍ਹੇ ਘੋੜੇ ਦਾ ਦਾਨ' ਵਰਗੇ ਸੰਸਾਰ ਪ੍ਰਸਿੱਧ ਨਾਵਲਾਂ ਦੀ ਰਚਨਾ ਕੀਤੀ। ਉਹਨਾਂ ਨੇ ਅਨੇਕਾਂ ਨਾਵਲਾਂ ਤੋਂ ਬਿਨ੍ਹਾਂ ਕਹਾਣੀਆਂ ਅਤੇ ਬਾਲ ਸਾਹਿਤ ਦੀਆਂ ਪੁਸਤਕਾਂ ਵੀ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਈਆਂ। ਗੁਰਦਿਆਲ ਸਿੰਘ ਦੇ ਜਨਮ ਦਿਨ ਮੌਕੇ 'ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ।

26 ਜਨਵਰੀ, 1950 ਨੂੰ ਆਪਸੀ ਭਾਈਚਾਰੇ ਤੇ ਬਰਾਬਰੀ ਦੀ ਮਿਸਾਲ ਸਾਡੇ ਦੇਸ਼ ਦਾ ਸੰਵਿਧਾਨ ਲਾਗੂ ਹੋਇਆ। ਇਸ ਦਿਵਸ ਨੂੰ ਪੂਰੇ ਦੇਸ਼ ਵਿੱਚ ਗਣਤੰਤਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਹ ਇਤਿਹਾਸਕ ਦਿਨ ਆਪਸੀ ਪਿਆਰ ਦਾ ਪ੍ਰਤੀਕ ਹੋਣ ਦੇ ਨਾਲ-ਨਾਲ ਸਾਨੂੰ ਦੇਸ਼ ਲਈ ਕੁਰਬਾਨ ਹੋਏ ਸ਼ਹੀਦਾਂ ਦੀ ਯਾਦ ਵੀ ਦਿਵਾਉਂਦਾ ਹੈ। ਭਾਰਤੀ ਸੰਵਿਧਾਨ ਦਾ ਆਰਟੀਕਲ 14 ਸਮਾਨਤਾ ਦਾ ਅਧਿਕਾਰ ਦਿੰਦਾ ਹੈ। ਇਸ ਅਧਿਕਾਰ ਤਹਿਤ ਸਮੂਹ ਦੇਸ਼ ਵਾਸੀ ਇਕ ਸਮਾਨ ਹਨ। ਜਰਨੈਲ ਬੰਦਾ ਸਿੰਘ ਬਹਾਦਰ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਦਿੰਦੇ ਹੋਏ ਦੁਨੀਆਂ ਵਿੱਚ ਸਭ ਤੋਂ ਪਹਿਲਾਂ 1710 ਈ. ਵਿੱਚ ਹਰੇਕ ਨਾਗਰਿਕ ਨੂੰ ਸਮਾਨਤਾ ਦਾ ਅਧਿਕਾਰ ਦੇ ਕੇ ਮਿਸਾਲ ਪੈਦਾ ਕਰ ਦਿੱਤੀ। ਜਦ ਕਿ ਫਰਾਂਸ ਵਿੱਚ ਇਹ ਅਧਿਕਾਰ 1789 ਈ. ਵਿੱਚ ਮਿਲਿਆ। ਜਰਨੈਲ ਬੰਦਾ ਸਿੰਘ ਬਹਾਦਰ ਨੇ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ, ਜਿਸ ਨਾਲ ਸਮਾਜ ਵਿੱਚੋਂ ਊਚ-ਨੀਚ ਤੇ ਭੇਦ-ਭਾਵ ਦਾ ਵਿਤਕਰਾ ਖ਼ਤਮ ਕੀਤਾ।

ਹਰਿਆਣੇ ਦੇ ਪ੍ਰਸਿੱਧ ਢਾਡੀ ਗਿਆਨੀ ਅਮਰ ਸਿੰਘ ਨੂਰ 07 ਜਨਵਰੀ 2023 ਨੂੰ ਸਾਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹਨਾਂ ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸਾਲ 2005-06 ਦਾ 'ਸ਼੍ਰੋਮਣੀ ਰਾਗੀ/ਢਾਡੀ/ ਲੋਕ ਗਾਇਕ ਪੁਰਸਕਾਰ' ਪ੍ਰਾਪਤ ਹੋ ਚੁੱਕਿਆ ਹੈ। ਗਿਆਨੀ ਜੀ ਦਾ ਵਿਛੋੜਾ ਪੰਜਾਬੀ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਸ਼ਬਦ ਬੂੰਦ ਦੇ ਪਾਠਕਾਂ ਦੀ ਸਲਾਹ 'ਤੇ ਜਲਦੀ ਹੀ ਸ਼ਬਦ ਬੂੰਦ ਦੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਦੀ ਯੋਜਨਾ ਉਲੀਕੀ ਜਾ ਰਹੀ ਹੈ। 'ਸ਼ਬਦ ਬੂੰਦ' ਅਦਾਰੇ ਵੱਲੋਂ ਸਮੂਹ ਪਾਠਕਾਂ ਨੂੰ ਨਵੇਂ ਵਰ੍ਹੇ, ਲੋਹੜੀ ਅਤੇ ਬਸੰਤ ਪੰਚਮੀ ਦੀਆਂ ਬਹੁਤ-ਬਹੁਤ ਮੁਬਾਰਕਾਂ! ਇਹ ਵਰ੍ਹਾਂ ਸਭ ਲਈ ਖੁਸ਼ੀਆਂ, ਖੇੜਿਆਂ ਦੇ ਨਾਲ ਤਰੱਕੀ ਦੀਆਂ ਨਵੀਆਂ ਮੰਜ਼ਿਲਾਂ ਸਰ ਕਰਨ ਲਈ ਨਵਾਂ ਜੋਸ਼ ਤੇ ਨਵੀਂਆਂ ਉਮੰਗਾਂ ਲੈ ਕੇ ਆਵੇ।

ਡਿਪਟੀ ਚੇਅਰਮੈਨ
74044-99999

# ਸੰਪਾਦਕੀ



ਸ਼ਬਦ ਬੂੰਦ ਦੇ ਵੱਖ-ਵੱਖ ਰੰਗਾਂ ਨਾਲ ਅੰਗ-ਸੰਗ ਹੋ ਕੇ ਸਾਹਿਤ ਦਾ ਨਿੱਘ ਮਾਣ ਰਹੇ ਸੁਹਿਰਦ ਪਾਠਕੋ! ਸਾਲ 2023 ਦੇ ਸੂਰਜ ਦੀ ਪਹਿਲੀ ਕਿਰਨ ਦੀ ਲਾਲੀ ਨਵੇਂ ਸਾਲ ਦੇ ਆਗਾਜ਼ ਦਾ ਸੁਨੇਹਾ ਦੇ ਰਹੀ ਹੈ ਅਤੇ ਸਾਰੇ ਸੰਸਾਰ ਵਿੱਚ ਖੁਸ਼ੀ, ਉਮੰਗ ਤੇ ਖੇੜੇ ਦੀ ਲਹਿਰ ਛਾ ਰਹੀ ਹੈ। ਅਸੀਂ ਸਾਰੇ ਪਿਛਲੇ ਸਾਲ ਵਾਪਰੀਆਂ ਵੱਖ-ਵੱਖ ਤਰ੍ਹਾਂ ਦੀਆਂ ਘਟਨਾਵਾਂ ਦੇ ਅੰਗ-ਸੰਗ ਹੋ ਕੇ ਨਵੇਂ ਵਰ੍ਹੇ ਨੂੰ ਖੁਸ਼ਆਮਦੀਦ ਕਹਿ ਰਹੇ ਹਾਂ। ਬੀਤੇ ਸਾਲ ਦੀਆਂ ਮਿੱਠੀਆਂ-ਖੱਟੀਆਂ ਯਾਦਾਂ ਦੇ ਪਲ ਜਦੋਂ ਯਾਦਾਂ ਦੀ ਚੰਗੇਰ 'ਤੇ ਆਪਣੀ ਆਮਦ ਦਰਜ ਕਰਵਾਉਂਦੇ ਹਨ ਉਦੋਂ ਕੁਝ ਮਿੱਠੀਆਂ ਯਾਦਾਂ ਨਿੱਘਾ ਬੋਸਾ ਦੇ ਕੇ ਮਨ ਰੂਪੀ ਪੰਛੀ ਨੂੰ ਹੁਲਾਸ ਭਰਿਆ ਹੁਲਾਰਾ ਵੀ ਦਿੰਦੀਆਂ ਹਨ, ਉਥੇ ਹੀ ਕੁਝ ਕਸੈਲੀਆਂ ਯਾਦਾਂ ਦੇ ਪਲ ਬਿਰਹਾ ਨੂੰ ਜਨਮ ਦਿੰਦੇ ਹਨ ਪਰ ਸਮੇਂ ਦੇ ਗੇੜ ਵਿੱਚ ਅਜਿਹੀਆਂ ਅਨੇਕ ਭਾਂਤੀ ਯਾਦਾਂ ਹੀ ਜੀਵਨ ਨੂੰ ਸੰਪੂਰਨਤਾ ਦਿੰਦੀਆਂ ਹਨ।

ਹਰੇਕ ਮਨੁੱਖ ਨਵੇਂ ਸਾਲ ਦੀ ਖੁਸ਼ੀ ਦੇ ਨਾਲ-ਨਾਲ ਸੁਨਹਿਰੇ ਭਵਿੱਖ ਲਈ ਆਪਣੀ ਆਸਥਾ ਅਨੁਸਾਰ ਆਪਣੇ ਇਸ਼ਟ ਨੂੰ ਧਿਆਉਂਦਾ ਹੈ। ਹਰ ਕੋਈ ਆਪਣੇਪਣ ਦੇ ਨਗ਼ਮਿਆਂ ਵਿੱਚ ਗੁਆਚ ਜਾਂਦਾ ਹੈ। ਕੋਈ ਪਿਆਰੀ ਧੁਨ ਆਪ-ਮੁਹਾਰੀ ਹੋਠਾਂ ਤੇ ਥਿਰਕ ਪੈਂਦੀ ਹੈ। ਇਹ ਪਿਆਰੇ ਨਗ਼ਮੇ ਹੋਣ ਵੀ ਕਿਉਂ ਨਾ ਕਿਉਂਕਿ ਸਾਨੂੰ ਆਪਣੇ ਇਸ ਸੁੰਦਰ ਸੰਸਾਰ ਵਿੱਚ ਵਿਚਰਦਿਆਂ ਆਪਣੀ ਤਰੱਕੀ ਦੇ ਨਾਲ-ਨਾਲ ਇਸ ਧੁਨ ਨੂੰ ਹੋਰ ਵੀ ਪਿਆਰਾ ਤੇ ਮਨਮੋਹਕ ਬਨਾਉਣਾ ਹੈ।

11 ਜਨਵਰੀ, 1966 ਨੂੰ ਭਾਰਤ ਦੇ ਦੂਜੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦੁਰ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਆਪ ਨੇ ਭਾਰਤੀ ਲੋਕਾਂ ਨੂੰ 'ਜੈ ਜਵਾਨ- ਜੈ ਕਿਸਾਨ' ਦਾ ਨਾਅਰਾ ਦਿੱਤਾ, ਜੋ ਭਾਰਤ ਦੇ ਲੋਕਾਂ ਵਿੱਚ ਬਹੁਤ ਹਰਮਨ-ਪਿਆਰਾ ਹੋ ਗਿਆ। ਅੱਜ ਵੀ ਸਰਹੱਦ 'ਤੇ ਪਹਿਰਾ ਦੇ ਰਹੇ ਵੀਰ ਜਵਾਨਾਂ ਦੇ ਦਿਲਾਂ ਵਿੱਚ ਇਹ ਨਾਅਰਾ ਇੱਕ ਨਵਾਂ ਜੋਸ਼ ਤੇ ਆਪਣੇ ਦੇਸ਼ ਪ੍ਰਤੀ ਪਿਆਰ ਅਤੇ ਜਾਨ ਨਿਛਾਵਰ ਕਰ ਦੇਣ ਵਾਲੀ ਭਾਵਨਾ ਦਾ ਸੰਚਾਰ ਕਰਦਾ ਹੈ। ਆਪ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਸਰਗਰਮੀ ਨਾਲ ਹਿੱਸਾ ਲਿਆ। ਉਨ੍ਹਾਂ ਦਾ ਵਿਅਕਤੀਤਵ ਸਾਨੂੰ ਅੱਜ ਵੀ ਇਹ ਯਾਦ ਕਰਵਾਉਂਦਾ ਹੈ ਕਿ ਲਗਨ, ਪੱਕੇ ਇਰਾਦੇ, ਦ੍ਰਿੜ ਸੰਕਲਪ ਅਤੇ ਸੱਚਾਈ ਨਾਲ ਕੰਮ ਕਰਨ ਨਾਲ ਕੋਈ ਵੀ ਵਿਅਕਤੀ ਉੱਚੇ ਤੋਂ ਉੱਚੇ ਪਦ ਨੂੰ ਪ੍ਰਾਪਤ ਕਰ ਸਕਦਾ ਹੈ।

26 ਜਨਵਰੀ, 1950 ਨੂੰ ਆਜ਼ਾਦ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ। ਹਰ ਸਾਲ 26 ਜਨਵਰੀ ਨੂੰ ਦੇਸ਼ ਨਿਆਂ ਤੇ ਸਮਾਨਤਾ ਦੀ ਵਿਚਾਰਧਾਰਾ ਉੱਤੇ ਆਧਾਰਿਤ ਆਜ਼ਾਦ ਭਾਰਤ ਗਣਤੰਤਰ ਦੀ ਸਥਾਪਨਾ ਦੇ ਜਸ਼ਨ ਮਨਾਉਂਦਾ ਹੈ। ਇਹ ਉਹ ਦਿਹਾੜਾ ਹੈ, ਜਿਸ ਦਿਨ ਭਾਰਤ ਦੇ ਲੋਕ ਆਪਣੇ ਉਨ੍ਹਾਂ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਅਤੇ ਵੱਡੇ ਵਡੇਰਿਆਂ ਦੇ ਕੀਤੇ ਗਏ ਕੰਮਾਂ ਨੂੰ ਸ਼ੁਕਰਾਨੇ ਨਾਲ ਚੇਤੇ ਕਰਦੇ ਹਨ, ਜਿਹਨਾਂ ਨੇ ਇੱਕ ਅਜਿਹੇ ਦੇਸ਼ ਦੀ ਨੀਂਹ ਰੱਖੀ ਜਿਸ ਦੇ ਸੰਵਿਧਾਨ ਵਿੱਚ ਹਰੇਕ ਨਾਗਰਿਕ ਦੇ ਇੱਜ਼ਤ ਮਾਣ ਅਤੇ ਵਿਅਕਤੀਗਤ ਸੁਤੰਤਰਤਾ ਨੂੰ ਯਕੀਨੀ ਬਣਾਇਆ ਗਿਆ।

ਦੋਸਤੋ! ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪ੍ਰਕਾਸ਼ਿਤ ਤੁਹਾਡਾ ਆਪਣਾ 'ਸ਼ਬਦ ਬੂੰਦ' ਰਸਾਲਾ ਤੁਹਾਨੂੰ ਸਭ ਨੂੰ ਇਸ ਨਵੇਂ ਸਾਲ ਦੇ ਆਗਾਜ਼ 'ਤੇ ਮੁਬਾਰਕਾਂ ਦਿੰਦਾ ਹੈ। ਇਸ ਆਉਣ ਵਾਲੇ ਸਮੁੱਚੇ ਵਰ੍ਹੇ ਵਿੱਚ ਤੁਹਾਡਾ ਪਲ-ਪਲ ਖੁਸ਼ੀਆਂ ਨਾਲ ਸ਼ਰਾਬੋਰ ਹੋਵੇ, ਤੁਹਾਡੇ ਘਰ ਦੇ ਵਿਹੜੇ ਵਿੱਚ ਮਹਿਕਾਂ ਦੇ ਫੁੱਲ, ਰੂਹੀ ਖੁਸ਼ਬੂਆਂ ਵੰਡਦੇ ਰਹਿਣ ਅਤੇ ਕਲਮਾਂ ਵਾਲੇ ਉਸ ਮਹਿਕ ਸਦਕਾ ਖ਼ੂਬਸੂਰਤ ਰਚਨਾਵਾਂ ਦਾ ਸਿਰਜਣ ਕਰਕੇ ਪੰਜਾਬੀ ਸਾਹਿਤ, ਸਭਿਆਚਾਰ ਅਤੇ ਪੰਜਾਬੀ ਭਾਸ਼ਾ ਨੂੰ ਹੋਰ ਮਾਲਾਮਾਲ ਕਰਨ। ਆਮੀਨ!


ਡਾਇਰੈਕਟਰ
89098-13333

ISSN 2456-544X

# ਸ਼ਬਦ ਬੂੰਦ

**ਜਨਵਰੀ - 2023**
ਅੰਕ-212, 20/-ਰੁਪਏ

ਪ੍ਰਧਾਨ ਸਰਪ੍ਰਸਤ ਤੇ ਚੇਅਰਮੈਨ
ਮਨੋਹਰ ਲਾਲ
ਮੁੱਖ ਮੰਤਰੀ, ਹਰਿਆਣਾ

ਪ੍ਰਧਾਨ ਸੰਪਾਦਕ
ਅਨੁਰਾਗ ਅਗਰਵਾਲ, ਆਈ.ਏ.ਐਸ.
ਕਾਰਜਕਾਰੀ ਉਪ ਚੇਅਰਮੈਨ, ਅਕਾਦਮੀ

ਪ੍ਰਬੰਧ ਸੰਪਾਦਕ
ਅਮਿਤ ਕੁਮਾਰ ਅਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ, ਸੂਚਨਾ, ਲੋਕ ਸੰਪਰਕ, ਭਾਸ਼ਾ
ਅਤੇ ਸੰਸਕ੍ਰਿਤੀ ਵਿਭਾਗ, ਹਰਿਆਣਾ

ਮੁੱਖ ਸੰਪਾਦਕ
ਗੁਰਵਿੰਦਰ ਸਿੰਘ ਧਮੀਜਾ
ਡਿਪਟੀ ਚੇਅਰਮੈਨ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਸੰਪਾਦਕ
ਸੁਨੀਲ ਵਸ਼ਿਸ਼ਟ
ਡਾਇਰੈਕਟਰ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਸਹਿ ਸੰਪਾਦਕ
ਹਰਦਿਆਲ ਸਿੰਘ

ਸੰਪਾਦਕੀ ਬੋਰਡ
ਡਾ. ਰਤਨ ਸਿੰਘ ਢਿੱਲੋਂ, ਅੰਬਾਲਾ
ਡਾ. ਮਨਜੀਤ ਸਿੰਘ, ਦਿੱਲੀ
ਪ੍ਰੋ. ਰਵਿੰਦਰ ਕੁਮਾਰ, ਦਿੱਲੀ ਯੂਨੀਵਰਸਿਟੀ, ਦਿੱਲੀ
ਡਾ. ਪਰਮਜੀਤ ਕੌਰ ਸਿੱਧੂ, ਕੁਰੂਕਸ਼ੇਤਰ ਯੂਨੀਵਰਸਿਟੀ
ਸ. ਜਰਨੈਲ ਸਿੰਘ, ਯਮੁਨਾਨਗਰ, ਹਰਿਆਣਾ

ਪ੍ਰਕਾਸ਼ਕ :
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਆਈ. ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ)
ਫ਼ੋਨ : 0172-2972071, 2577798
ਈ-ਮੇਲ : hpsaa55@gmail.com
ਵੈੱਬ-ਸਾਈਟ : haryanapunjabisahityaacademy.com

ਸੰਪਾਦਕ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਕਿਸੇ ਪ੍ਰਕਾਰ ਦੀ 'ਸ਼ਬਦ ਬੂੰਦ', ਅਕਾਦਮੀ ਡਾਇਰੈਕਟਰ ਜਾਂ ਅਕਾਦਮੀ ਸੰਬੰਧੀ ਕਾਨੂੰਨੀ ਕਾਰਵਾਈ ਸਿਰਫ ਪੰਚਕੂਲਾ ਦੀ ਅਦਾਲਤ ਵਿੱਚ ਹੀ ਹੋ ਸਕਦੀ ਹੈ।










# ਤਤਕਰਾ


| ਲੜੀ ਨੰ. | ਲੇਖਕ | ਰਚਨਾ | ਪੰਨਾ ਨੰ. |
|---|---|---|---|
| 1. | ਜਗਜੀਤ 'ਸੂਫ਼ੀ' | ਹਰੀ ਸਿੰਘ ਦਿਲਬਰ 'ਹਲਵਾਈ' ਹਾਸਰਸ ਕਵੀ ਦੇ ਅੰਗ-ਸੰਗ | 05 |
| 2. | ਡਾ. ਨਿਸ਼ਾਨ ਸਿੰਘ ਰਾਠੌਰ | ਭੀੜ 'ਚ ਇਕੱਲਾ ਹੁੰਦਾ ਮਨੁੱਖ | 08 |
| 3. | ਕ੍ਰਿਸ਼ਨ ਅਵਤਾਰ ਸੂਰੀ | ਤੇਰਾ ਹੀ ਤੇਰਾ | 09 |
| 4. | ਪ੍ਰਕਾਸ਼ ਸਿੰਘ ਗਿੱਲ | ਪੁਸਤਕਾਂ ਦੀ ਦੁਨੀਆਂ | 10 |
| 5. | ਡਾ. ਬਲਵਾਨ ਔਜਲਾ | ਸ਼ਬਦ ਚਿੱਤਰ | 12 |
| 6. | ਨੀਰੂ ਗੁਪਤਾ | ਸੰਤੋਖ ਧਾਲੀਵਾਲ ਦੇ ਕਹਾਣੀ ਸੰਗ੍ਰਹਿ 'ਪੌੜੀ' ਵਿੱਚ ਮਨੋਂ-ਪਰਤਾਂ ਦਾ ਵਿਸ਼ਲੇਸ਼ਣ | 13 |
| 7. | ਹਰਮੀਤ ਕੌਰ (ਡਾ.) | ਬਹੁ-ਪੱਖੀ ਸ਼ਖ਼ਸੀਅਤ: ਪ੍ਰੋ. ਗੁਰਦਿਆਲ ਸਿੰਘ | 16 |
| 8. | ਡਾ. ਹਰਸ਼ਿੰਦਰ ਕੌਰ, ਐਮ. ਡੀ. | ਮਾਦਾ ਭਰੂਣ ਹੱਤਿਆ- ਸੰਨ 2021 ਦੀ ਰਿਪੋਰਟ | 20 |
| 9. | ਜੋਗਿੰਦਰ ਕੌਰ ਅਗਨੀਹੋਤਰੀ | ਅੱਖਾਂ ਕੱਚੀਆਂ, ਹੁਲਾਰੇ ਲੈਣ ਨੱਤੀਆਂ | 24 |
| 10. | ਪੂਜਾ ਸਿੰਗਲਾ | ਮੇਰੇ ਸੁਪਨੇ | 27 |
| 11. | ਅਨੁਪਿੰਦਰ ਸਿੰਘ ਅਨੂਪ | ਹਰਭਜਨ ਸਿੰਘ ਕੋਮਲ ਦੀ ਗ਼ਜ਼ਲ | 28 |
| 12. | ਜਸਵਿੰਦਰ ਕੌਰ ਜੱਸੀ | ਨਵਾਂ ਸਾਲ ਮੁਬਾਰਕ | 29 |
| 13. | ਡਾ. ਸੰਦੀਪ ਸਿੰਘ ਮੁੰਡੇ | ਇਨਸਾਨ ਵਰਗਾ ਕਿਰਦਾਰ | 30 |
| 14. | ਚਰਨਜੀਤ ਕੌਰ | ਚਾਲੀ ਮੁਕਤਿਆਂ ਦੀ ਸ਼ਹਾਦਤ | 31 |
| 15. | ਡਾ. ਸੁਰਿੰਦਰ ਕਾਹਲੋਂ | ਨਵਾਂ ਸਾਲ ਸਾਡੇ ਦੁਆਰ | 32 |
| 16. | ਡਾ. ਨਿਰਮਲਾ ਰਾਣੀ | ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ | 33 |
| 17. | ਸੁਰੇਸ਼ ਕੁਮਾਰ ਗੋਇਲ | 26 ਜਨਵਰੀ ਬਸੰਤ ਪੰਚਮੀ ਵਿਸ਼ੇਸ਼ | 37 |
| 18. | ਜਸਵੰਤ ਕੌਰ ਮਣੀ | ਗੁਰੂ ਨਾਨਕ ਬਾਣੀ : ਵਾਤਾਵਰਣਿਕ ਪੱਖ | 38 |
| 19. | ਅਨਿਲ ਖਿਆਲ | ਛਣਿਆ ਚਾਨਣ | 40 |
| 20. | ਰਘਬੀਰ ਸਿੰਘ ਈਸਰ | ਨੇਤਾ ਜੀ ਸੁਭਾਸ਼ ਚੰਦਰ ਬੋਸ | 41 |
| 21. | ਸਰਬਜੀਤ ਸੰਗਰੂਰਵੀ | ਰੁੱਤ ਸੀ ਬਸੰਤ ਦੀ | 44 |
| 22. | ਦਰਸ਼ਨ ਸਿੰਘ ਪ੍ਰੀਤੀਮਾਨ | ਯੁੱਗ ਪੁਰਸ਼ ਸ. ਸਾਧੂ ਸਿੰਘ ਹਮਦਰਦ ਨੂੰ ਯਾਦ ਕਰਦਿਆਂ | 45 |
| 23. | ਬਲਵਿੰਦਰ ਸਿੰਘ ਜੰਮੂ | ਨਵੇਂ ਸਾਲ ਦਿਆ ਸੂਰਜਾ | 48 |
| 24. | ਕੰਵਲਜੀਤ ਕੌਰ ਜੁਨੇਜਾ | ਅੱਜ ਦੇ ਸਮੇਂ ਦਾ ਮਾਨਸਿਕ ਤਣਾਓ | 49 |
| 25. | ਮਲਕੀਅਤ ਬਸਰਾ | ਲੋਹੜੀ | 50 |
| 26. | ਦਿਲਬਾਗ ਸਿੰਘ | ਪਰਵਾਸੀ ਹੋਣ ਤੋਂ ਬਾਅਦ ਰਿਸ਼ਤਿਆਂ ਦੀ ਖਿੱਚ | 51 |
| 27. | ਜਸਵੀਰ ਸਿੰਘ ਮੌਜੀ | ਉਲਟਾ ਦੌਰ | 52 |
| 28. | ਪਵਨਦੀਪ ਕੌਰ ਸੰਧੂ | ਰੂਪ | 53 |
| 29. | ਮਹਿੰਗਾ ਸਿੰਘ ਕਲਸੀ | ਤੇ ਨਰ ਦੋਜਕ ਜਾਹਿਗੇ... | 54 |
| 30. | ਜਤਿੰਦਰ ਮੋਹਨ | ਇੱਕ ਪ੍ਰਸੈਂਟ | 55 |
| 31. | ਮੰਗਤ ਕੁਲਜਿੰਦ | ਜੰਗ ਜਾਰੀ ਹੈ | 59 |
| 32. | ਪ੍ਰੀਤਮਾ ਦੋਮੇਲ | ਨਵੇਂ ਸਾਲ ਲਈ ਅਰਦਾਸ | 61 |
| 33. | ਵਿਮਲਾ ਗੁਗਲਾਨੀ | ਅਜੇ ਵੀ | 62 |
| 34. | ਡਾ. ਸੋਨੀਆ | ਗੀਤ | 63 |
| 35. | ਲਾਜਪਤ ਰਾਏ ਗਰਗ | ਮਜ਼ਹਬ ਅਤੇ ਇਨਸਾਨੀਅਤ | 64 |
| 36. | ਹਰਿੰਦਰ ਸਿੰਘ ਗੋਗਨਾ | ਚਾਈਨਾ ਡੋਰ | 70 |
| 37. | ਪ੍ਰਵੀਨ ਸ਼ਰਮਾ | ਨਵੇਂ ਸਾਲ ਨੂੰ ਬੇਨਤੀ | 71 |
| 38. | ਹਰਦਿਆਲ ਸਿੰਘ ਝੀਤਾ | ਦਸਮੇਸ਼ ਪਿਤਾ ਜੀ | 72 |
| 39. | ਮਨਮੋਹਨ ਕ੍ਰਿਸ਼ਨ ਮੈਣੀ | ਕਹਿ ਗਏ ਲੋਕ ਸਿਆਣੇ | 73 |
| 40. | ਹਰਜੀਤ ਕੌਰ ਲਾਡਵਾ | ਫ਼ੌਜੀ ਜਵਾਨ ਦੀ ਮਾਂ | 73 |
| 41. | ਵਜ਼ੀਰ ਚੰਦ ਗੋਇਲ | ਨਵਾਂ ਸਾਲ | 74 |
| 42. | ਵਿਵੇਕ | ਆਈ ਬਸੰਤ | 74 |
| 43. | ਸੰਪਾਦਕ ਦੇ ਨਾਂ ਪੱਤਰ | | 75 |

# ਹਰੀ ਸਿੰਘ ਦਿਲਬਰ 'ਹਲਵਾਈ' ਹਾਸਰਸ ਕਵੀ ਦੇ ਅੰਗ-ਸੰਗ



ਜਗਜੀਤ 'ਸੂਫ਼ੀ'

ਗੱਲ ਅੱਜ ਤੋਂ ਲਗਭਗ 20 ਕੁ ਸਾਲ ਪਹਿਲਾਂ ਦੀ ਹੈ। ਮੈਂ ਉਸ ਵੇਲੇ ਨਵੀਆਂ-ਨਵੀਆਂ ਕਾਗਜ 'ਤੇ ਲਕੀਰਾਂ ਮਾਰਨੀਆਂ ਸ਼ੁਰੂ ਕੀਤੀਆਂ ਸੀ। ਅੰਬਾਲਾ ਛਾਉਣੀ ਪੜ੍ਹਨ ਦਾ ਮੌਕਾ ਮਿਲਿਆ। ਜੀ. ਐੱਮ. ਐੱਨ. ਕਾਲਜ ਦੇ ਇੱਕ ਕਵੀ ਦਰਬਾਰ ਵਿਚ 65-70 ਸਾਲ ਦੇ ਬਾਬੇ ਨੇ ਹਾਸੇ ਦੇ ਰੰਗ ਬੰਨ੍ਹ ਕੇ ਮੇਲਾ ਲੁੱਟ ਲਿਆ। ਮੇਰੀ ਖੁਸ਼ਕਿਸਮਤੀ ਸੀ ਕਿ ਮੈਨੂੰ ਵੀ ਇੱਥੇ ਕਵਿਤਾ ਪੜ੍ਹਨ ਦਾ ਮੌਕਾ ਮਿਲਿਆ ਸੀ। ਕਵੀ ਦਰਬਾਰ ਖ਼ਤਮ ਹੋਣ ਤੋਂ ਬਾਅਦ ਮੈਂ ਉਨ੍ਹਾਂ ਨੂੰ ਮਿਲਿਆ। ਨਾਮ ਸੀ ਬਾਬੇ ਦਾ 'ਹਰੀ ਸਿੰਘ ਹਲਵਾਈ।' ਉਸ ਬਾਬੇ ਦੇ ਪਹਿਲੇ ਸਵਾਲ ਨੇ ਹੀ ਦਿਲ ਮੋਹ ਲਿਆ 'ਪੁੱਤਰ ਪੈੱਗ ਕਿਥੋਂ ਮਿਲੇਗਾ।' ਮੈਂ ਕਾਲਜ ਦੇ ਸਾਹਮਣੇ ਇੱਕ ਪੀਣ ਦੇ ਟਿਕਾਣੇ ਵੱਲ ਲੈ ਗਿਆ। ਜਿਸ ਤਰ੍ਹਾਂ ਟਿਕਾਣਾ ਨੇੜੇ ਆਇਆ ਬਾਬੇ ਦੇ ਚਿਹਰੇ ਦਾ ਗੁਲਾਬੀ-ਪਣ ਵੱਧਦਾ ਜਾ ਰਿਹਾ ਸੀ। ਨਾਲੇ ਤੋਰ ਵੀ ਮਸਤ ਹੋ ਰਹੀ ਸੀ।

ਮੈਂ ਇਸ ਤੋਂ ਪਹਿਲਾਂ ਅੰਬਾਲੇ ਤੋਂ ਬਾਹਰ ਕਦੀ ਕਵਿਤਾ ਨਹੀਂ ਪੜ੍ਹੀ ਸੀ। ਅਖ਼ੀਰਲੇ ਪੈੱਗ ਤੋਂ ਪਹਿਲਾਂ ਬਾਬੇ ਨੇ ਪੁੱਛਿਆ ਕਾਕਾ ਪਰਸੋਂ ਕੀ ਕਰ ਰਿਹਾ ਹੈਂ। ਮੈਂ ਕਿਹਾ ਕੁੱਝ ਵੀ ਨਹੀਂ। ਤੂੰ ਪਰਸੋਂ ਰੋਹਤਕ ਕਵੀ ਦਰਬਾਰ ਵਿਚ ਮੇਰੇ ਨਾਲ ਚੱਲਣਾ ਹੈ। ਮੇਰੇ ਲਈ ਖੁਸ਼ੀ ਵੀ ਸੀ ਤੇ ਅਚੰਭਾ ਵੀ। ਸ਼ਾਮ ਦਾ ਵੇਲਾ ਪੈਣ ਕਰਕੇ ਮੈਂ ਬਾਬੇ ਨੂੰ ਕਿਹਾ ਹੁਣ ਰਾਤ ਵੇਲੇ ਸਿਰਸੇ ਕਿੱਥੇ ਜਾਉਗੇ, ਅੰਬਾਲੇ ਮੇਰੇ ਕੋਲ ਹੀ ਰੁੱਕ ਜਾਓ। ਮੇਰਾ ਉਦੋਂ ਨਵਾਂ-ਨਵਾਂ ਵਿਆਹ ਹੋਇਆ ਸੀ। ਮੇਰੀ ਘਰ ਵਾਲੀ ਨੇ ਬਾਬੇ ਨੂੰ ਮੱਥਾ ਟੇਕਿਆ। ਦਿਲਬਰ ਸਾਹਿਬ ਨੇ ਆਸ਼ੀਰਵਾਦ ਦੇ ਨਾਲ ਸੌ ਦਾ ਮੁੜਿਆ-ਤੁੜਿਆ ਨੋਟ ਮੇਰੀ ਘਰਵਾਲੀ ਨੂੰ ਸ਼ਗਨ ਵਜੋਂ ਦਿੱਤਾ। ਅਗਲੀ ਸਵੇਰ ਉਨ੍ਹਾਂ ਨੂੰ ਬੱਸ ਚੜ੍ਹਾਉਣ ਤੋਂ ਬਾਅਦ ਮੈਂ ਰੋਹਤਕ ਦੇ ਕਵੀ ਦਰਬਾਰ ਵਿਚ ਜਾਣ ਦੀ ਤਿਆਰੀ ਕਰਨ ਲੱਗ ਪਿਆ। ਫ਼ੋਨ 'ਤੇ ਉਨ੍ਹਾਂ ਦੇ ਪੋਤੇ ਜਿਸ ਨੂੰ ਦਿਲਬਰ ਸਾਹਿਬ ਸਰਜੀ ਕਹਿ ਕੇ ਬੁਲਾਉਂਦੇ ਸੀ ਨਾਲ ਗੱਲ ਹੋਣ ਤੇ ਸਵੇਰ ਨੂੰ 10 ਵਜੇ ਰੋਹਤਕ ਮਿਲਣ ਦੀ ਗੱਲ ਹੋਈ। ਮੈਂ ਖ਼ੁਸ਼ੀ-ਖ਼ੁਸ਼ੀ ਵਿਚ 9 ਵਜੇ ਹੀ ਰੋਹਤਕ ਪਹੁੰਚ ਗਿਆ। ਪਰ ਹੈਰਾਨੀ ਇਹ ਹੋਈ ਕਿ ਦਿਲਬਰ ਸਾਹਿਬ ਰੋਹਤਕ 8:30 ਵਜੇ ਹੀ ਪਹੁੰਚੇ ਹੋਏ ਸੀ। ਪੈਰੀਂ-ਪੈਣਾ ਕਰਨ ਤੋਂ ਬਾਅਦ ਅਸੀਂ ਰੋਹਤਕ ਯੂਨੀਵਰਸਿਟੀ ਪਹੁੰਚੇ, ਉੱਥੇ ਮੇਜ਼ਬਾਨ ਜਗਬੀਰ ਰਾਠੀ ਨੇ ਸਾਡਾ ਬਣਦਾ ਸਤਿਕਾਰ ਕੀਤਾ। ਕਵਿਤਾ ਪਾਠ ਕਾਮਯਾਬ ਰਿਹਾ। ਮੈਨੂੰ ਪਹਿਲੀ ਵਾਰ ਕਵਿਤਾ ਪੜ੍ਹਨ ਦੇ 3100 ਰੁਪਏ ਮਿਲੇ। ਦਿਲ ਬਾਗ਼ੋ-ਬਾਗ਼ ਸੀ। ਸ਼ਾਮੀ ਫੇਰ ਗਲਾਸੀ, ਪੈੱਗ ਤੇ ਹਾਸਾ ਮਜ਼ਾਕ। ਸਵੇਰੇ ਦਿਲਬਰ ਸਾਹਿਬ ਨੇ ਸਿਰਸੇ ਤੇ ਮੈਂ ਅੰਬਾਲੇ ਦੀ ਬੱਸ ਫੜ੍ਹ ਲਈ। ਤਕਰੀਬਨ ਇਕ ਹਫ਼ਤੇ ਬਾਅਦ ਮੇਰੇ ਮਿੱਤਰ ਗੁਰਪਾਲ ਸਿੰਘ ਅਕਬਰਪੁਰ ਦਾ ਨਰਾਇਣਗੜ੍ਹ ਤੋਂ ਫ਼ੋਨ ਆਇਆ। ਟੀਚਰ-ਡੇ 'ਤੇ ਉਹ ਕੋਈ ਪ੍ਰੋਗਰਾਮ ਕਰਵਾਉਣਾ ਚਾਹੁੰਦੇ ਸੀ। ਮੈਂ ਹਰੀ ਸਿੰਘ ਦਿਲਬਰ ਜੀ ਦਾ ਜ਼ਿਕਰ ਕੀਤਾ ਤੇ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਹਾਂ ਹੋਣ ਤੇ ਅਗਲੇ ਦਿਨ ਮੈਂ ਦਿਲਬਰ ਜੀ ਦੇ ਪੋਤੇ ਸਰਜੀ ਦੇ ਮੋਬਾਇਲ 'ਤੇ ਤਾਰੀਖ਼ ਲਿਖਵਾ ਦਿੱਤੀ। ਪਹੁੰਚਣਾ ਤਾਂ ਅੰਬਾਲੇ 10 ਵਜੇ ਸੀ ਪਰ ਦਿਲਬਰ ਸਾਹਿਬ 7 ਵਜੇ ਹੀ ਅੰਬਾਲੇ ਪਹੁੰਚ ਗਏ। ਫੇਰ ਹਰ ਵਾਰ ਦੀ ਤਰ੍ਹਾਂ ਕਵਿਤਾ ਪਾਠ ਤੇ ਸ਼ਾਮ ਦੀ ਖੜ੍ਹ-ਮਸਤੀ। ਸਾਡੀ ਜੋੜੀ ਬਣ ਚੁੱਕੀ ਸੀ। ਮੈਂ ਇਕ ਗੱਲ ਦਿਲਬਰ ਸਾਹਿਬ ਨੂੰ ਜ਼ਰੂਰ ਪੁੱਛਣ ਲਗ ਪਿਆ ਸੀ ਕਿ ਬਾਬਾ ਜੀ ਤੁਸੀਂ ਸਿਰਸੇ ਤੋਂ ਤਾਂ ਠੀਕ-ਠਾਕ ਪਹੁੰਚ ਜਾਂਦੇ ਹੋ ਪਰ ਮੈਨੂੰ ਦੇਖਦਿਆਂ ਹੀ ਤੁਹਾਡੇ ਪੈਰਾਂ 'ਤੇ ਛਾਲੇ ਜਿਹੇ ਪੈ ਜਾਂਦੇ ਹਨ।

ਬਾਬਾ ਨੇ ਮੁਸਕਰੀ ਜਿਹੀ ਲੈ ਲੈਣੀ।

ਮੈਨੂੰ ਯਾਦ ਆਉਂਦਾ ਹੈ ਕਿ ਰਾਜਸਥਾਨ ਦੇ ਹਨੂੰਮਾਨਗੜ੍ਹ ਵਿਚਲਾ ਪ੍ਰੋਗਰਾਮ। ਪ੍ਰੋਗਰਾਮ ਤੋਂ ਪਹਿਲਾਂ ਦਿਲਬਰ ਜੀ ਦੀ ਤਬੀਅਤ ਖ਼ਰਾਬ ਹੋ ਗਈ। ਖ਼ੂਨ ਦੀਆਂ ਉਲਟੀਆਂ ਕਰਨ ਲੱਗ ਪਏ। ਆਯੋਜਕ ਤੇ ਮੈਂ ਘਬਰਾ ਗਏ। ਮੈਂ ਦਵਾਈ ਲੈਣ ਜਾਣ ਲੱਗਾ ਤਾਂ ਬਾਬਾ ਜੀ ਸੱਜੀ ਅੱਖ ਦੱਬ ਕੇ ਕਹਿਣ ਲੱਗੇ ਦਵਾਈ ਛੱਡ ਇਕ ਦਾਰੂ ਦਾ ਅਧੀਆ ਲੈ ਆ। ਗੱਲ ਸੱਚੀ ਨਿਕਲੀ ਪੈੱਗ ਲਾਉਣ ਤੋਂ ਬਾਅਦ ਬਾਬਾ ਦਿਲਬਰ ਫੇਰ ਜੋਸ਼ ਵਿਚ ਆ ਗਿਆ। ਪ੍ਰੋਗਰਾਮ ਦੇ ਹੀਰੋ ਬਣ ਗਏ ਸਨ ਜਨਾਬ ਹਰੀ ਸਿੰਘ ਦਿਲਬਰ ਸਾਹਿਬ। ਇੱਕ ਗੱਲ ਮੈਨੂੰ ਹੋਰ ਯਾਦ ਆ ਰਹੀ ਹੈ ਕਿ ਹਨੂੰਮਾਨਗੜ੍ਹ ਦੇ ਪ੍ਰੋਗਰਾਮ ਤੋਂ ਪਹਿਲਾਂ ਮੈਂ ਇਕ ਸ਼ਰਾਰਤ ਕੀਤੀ। ਬਾਬਾ ਦਿਲਬਰ ਦੀ ਦਾੜ੍ਹੀ ਕਾਲੀ ਕਰਵਾ ਦਿੱਤੀ। ਮੇਰਾ ਤੇ ਉਨ੍ਹਾਂ ਦਾ ਕੱਦ ਬਰਾਬਰ ਹੋਣ ਕਰਕੇ ਮੈਂ ਆਪਣੀ ਜੀਨ ਦੀ ਪੈਂਟ ਕਮੀਜ਼ ਤੇ ਨੀਲਾ ਕੋਟ ਪਵਾ ਦਿੱਤਾ। ਬਾਬਾ ਜੀ ਦਾ ਰੂਪ ਹੀ ਬਦਲ ਚੁੱਕਾ ਸੀ ਕਿਉਂਕਿ ਬਾਬਾ ਜੀ ਨਾ ਕਦੇ ਡਾਈ ਲਗਾਉਂਦੇ ਸੀ ਅਤੇ ਨਾ ਹੀ ਕਦੇ ਪੈਂਟ-ਕਮੀਜ਼ ਪਾਉਂਦੇ ਸੀ। ਇਕ ਵਾਰ ਤਾਂ ਆਯੋਜਕਾਂ ਨੂੰ ਵੀ ਪਛਾਣਨ ਵਿਚ ਪਰੇਸ਼ਾਨੀ ਆ ਗਈ ਸੀ। ਪ੍ਰੋਗਰਾਮ ਤੋਂ ਬਾਅਦ ਜਦੋਂ ਸਿਰਸੇ ਉਹ ਆਪਣੇ ਘਰ ਪਹੁੰਚੇ ਤਾਂ ਆਪਣੇ ਪੋਤੇ ਦੇ ਫ਼ੋਨ ਤੋਂ ਹੱਸ ਕੇ ਖ਼ੂਬ ਪ੍ਰਸ਼ਾਦ ਦਿੱਤਾ। ਵਾਕਿਆ ਹੀ ਹਾਸ-ਰਸ ਦੇ ਬਾਦਸ਼ਾਹ ਸੀ ਹਰੀ ਸਿੰਘ ਦਿਲਬਰ। ਮੈਂ ਐਸਾ ਪਹਿਲਾ ਕਵੀ ਦੇਖਿਆ ਤੇ ਮਾਣ ਕਰਦਾ ਹਾਂ ਜਿਨ੍ਹਾਂ ਨੂੰ ਪੰਜਾਬੀ ਕਵਿਤਾ ਪੜ੍ਹਨ ਲਈ ਹਿੰਦੀ ਦੇ ਅੰਤਰਰਾਸ਼ਟਰੀ ਕਵੀ-ਦਰਬਾਰਾਂ ਵਿੱਚ ਵੀ ਬੁਲਾਇਆ ਜਾਂਦਾ ਸੀ। ਦਿਲਬਰ ਸਾਹਿਬ ਨੇ ਆਯੋਜਕਾਂ ਅੱਗੇ ਇਕ ਨਵੀਂ ਸ਼ਰਤ ਵੀ ਰੱਖ ਦਿੱਤੀ ਕਿ ਮੈਂ ਤੁਹਾਡੇ ਪ੍ਰੋਗਰਾਮ ਵਿਚ ਤਾਂ ਆਵਾਂਗਾ ਜਦ ਤੁਸੀਂ ਜਗਜੀਤ ਸੂਫ਼ੀ ਨੂੰ ਵੀ ਬੁਲਾਓਗੇ। ਉਨ੍ਹਾਂ ਦੀ ਬਦੌਲਤ ਹੀ ਮੈਂ ਹਿੰਦੀ ਕਵਿਤਾ ਜਗਤ ਵਿਚ ਆਪਣੀ ਥਾਂ ਬਣਾ ਸਕਿਆ। ਯਾਦ ਹੈ ਮੈਨੂੰ ਐੱਮ.ਐੱਚ.ਵਨ ਚੈਨਲ ਦਾ ਗ੍ਰੇਟ ਪੰਜਾਬੀ ਕਾਮੇਡੀ ਕਮੇਟੀ ਜਿਸ ਦੀ ਉਪਜ ਅੱਜ ਦਾ ਕਪਿਲ ਸ਼ਰਮਾ ਵੀ ਹੈ। ਹਰੀ ਸਿੰਘ ਦਿਲਬਰ ਨੂੰ ਆਪਣੇ ਮਿੱਤਰ ਤੇ ਭਰਾ ਸੁਰਮੀਤ ਮਾਵੀ ਤੇ ਹਰਬੰਸ ਸਿੰਘ ਨਾਲ ਗੱਲ ਕਰਕੇ ਮੈਂ ਦਿਲਬਰ ਸਾਹਿਬ ਨੂੰ ਉੱਥੇ ਤਿੰਨ ਐਪੀਸੋਡ ਵਿਚ ਲੈ ਗਿਆ। ਮੈਨੂੰ ਫ਼ਖ਼ਰ ਹੈ ਕਿ ਦਿਲਬਰ ਸਾਹਿਬ ਦੀ ਸ਼ਹਿਨਸ਼ਾਹੀ ਉਸ ਪ੍ਰੋਗਰਾਮ ਵਿਚ ਚੜ੍ਹਦੀ ਕਲਾ ਵਿਚ ਰਹੀ।

ਜਿਵੇਂ ਕਿ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਦਿਲਬਰ ਸਾਹਿਬ ਸ਼ਾਮ ਵੇਲੇ ਦੇ ਸ਼ੌਕੀਨ ਸੀ। ਇੱਕ ਵਾਰੀ ਡਾਕਟਰਾਂ ਨੇ ਸ਼ਾਮ ਵੇਲਾ ਬੰਦ ਕਰਤਾ। ਦਿਲਬਰ ਸਾਹਿਬ ਨੂੰ ਬਾਬਾ ਰਾਮਦੇਵ ਦੀ ਕੰਪਨੀ ਦਾ ਗੌ-ਮੂਤਰ ਪੀਣ ਦੀ ਸਲਾਹ ਦਿੱਤੀ ਗਈ। ਉਨ੍ਹਾਂ ਦੀ ਦਿਲਦਾਰੀ ਵੇਖੋ ਸ਼ਰਾਬ ਦੀ ਜਗ੍ਹਾ ਉਹ ਡਾਕਟਰਾਂ ਦੀ ਸਲਾਹ ਨੂੰ ਅਹਾਤੇ ਵਿਚ ਜਾ ਕੇ ਪੂਰਾ ਕਰਦੇ। ਲਾਲ ਕਿਲ੍ਹੇ ਦੇ ਕਵੀ ਦਰਬਾਰ ਵਿਚ ਦਿਲਬਰ ਸਾਹਿਬ ਨਹਿਰੂ ਜੀ ਦੇ ਸਮੇਂ ਤੋਂ ਹਾਜ਼ਰ ਰਹੇ। ਮੇਰੀ ਵੀ ਚਾਰ ਵਾਰ ਲਾਲ ਕਿਲ੍ਹੇ ਦੇ ਕਵੀ ਦਰਬਾਰ ਵਿਚ ਹਾਜ਼ਰੀ ਲਗਵਾਉਣ ਵਾਲੇ ਹਰੀ ਸਿੰਘ ਦਿਲਬਰ ਹੀ ਸੀ। ਇਕ ਵਾਰ ਵਿਭਾਗੀ ਗ਼ਲਤੀ ਦੇ ਚੱਲਦਿਆਂ ਦਿਲਬਰ ਸਾਹਿਬ ਨੂੰ ਨਹੀਂ ਬੁਲਾਇਆ ਗਿਆ। ਦਿਲਬਰ ਸਾਹਿਬ ਪਰੇਸ਼ਾਨ, ਇਸੇ ਪਰੇਸ਼ਾਨੀ ਵਿਚ ਉਹ ਜ਼ਿੰਦਾ ਦਿਲ ਇਨਸਾਨ ਪ੍ਰੋਗਰਾਮ ਵਾਲੀ ਜਗ੍ਹਾ 'ਤੇ ਪਹੁੰਚ ਗਿਆ। ਉਨ੍ਹਾਂ ਨੂੰ ਦੇਖ ਕੇ ਦਰਸ਼ਕਾਂ ਨੇ ਦਿਲਬਰ-ਦਿਲਬਰ ਦਾ ਸ਼ੋਰ ਮਚਾ ਦਿੱਤਾ। ਵਿਭਾਗ ਨੇ ਮੰਚ ਤੋਂ ਆਪਣੀ ਗ਼ਲਤੀ ਕਬੂਲ ਕਰਦਿਆਂ ਹੋਇਆਂ ਕਵਿਤਾ ਪਾਠ ਕਰਵਾਇਆ। ਯਾਦ ਆਉਂਦਾ ਹੈ ਸਾਡੀ ਇਕੱਠੀ ਜੋੜੀ ਨੂੰ ਦੇਖ ਕੇ ਫ਼ਰੀਦਾਬਾਦ ਤੋਂ ਹਿੰਦੀ ਦੇ ਮਸ਼ਹੂਰ ਕਵੀ ਦਿਨੇਸ਼ ਰਘੂਵੰਸ਼ੀ ਜੀ ਨੇ ਸਾਨੂੰ ਸ਼ੁੱਕਰ-ਸ਼ਨੀ ਦੀ ਜੋੜੀ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਪਟਿਆਲਾ ਯੂਨੀਵਰਸਿਟੀ ਵਿਚ ਇਕ ਪ੍ਰੋਗਰਾਮ ਕਰਵਾਇਆ ਗਿਆ ਸੀ 'ਦਿਲਬਰ ਦੀ ਬਾਰਾਤ।' ਕਿਸੇ

ਅਕਾਦਮੀ ਦੇ ਸਾਬਕਾ ਡਾਇਰੈਕਟਰ ਸਾਹਿਬ ਨੇ ਫੇਸ ਬੁੱਕ 'ਤੇ ਇਸ ਪ੍ਰੋਗਰਾਮ ਦੀਆਂ ਫ਼ੋਟੋਆਂ ਪਾ ਕੇ ਇਹ ਲਿਖ ਦਿੱਤਾ ਕਿ ਮੇਰੇ ਸਾਥੀ ਕਲਾਕਾਰ ਮੇਰੇ ਨਾਲ। ਅੱਜ ਵੀ ਹਾਸਾ ਆ ਜਾਂਦਾ ਹੈ। ਜੋ ਲਾਹ-ਪਾਹ ਦਿਲਬਰ ਜੀ ਨੇ ਉਸ ਅਕਾਦਮੀ ਦੇ ਡਾਇਰੈਕਟਰ ਦੀ ਕੀਤੀ ਸੀ। ਇਸੇ ਤਰ੍ਹਾਂ ਹੀ ਸ਼ਰਾਈਨ ਬੋਰਡ ਵੈਸ਼ਨੋ ਦੇਵੀ ਦਰਬਾਰ ਵੱਲੋਂ ਕਰਵਾਏ ਜਾਂਦੇ ਕਵੀ ਦਰਬਾਰ ਵਿਚ ਇਕ ਕਵਿੱਤਰੀ ਜੋ ਦਿਲਬਰ ਸਾਹਿਬ ਦੇ ਸੁਭਾਅ ਤੋਂ ਅਨਜਾਣ ਸੀ ਦਿਲਬਰ ਸਾਹਿਬ ਦੀ ਕਵਿਤਾ 'ਕਬੂਤਰੀ' ਉਨ੍ਹਾਂ ਦੇ ਸਾਹਮਣੇ ਆਪਣਾ ਨਾਮ ਲੈ ਕੇ ਪੜ੍ਹ ਗਈ। ਦਿਲਬਰ ਸਾਹਿਬ ਦਾ ਗ਼ੁੱਸਾ ਸੱਤਵੇਂ ਆਸਮਾਨ 'ਤੇ ਸੀ।

ਦਿਲਬਰ ਜੀ ਦੇ ਅੰਗ-ਸੰਗ ਵਿਚਰਦਿਆਂ ਕਈ ਵਾਰੀ ਮੇਰੀ ਤੇ ਉਨ੍ਹਾਂ ਦੀ ਅਜਿਹੀ ਝੜਪ ਵੀ ਹੋ ਜਾਂਦੀ ਕਿ ਦੇਖਣ ਵਾਲਾ ਡਰ ਜਾਂਦਾ। ਜੰਮੂ ਦਾ ਇੱਕ ਪ੍ਰੋਗਰਾਮ, ਉੱਥੇ ਮੁਸ਼ਕਿਲ ਇਹ ਆਈ ਕਿ ਟਰੇਨ 'ਤੇ ਚੜ੍ਹਨਾ ਉਨ੍ਹਾਂ ਲਈ ਔਖਾ ਸੀ। ਅਸੀਂ ਸ਼ਾਮ ਦੇ ਅਸਰ ਹੇਠ ਆਪਸ ਵਿਚ ਲੜ ਪਏ। ਮੈਂ ਦਿਲਬਰ ਸਾਹਿਬ ਨੂੰ ਲੁਧਿਆਣੇ ਰੇਲਵੇ ਸਟੇਸ਼ਨ 'ਤੇ ਹੀ ਉਤਾਰ ਦਿੱਤਾ। ਸਵੇਰੇ ਜਦੋਂ ਉਨ੍ਹਾਂ ਦੇ ਪੋਤੇ ਨੂੰ ਫ਼ੋਨ ਕੀਤਾ ਦਿਲਬਰ ਸਾਹਿਬ ਘਰ ਨਹੀਂ ਪਹੁੰਚੇ ਸੀ। ਮੇਰੀ ਘਬਰਾਹਟ ਵਾਜ਼ਬ ਸੀ। ਦੋ-ਤਿੰਨ ਘੰਟੇ ਬਾਅਦ ਦਿਲਬਰ ਬਾਬੇ ਦਾ ਫ਼ੋਨ ਆਇਆ ਉਹੀ ਠਹਾਕੇ, ਸਭ ਟੈਨਸ਼ਨ ਖ਼ਤਮ। ਇਕ ਵਾਰ ਸ਼ਾਮ ਦਾ ਅਸਰ ਵੱਧ ਹੋਣ ਕਰਕੇ ਦਿਲਬਰ ਸਾਹਿਬ ਨੇ ਮੇਰੇ ਘਰੇ ਅੰਬਾਲੇ ਰੋਟੀ ਖਾਣ ਤੋਂ ਬਾਅਦ ਬਰਤਨ ਵਗਾ ਕੇ ਮਾਰੇ। ਸਾਰੇ ਘਰ ਦੇ ਨਾਰਾਜ਼, ਮੈਂ ਵੀ ਅਗਲੀ ਵਾਰ ਤੋਂ ਉਨ੍ਹਾਂ ਨੂੰ ਘਰ ਲਿਆਉਣ ਦੀ ਬਜਾਏ ਹੋਟਲ ਵਿਚ ਰੱਖਣਾ ਸ਼ੁਰੂ ਕਰ ਦਿੱਤਾ। ਇੱਕ ਪ੍ਰੋਗਰਾਮ ਆਇਆ ਡੇਰਾਬੱਸੀ ਪੰਜਾਬ ਦਾ ਪੇਮੈਂਟ ਵੀ ਚੰਗੀ ਸੀ ਪਰ ਰੱਬ ਦਾ ਭਾਣਾ ਵਾਪਰਿਆ, ਜਿਸ ਦਿਨ ਪ੍ਰੋਗਰਾਮ ਸੀ ਇਕ ਦਿਨ ਪਹਿਲਾਂ ਉਨ੍ਹਾਂ ਦੇ ਬੇਟੇ ਦਾ ਇੰਤਕਾਲ ਹੋ ਗਿਆ। ਦਿਲਬਰ ਸਾਹਿਬ ਦੀ ਮਾਯੂਸੀ ਦੇਖੀ ਨਹੀਂ ਜਾਂਦੀ ਸੀ। ਹਰਿਆਣਾ ਸਰਕਾਰ ਵੱਲੋਂ ਪੰਚਕੂਲਾ ਇੰਦਰਧਨੁਸ਼ ਸਟੇਡੀਅਮ ਦਾ ਪ੍ਰੋਗਰਾਮ ਤਿੰਨ ਦਿਨ ਹੋਟਲ ਵਿਚ ਮੇਰੇ ਨਾਲ ਰਹੇ ਦਿਲਬਰ ਸਾਹਿਬ। ਗਿੱਲੀਆਂ ਅੱਖਾਂ ਨਾਲ ਇਕ ਸ਼ੇਅਰ ਸੁਣਾਇਆ "ਜਦੋਂ ਤੋਂ ਜ਼ੇਬ ਵਿਚੋਂ ਪੈਸੇ ਕੱਢਣ ਵਾਲਾ ਤੁਰ ਗਿਆ, ਰੁਪਏ-ਰੁਪਏ ਨੂੰ ਤਰਸ ਗਏ ਹਾਂ।" ਪਚਾਸੀ-ਛਿਆਸੀ ਸਾਲ ਦੀ ਉਮਰ ਵਿਚ ਦਿਲਬਰ ਸਾਹਿਬ ਅਕਸਰ ਕਿਹਾ ਕਰਦੇ ਸੀ, ਮੇਰੀ ਜੀਵਨ ਰੇਖਾ ਦੱਸਦੀ ਹੈ ਕਿ ਮੈਂ 105 ਸਾਲ ਜੀਵਾਂਗਾ। ਇਕ ਦਿਨ ਅਚਾਨਕ ਉਨ੍ਹਾਂ ਦੇ ਪੋਤੇ ਦਾ ਫ਼ੋਨ ਆਇਆ ਕਿ ਬਾਬਾ ਜੀ ਨਹੀਂ ਰਹੇ। ਬਾਬਾ ਜੀ ਦੀ ਭਵਿੱਖਬਾਣੀ ਝੂਠੀ ਪੈ ਚੁੱਕੀ ਸੀ। ਤੁਸੀਂ ਸਮਝ ਸਕਦੇ ਹੋ ਮੇਰੇ ਹਾਲਾਤ, ਚਲ ਚਿੱਤਰ ਦੀ ਤਰ੍ਹਾਂ ਚਲ ਪਿਆ ਸਭ ਕੁੱਝ। ਨਹੀਂ ਮੁੜ ਆਉਣਾ ਦਿਲਬਰ ਹਲਵਾਈ ਜੀ ਨੇ ਅਲਵਿਦਾ.. ਅਲਵਿਦਾ... ਅਲਵਿਦਾ...।

#1, ਬੀ.ਸੀ. ਬਾਜ਼ਾਰ,
ਅੰਬਾਲਾ, ਹਰਿਆਣਾ।
94161-45999

**ਜਦੋਂ ਤਕ ਦੇਸ਼ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਸਾਂਝੀ ਯੋਗਤਾ ਨਹੀਂ ਉਪਜਦੀ ਸਾਡੀਆਂ ਆਪਣੀਆਂ ਸਮੱਸਿਆਵਾਂ ਵੀ ਹੱਲ ਨਹੀਂ ਹੋਣਗੀਆਂ।**

**ਨਰਿੰਦਰ ਸਿੰਘ ਕਪੂਰ**

# ਭੀੜ 'ਚ ਇਕੱਲਾ ਹੁੰਦਾ ਮਨੁੱਖ



ਡਾ. ਨਿਸ਼ਾਨ ਸਿੰਘ ਰਾਠੌਰ

ਅੱਜ ਜਿੱਧਰ ਵੀ ਨਜ਼ਰ ਜਾਂਦੀ ਹੈ ਲੋਕਾਂ ਦੀ ਭੀੜ ਹੀ ਨਜ਼ਰ ਆਉਂਦੀ ਹੈ। ਉਹ ਚਾਹੇ ਰੇਲਵੇ ਸਟੇਸ਼ਨ ਹੋਵੇ, ਹਸਪਤਾਲ ਹੋਵੇ ਜਾਂ ਫਿਰ ਕੋਈ ਹੋਰ ਪਬਲਿਕ ਜਗ੍ਹਾ। ਹਰ ਥਾਂ ਲੋਕਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਦਾ ਹੈ। ਪਰ! ਫਿਰ ਵੀ ਅੱਜ ਦਾ ਮਨੁੱਖ ਇਕਲਾਪੇ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਲੋਕਾਂ ਦੀ ਭੀੜ ਵਿਚ ਵੀ ਮਨੁੱਖ ਇਕੱਲਾ ਨਜ਼ਰ ਆਉਂਦਾ ਹੈ। ਬੱਸ ਵਿਚ ਸਫ਼ਰ ਕਰ ਰਿਹਾ ਮੁਸਾਫ਼ਰ ਸੈਂਕੜੇ ਕਿਲੋਮੀਟਰ ਪੈਂਡਾ ਤਹਿ ਕਰਕੇ ਆਪਣੀ ਮੰਜ਼ਿਲ 'ਤੇ ਉਤਰ ਜਾਂਦਾ ਹੈ ਪਰ! ਉਸ ਨੂੰ ਆਪਣੇ ਨਾਲ ਬੈਠੇ ਮੁਸਾਫ਼ਰ ਵੱਲ ਝਾਕਣ ਦਾ ਵਕਤ ਵੀ ਨਹੀਂ ਹੁੰਦਾ।

ਇਹ ਸਭ ਸਮਾਰਟ ਫ਼ੋਨ ਦੇ ਅੰਨ੍ਹੇਵਾਹ ਇਸਤੇਮਾਲ ਕਰਕੇ ਹੋ ਰਿਹਾ ਹੈ। ਹਰ ਬੰਦਾ ਆਪਣੀ ਕਲਪਨਾ ਦੀ ਦੁਨੀਆਂ ਵਿਚ ਗੁਆਚਿਆ ਹੋਇਆ ਹੈ। ਖ਼ਬਰੇ! ਇਸੇ ਕਰਕੇ ਅੱਜ ਦਾ ਦੌਰ ਮਾਨਸਿਕ ਪਰੇਸ਼ਾਨੀ ਦਾ ਦੌਰ ਹੈ। ਨਿੱਕੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦੇ ਬਜ਼ੁਰਗਾਂ ਤੱਕ ਮਾਨਸਿਕ ਰੋਗਾਂ ਦੀ ਚਪੇਟ ਵਿਚ ਆ ਰਹੇ ਹਨ। ਅਸਲ ਵਿਚ ਬੰਦਾ ਆਪਣੇ ਮਨ ਦੀ ਗੱਲ ਕਿਸੇ ਹੋਰ ਨਾਲ ਸਾਂਝੀ ਨਹੀਂ ਕਰਨਾ ਚਾਹੁੰਦਾ। ਉਹ ਸੋਸ਼ਲ-ਮੀਡੀਆ ਉੱਪਰ ਆਪਣੇ ਚਾਹੁਣ ਵਾਲੇ ਲੱਭਦਾ ਹੈ। ਕਾਫ਼ੀ ਹੱਦ ਤੱਕ ਲੋਕਾਂ ਨੂੰ ਇਸ ਕਾਰਜ ਵਿਚ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਦੋਸਤਾਂ-ਮਿੱਤਰਾਂ ਦੀ ਗੱਲ ਤਾਂ ਬਹੁਤ ਦੂਰ ਹੈ ਅੱਜ ਦਾ ਨੌਜਵਾਨ ਵਰਗ ਆਪਣੇ ਘਰ ਦੇ ਮੈਂਬਰਾਂ ਨਾਲ ਖੁੱਲ੍ਹ ਕੇ ਗੱਲ ਕਰਨ ਤੋਂ ਸੰਕੋਚ ਕਰਨ ਲੱਗਾ ਹੈ। ਘਰ ਦੇ ਸਾਰੇ ਮੈਂਬਰ ਇੱਕ ਥਾਂ 'ਤੇ ਬੈਠ ਕੇ ਗੱਲਬਾਤ ਹੀ ਨਹੀਂ ਕਰਦੇ। ਹਰ ਮੈਂਬਰ ਦਾ ਵੱਖਰਾ ਕਮਰਾ ਹੈ ਅਤੇ ਵੱਖਰਾ ਹੀ ਰਹਿਣ-ਸਹਿਣ। ਇਸੇ ਕਰਕੇ ਖੁਦਕੁਸ਼ੀਆਂ ਦੀ ਗਿਣਤੀ ਹਰ ਵਰ੍ਹੇ ਵਧਦੀ ਹੀ ਜਾ ਰਹੀ ਹੈ।

ਅਸਲ ਵਿਚ ਇਕਲਾਪਾ ਸਾਡੀ ਭਾਰਤੀ ਸਭਿਅਤਾ ਦਾ ਹਿੱਸਾ ਨਹੀਂ ਹੈ। ਇੱਥੇ ਭਾਰਤੀ ਸਭਿਅਤਾ ਤੋਂ ਭਾਵ ਕਿਸੇ ਵਿਸ਼ੇਸ਼ ਧਰਮ ਜਾਂ ਜਾਤ ਤੋਂ ਨਹੀਂ ਬਲਕਿ ਸਮੁੱਚੀ ਮਨੁੱਖਤਾ ਤੋਂ ਹੈ। ਭਾਰਤੀ ਸਭਿਅਤਾ ਸਦੀਆਂ ਤੋਂ ਸਮੂਹ ਵਿਚ ਰਹਿਣ ਦੀ ਰਹੀ ਹੈ। ਆਦਿ ਕਾਲ ਤੋਂ ਹੀ ਮਨੁੱਖ ਸ਼ਿਕਾਰ ਆਦਿਕ ਖੇਡਣ ਲਈ ਸਮੂਹ 'ਚ ਜਾਂਦਾ ਅਤੇ ਰਹਿੰਦਾ ਸੀ। ਪਰ ਸਹਿਜੇ-ਸਹਿਜੇ ਇਹ ਸਮੂਹ ਬਿਖਰਦਾ ਗਿਆ ਅਤੇ ਪੱਛਮੀ ਪ੍ਰਭਾਵ ਕਰਕੇ ਸਾਡੇ ਸਾਂਝੇ ਪਰਿਵਾਰ ਟੁੱਟਣ ਲੱਗੇ। ਅੱਜ ਦਾ ਦੌਰ ਬਿਲਕੁਲ ਵੱਖਰਾ ਹੋ ਗਿਆ ਹੈ। ਬੱਚੇ ਮਾਂ-ਬਾਪ ਨਾਲ ਨਹੀਂ ਰਹਿਣਾ ਚਾਹੁੰਦੇ ਅਤੇ ਮਾਂ-ਬਾਪ ਬੱਚਿਆਂ ਨਾਲ।

ਇਹਨਾਂ ਪਰਿਵਾਰਿਕ ਦੂਰੀਆਂ ਕਰਕੇ ਮਨੁੱਖ ਕਲਪਨਾ ਦੇ ਸੰਸਾਰ ਵਿਚ ਗੁਆਚ ਗਿਆ। ਇਹ ਕਲਪਨਾ ਦੀ ਦੁਨੀਆਂ ਦਾ ਸਭ ਤੋਂ ਵੱਡਾ ਸਾਧਨ ਸਮਾਰਟ ਫ਼ੋਨ ਬਣ ਗਿਆ ਹੈ। ਸਮਾਰਟ ਫ਼ੋਨ ਵਿਚ ਗੁਆਚਿਆ ਮਨੁੱਖ ਆਪਣੇ ਆਲੇ-ਦੁਆਲੇ ਨੂੰ ਉੱਕਾ ਹੀ ਭੁੱਲ ਜਾਂਦਾ ਹੈ। ਉਹ ਇੰਨਾ ਇਕੱਲਾ ਹੋ ਜਾਂਦਾ ਹੈ ਕਿ ਹਜ਼ਾਰਾਂ ਲੋਕਾਂ ਦੀ ਭੀੜ ਵੀ ਉਸ ਨੂੰ ਨਜ਼ਰ ਨਹੀਂ ਆਉਂਦੀ। ਉਹ ਕਿਸੇ ਨਾਲ ਵੀ ਗੱਲ ਕਰਕੇ ਖ਼ੁਸ਼ ਨਹੀਂ ਹੁੰਦਾ। ਮਨੋਵਿਗਿਆਨੀਆਂ ਕੋਲ ਅਜਿਹੇ ਲੋਕਾਂ ਦੇ ਹਜ਼ਾਰਾਂ ਕੇਸ ਆ ਰਹੇ ਹਨ ਜਿਹੜੇ ਸਮਾਰਟ ਫ਼ੋਨ ਦੀ ਆਦਤ ਕਰਕੇ ਮਾਨਸਿਕ ਰੋਗੀ ਬਣ ਗਏ ਹਨ। ਇਹਨਾਂ ਰੋਗੀਆਂ ਵਿਚ ਨਵੀਂ ਉਮਰ ਦੇ ਬੱਚੇ-ਬੱਚੀਆਂ ਵੱਡੀ ਗਿਣਤੀ ਵਿਚ ਹਨ। ਇਹ ਬਹੁਤ ਮੰਦਭਾਗੀ ਗੱਲ ਹੈ। ਇਸ ਤੋਂ ਬਚਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਚੰਦ ਕੁ ਨੁਕਤੇ ਦੱਸੇ ਜਾ ਰਹੇ ਹਨ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਰਨ ਦੀ ਲੋੜ ਹੈ।

ਸਮਾਰਟ ਫ਼ੋਨ ਚਲਾਉਣ ਦਾ ਸਮਾਂ ਨਿਸ਼ਚਿਤ ਕਰਨਾ

ਚਾਹੀਦਾ ਹੈ। ਦਿਨ ਵਿਚ ਦੋ ਘੰਟੇ ਜਾਂ ਇਸ ਤੋਂ ਘੱਟ। ਆਪਣੇ ਸ਼ੌਕ ਨੂੰ ਸਮਾਂ ਦਿਓ। ਮਸਲਨ ਬਾਗ਼ਬਾਨੀ ਕਰੋ, ਖੇਡੋ, ਸੈਰ ਕਰੋ ਜਾਂ ਫਿਰ ਕਸਰਤ ਕਰੋ। ਪਰਿਵਾਰਿਕ ਮੈਂਬਰਾਂ ਨਾਲ ਕੁਝ ਸਮਾਂ ਬਿਤਾਓ। ਦੋਸਤਾਂ-ਮਿੱਤਰਾਂ ਨੂੰ ਵਕਤ ਦਿਓ। ਹਸਪਤਾਲਾਂ, ਅਨਾਥ ਆਸ਼ਰਮਾਂ ਅਤੇ ਬਿਰਧ ਆਸ਼ਰਮਾਂ ਵਿਚ ਰਹਿ ਰਹੇ ਲੋਕਾਂ ਨਾਲ ਮੁਲਾਕਾਤ ਕਰੋ। ਉਹਨਾਂ ਦੀ ਜ਼ਿੰਦਗੀ ਨੂੰ ਜਾਣੋ ਅਤੇ ਸਮਝੋ। ਕੁਝ ਦਿਨ ਜਾਂ ਕੁਝ ਘੰਟੇ ਬਿਨਾਂ ਸਮਾਰਟ ਫ਼ੋਨ ਤੋਂ ਰਹਿਣ ਦਾ ਯਤਨ ਕਰੋ। ਇੰਟਰਨੈੱਟ ਤੋਂ ਬਿਨਾਂ ਰਹਿਣ ਦਾ ਅਭਿਆਸ ਕਰੋ। ਕਲਪਨਾ ਦੀ ਦੁਨੀਆਂ ਤੋਂ ਬਾਹਰ ਆਉਣ ਲਈ ਅਸਲ ਦੁਨੀਆਂ ਨਾਲ ਰਾਬਤਾ ਕਾਇਮ ਕਰੋ। ਅਖ਼ਬਾਰ, ਮੈਗਜ਼ੀਨ ਅਤੇ ਹੋਰ ਪੁਸਤਕਾਂ ਪੜ੍ਹੋ। ਯਾਤਰਾ ਲਈ ਨਿਕਲੋ। ਸਾਈਕਲ ਚਲਾਓ।

ਇਸ ਤਰ੍ਹਾਂ ਹੋਰ ਵੀ ਬਹੁਤ ਕੁਝ ਕੀਤਾ ਜਾ ਸਕਦਾ ਹੈ। ਜਿਸ ਨਾਲ ਕੁਝ ਵਕਤ ਲਈ ਅਸੀਂ ਕਲਪਨਾ ਦੀ ਦੁਨੀਆਂ ਤੋਂ ਬਾਹਰ ਆ ਸਕਦੇ ਹਾਂ। ਇਸ ਨਾਲ ਕੁਝ ਚਿਰ ਪਰੇਸ਼ਾਨੀ ਆਵੇਗੀ ਪਰੰਤੂ ਸਹਿਜੇ-ਸਹਿਜੇ ਇਸ ਦੀ ਆਦਤ ਬਣ ਜਾਵੇਗੀ। ਇਸ ਨਾਲ ਬਹੁਤ ਸਾਰੀਆਂ ਮਾਨਸਿਕ ਪਰੇਸ਼ਾਨੀਆਂ ਖ਼ੁਦ ਹੀ ਦੂਰ ਹੋਣੀਆਂ ਸ਼ੁਰੂ ਹੋ ਜਾਣਗੀਆਂ।

# 1054/1, ਵਾਰਡ ਨੰ. 15- ਏ,
ਭਗਵਾਨ ਨਗਰ ਕਾਲੋਨੀ, ਪਿੱਪਲੀ, ਕੁਰੂਕਸ਼ੇਤਰ।
90414-98009

---



## ਤੇਰਾ ਹੀ ਤੇਰਾ

ਕ੍ਰਿਸ਼ਨ ਅਵਤਾਰ ਸੂਰੀ

ਇਹ ਫੁੱਲ, ਪੱਤੇ ਅਤੇ ਖ਼ਾਰ ਤੇਰੇ ਨੇ।
ਇਹ ਮੌਸਮੀ ਖਿਜ਼ਾਂ ਤੇ ਬਹਾਰ ਤੇਰੇ ਨੇ।

ਤੇਰੇ ਇਸ਼ਾਰੇ ’ਤੇ ਹੀ ਚਲ ਰਹੇ ਨੇ ਸਭ
ਚੰਨ, ਤਾਰੇ, ਰੌਸ਼ਨੀ, ਅੰਧਕਾਰ ਤੇਰੇ ਨੇ।

ਤੇਰੇ ਹੀ ਤਾਂ ਇਹ ਰੂਪ ਰੰਗ ਨੇ ਸਾਰੇ
ਫੁੱਲਾਂ ਦੇ ਰੰਗ, ਖ਼ੁਸ਼ਬੂ, ਖ਼ੁਮਾਰ ਤੇਰੇ ਨੇ।

ਇਹ ਧਰਤ, ਅਕਾਸ਼, ਪਰਬਤ ਨਦੀਆਂ
ਕੁਦਰਤ ਦੇ ਸੋਹਣੇ ਆਬਸ਼ਾਰ ਤੇਰੇ ਨੇ।

ਤੇਰੀ ਹੀ ਸ਼ਤਰੰਜ ਦੇ ਮੋਹਰੇ ਨੇ ਸਾਰੇ
ਵਜ਼ੀਰ, ਬਾਦਸ਼ਾਹ, ਘੋੜਸਵਾਰ ਤੇਰੇ ਨੇ।

ਤੂੰ ਹੀ ਨਚਾ ਰਿਹਾ ਹੈ ਏਥੇ ਸਭ ਨੂੰ
ਦੁਨੀਆਂ ਦੇ ਸਾਰੇ ਕਿਰਦਾਰ ਤੇਰੇ ਨੇ।

ਬਣਿਆ ਕਦੇ ਰਾਮ ਤੇ ਰਹੀਮ ਤੂੰ ਹੀ
ਸਾਰੇ ਪੈਗ਼ੰਬਰ ਤੇ ਅਵਤਾਰ ਤੇਰੇ ਨੇ।

ਤੂੰ ਹੀ ਬਖ਼ਸ਼ੀ ਇੱਜ਼ਤ ਮੇਰੇ ਗੀਤਾਂ ਨੂੰ
ਸੋਚ ਤੇ ਸ਼ਬਦਾਂ ਦੇ ਭੰਡਾਰ ਤੇਰੇ ਨੇ।

ਮਕਾਨ ਨੰ. 35-ਬੀ,
ਮਤੀ ਦਾਸ ਨਗਰ, ਅੰਬਾਲਾ ਕੈਂਟ
82952-93110

**ਫੈਸਲਾ ਕਰਨਾ ਸਭ ਤੋਂ ਔਖਾ ਕੰਮ ਹੈ
ਪਰ ਸਭ ਤੋਂ ਅਹਿਮ ਕੰਮ ਹੈ।**
**ਨਪੋਲੀਅਨ ਬੋਨਾਪਾਰਟ**

# ਪੁਸਤਕਾਂ ਦੀ ਦੁਨੀਆਂ



ਪ੍ਰਕਾਸ਼ ਸਿੰਘ ਗਿੱਲ

ਪੁਸਤਕਾਂ ਦੀ ਦੁਨੀਆਂ ਬੜੀ ਦਿਲਚਸਪ ਤੇ ਨਿਰਾਲੀ ਹੈ। ਇਹ ਹਰ ਰਸ ਤੇ ਸੁਆਦ ਦੇਂਦੀ ਹੈ। ਇਸ ਦੁਨੀਆ ਵਿਚ ਪ੍ਰਵੇਸ਼ ਕਰਨ ਵਾਲਾ ਮਨੁੱਖ ਬੜਾ ਗਿਆਨਵਾਨ ਹੋ ਕੇ ਨਿਕਲਦਾ ਹੈ। ਪੁਸਤਕ ਨੂੰ ਆਮ ਤੌਰ ’ਤੇ ਕਿਤਾਬ, ਪੋਥੀ, ਗ੍ਰੰਥ ਆਦਿ ਕਿਹਾ ਜਾਂਦਾ ਹੈ। ਵਿਸ਼ਵ ਦੀ ਸਭ ਤੋਂ ਪੁਰਾਣੀ ਕਾਵਿ-ਰਚਨਾ ਰਿਗਵੇਦ ਹੈ। ਇਸ ਦੀ ਮਹਾਨਤਾ ਇਤਨੀ ਹੈ ਕਿ ਇਹ ਅੱਜ ਵੀ ਹਿੰਦੂ ਧਰਮ ਦਾ ਪੂਜਨੀਕ ਗ੍ਰੰਥ ਹੈ। ਪਹਿਲਾਂ ਪੁਸਤਕਾਂ ਲਿਖੀਆਂ ਨਹੀਂ ਸਨ ਜਾਂਦੀਆਂ, ਕੇਵਲ ਕੰਠ ਕੀਤੀਆਂ ਜਾਂਦੀਆਂ ਸਨ। ਇਸ ਦਾ ਮੁੱਖ ਕਾਰਨ ਕਾਗ਼ਜ਼, ਕਲਮ, ਦਵਾਤ ਦੀ ਅਣਹੋਂਦ ਸੀ। ਜਦੋਂ ਲਿਖਣ ਦੀ ਸਹੂਲਤ ਮਿਲੀ ਤਾਂ ਪਹਿਲਾਂ ਭੋਜ ਪੱਤਰਾਂ, ਪੱਥਰਾਂ ਆਦਿ ’ਤੇ ਲਿਖਿਆ ਜਾਣ ਲੱਗਾ।

**ਪੁਸਤਕਾਂ ਲਿਖਣ ਦਾ ਕਿੱਤਾ:**

ਛਾਪੇਖ਼ਾਨੇ ਤੋਂ ਪਹਿਲਾਂ ਪੁਸਤਕਾਂ ਲਿਖਣਾ ਇਕ ਕਿੱਤਾ ਸੀ, ਹੁਨਰ ਸੀ। ਇਸ ਦੇ ਮਾਹਿਰ ਬੜੇ ਤਰੀਕੇ ਨਾਲ ਘੜੀ ਗਈ ਕਲਮ ਨਾਲ ਬੜਾ ਸੋਹਣਾ ਲਿਖਦੇ ਸਨ। ਲੋੜ ਅਤੇ ਸਮਰੱਥਾ ਅਨੁਸਾਰ, ਉਸ ਦੀ ਨਕਲ ਕਰ ਲਈ ਜਾਂਦੀ ਸੀ। ਕੁਝ ਪੁਸਤਕਾਂ ਨੂੰ ਪਵਿੱਤਰਤਾ ਦਾ ਦਰਜਾ ਹਾਸਲ ਸੀ, ਇਨ੍ਹਾਂ ਨੂੰ ਕਿਤਾਬ ਮੁਕੱਦਸ ਕਿਹਾ ਜਾਂਦਾ ਸੀ। ਅਜਿਹੀਆਂ ਰਚਨਾਵਾਂ ਵਿਚ ਧਰਮ ਗ੍ਰੰਥ ਹੀ ਸ਼ਾਮਲ ਸਨ ਜਿਵੇਂ : ਵੇਦ, ਸ਼ਾਸਤਰ, ਅੰਜੀਲ, ਕੁਰਾਨ, ਸ੍ਰੀ ਆਦਿ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਆਦਿ। ਗੁਰੂ ਅਰਜਨ ਸਾਹਿਬ ਨੇ ਇਸ ਦੀ ਪਵਿੱਤਰਤਾ ਉੱਤੇ ਮੁਹਰ ਲਾਉਂਦਿਆਂ ਹੀ ਲਿਖਿਆ ਹੈ, ‘ਪੋਥੀ ਪਰਮੇਸ਼ਰ ਕਾ ਥਾਨ’।

**ਪੁਸਤਕ-ਜਗਤ ਵਿਚ ਕ੍ਰਾਂਤੀ:**

ਪ੍ਰੈੱਸ ਦੀ ਕਾਢ ਨੇ ਪੁਸਤਕਾਂ ਆਮ ਪਾਠਕਾਂ ਦੇ ਹੱਥਾਂ ਵਿਚ ਪਹੁੰਚਾ ਦਿੱਤੀਆਂ, ਨਹੀਂ ਤਾਂ ਇਸ ਦੀ ਲਿਖਾਈ ਦਾ ਮੁੱਲ ਤਾਰਨ ਵਾਲਾ ਹੀ ਇਸ ਨੂੰ ਲੈ ਸਕਦਾ ਸੀ। ਸਾਡੀਆਂ ਵੱਡੀਆਂ ਪੁਰਾਣੀਆਂ ਲਾਇਬ੍ਰੇਰੀਆਂ ਵਿਚ ਕਈ ਹੱਥ ਲਿਖਤਾਂ ਸੁਰੱਖਿਅਤ ਪਈਆਂ ਹਨ। ਛਾਪੇਖ਼ਾਨੇ ਨੇ ਪੁਸਤਕ-ਜਗਤ ਵਿਚ ਕ੍ਰਾਂਤੀ ਲੈ ਆਂਦੀ। ਇਸ ਨਾਲ ਪੁਸਤਕਾਂ ਜਨ-ਸਾਧਾਰਨ ਤੱਕ ਪਹੁੰਚਣ ਲੱਗੀਆਂ। ਭਾਵੇਂ, ਇਹ ਬਿਲਕੁਲ ਸਸਤੀਆਂ ਨਹੀਂ ਸਨ ਪਰ ਇਸ ਨੇ ਪਾਠਕ ਵਰਗ ਦਾ ਘੇਰਾ ਵਧਾਇਆ। ਇਹ ਦੇਸ਼ ਵਿਚ ਹੀ ਨਹੀਂ, ਵਿਦੇਸ਼ਾਂ ਵਿਚ ਵੀ ਪਹੁੰਚੀਆਂ। ਘਰਾਂ ਵਿਚ ਜਿਨ੍ਹਾਂ ਕਥਾ-ਕਹਾਣੀਆਂ, ਸਾਖੀਆਂ ਨਾਲ ਸਮਾਂ ਲੰਘਦਾ ਸੀ, ਉਸ ਨਾਲ ਪੜ੍ਹਨ-ਸੁਣਨ ਦਾ ਰੁਝਾਨ ਵਧਿਆ।

**ਵੱਖ-ਵੱਖ ਵਿਧਾਵਾਂ ਵਿਚ ਪੁਸਤਕਾਂ ਲਿਖਣਾ:**

ਪੁਸਤਕਾਂ, ਵਿਦਿਆਰਥੀਆਂ ਦੇ ਨੇੜੇ ਹੋ ਗਈਆਂ। ਉਹ ਪਾਠ-ਪੁਸਤਕਾਂ ਰਾਹੀਂ ਇਸ ਦਾ ਲਾਭ ਉਠਾਉਣ ਲੱਗੇ। ਲੋੜ ਅਨੁਸਾਰ ਹਰ ਇਕ ਦੀ ਨਿੱਜੀ ਪਾਠ-ਪੁਸਤਕ ਹੁੰਦੀ ਸੀ, ਉਸ ਨੂੰ ਘਰ ਵੀ ਪੜ੍ਹਿਆ ਜਾ ਸਕਦਾ ਸੀ। ਪੁਸਤਕਾਂ ਨੇ ਲੇਖਕ-ਵਰਗ ਨੂੰ ਪਾਠਕ ਦੀ ਲੋੜ ਅਨੁਸਾਰ ਵੱਖ-ਵੱਖ ਵਿਸ਼ਿਆਂ ’ਤੇ ਲਿਖਣ ਲਈ ਤਿਆਰ ਕੀਤਾ। ਲੇਖਕ ਇਤਿਹਾਸ, ਖੋਜ-ਸਮਗਰੀ, ਗਿਆਨ-ਵਿਗਿਆਨ ਦੀ ਗੱਲ, ਭੂਗੋਲ, ਗਣਿਤ, ਵਿਗਿਆਨ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਸਮਾਜ ਸ਼ਾਸਤਰ ਆਦਿ ਬਾਰੇ ਲਿਖਣ ਲੱਗੇ। ਉਹਨਾਂ ਦੇ ਸਾਹਮਣੇ ਟੀਚਾ ਹੁੰਦਾ, ਉਹਨਾਂ ਨੇ ਖ਼ੋਜੀਆਂ ਲਈ, ਵਿਦਵਾਨਾਂ ਲਈ, ਸੂਝਵਾਨ ਪਾਠਕਾਂ ਲਈ ਲਿਖਣਾ ਹੈ ਜਾਂ ਵਿਦਿਆਰਥੀਆਂ ਲਈ। ਉਹ ਮਨੋਰੰਜਨ ਲਈ ਲਿਖ ਰਿਹਾ ਹੈ ਜਾਂ ਗਿਆਨ ਲਈ। ਲੇਖਕ ਨੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਨੂੰ ਪੁਸਤਕਾਂ ਰਾਹੀਂ ਪੇਸ਼ ਕੀਤਾ। ਪਹਿਲਾਂ

ਵੈਦਿਕ ਹੋਵੇ ਭਾਵੇਂ ਇਤਿਹਾਸਕ, ਧਾਰਮਿਕ ਸਿੱਖਿਆ ਹੋਵੇ ਭਾਵੇਂ ਰਾਜਨੀਤਕ, ਅਰਥ- ਸ਼ਾਸਤਰ ਜਾਂ ਕਿਸੇ ਹੋਰ ਖੇਤਰ ਦਾ ਗਿਆਨ, ਸਭ ਕਵਿਤਾ ਵਿਚ ਹੀ ਪੇਸ਼ ਕੀਤਾ ਜਾਂਦਾ ਸੀ। ਕਵਿਤਾ ਦੀ ਥਾਂ ਵਾਰਤਕ ਮੱਲਣ ਲੱਗੀ। ਵਾਰਤਕ ਵਿਚ ਵੀ ਨਾਟਕ, ਨਾਵਲ, ਕਹਾਣੀਆਂ, ਸਫ਼ਰਨਾਮੇ, ਜੀਵਨੀਆਂ, ਇਤਿਹਾਸ ਤੇ ਬਹੁਤ ਕੁਝ। ਇੰਞ ਪੁਸਤਕਾਂ ਦੀ ਦੁਨੀਆਂ ਹੋਰ ਵਡੇਰੀ- ਚੰਗੇਰੀ ਹੋ ਗਈ।

**ਗਿਆਨ ਦਾ ਸੋਮਾ:**

ਪਾਠਕ ਵਰਗ ਨੂੰ ਹੁਣ ਸਮਝ ਆਉਣ ਲੱਗੀ ਕਿ ਪੁਸਤਕਾਂ, ਗਿਆਨ ਦਾ ਸੋਮਾ ਹਨ। ਆਪਣੀ ਲੋੜ ਤੇ ਰੁਚੀ ਅਨੁਸਾਰ, ਪੁਸਤਕਾਂ ਪੜ੍ਹ ਕੇ ਗਿਆਨ ਵਧਾਇਆ ਜਾ ਸਕਦਾ ਹੈ ਅਤੇ ਉਸ ਦੀ ਆਪਣੀ ਲਿਖਤ ਜਾਂ ਭਾਸ਼ਾ ਵਿਚ ਵਰਤੋਂ ਕੀਤੀ ਜਾ ਸਕਦੀ ਹੈ। ਪੁਸਤਕਾਂ ਮਨੋਰੰਜਨ ਦਾ ਸਾਧਨ ਹਨ। ਪਾਠਕ ਇਕੱਲਾ ਬੈਠਾ ਹੀ ਪੁਸਤਕ ਜਗਤ ਵਿਚ ਪ੍ਰਵੇਸ਼ ਕਰਕੇ, ਆਪਣਾ ਮਨੋਰੰਜਨ ਕਰ ਸਕਦਾ ਹੈ। ਇਹ ਮਨੋਰੰਜਨ ਕਿੱਸੇ-ਕਹਾਣੀਆਂ, ਨਾਟਕ, ਨਾਵਲ ਪੜ੍ਹ ਕੇ ਹੋ ਸਕਦਾ ਹੈ। ਪੁਸਤਕਾਂ ਮਨੁੱਖ ਨੂੰ ਮਿੱਤਰ ਵਜੋਂ ਮਿਲਦੀਆਂ ਹਨ। ਮਨੁੱਖ ਉਨ੍ਹਾਂ ਨੂੰ ਪੜ੍ਹਦਿਆਂ ਇਕੱਲ ਮਹਿਸੂਸ ਨਹੀਂ ਕਰਦਾ, ਸਗੋਂ ਇਹ ਸਮਝਦਾ ਹੈ ਕਿ ਉਹ ਆਪਣੇ ਮਿੱਤਰ ਨਾਲ ਵਿਚਰ ਰਿਹਾ ਹੈ। ਇਸ ਰਾਹੀਂ ਉਹ ਆਪਣੇ ਸ਼ੰਕੇ ਦੂਰ ਕਰ ਸਕਦਾ ਹੈ। ਸਾਥ ਦਾ ਲਾਭ ਉਠਾ ਸਕਦਾ ਹੈ। ਮਹਾਤਮਾ ਗਾਂਧੀ ਨੇ ਲਿਖਿਆ ਹੈ : "ਚੰਗੀਆਂ ਕਿਤਾਬਾਂ ਪਾਸ ਹੋਣ ਨਾਲ ਸਾਨੂੰ ਆਪਣੇ ਭਲੇ ਮਿੱਤਰ ਨਾਲ ਰਹਿਣ ਦੀ ਕਮੀ ਮਹਿਸੂਸ ਨਹੀਂ ਹੁੰਦੀ।"

**ਉੱਤਮ ਪੁਸਤਕਾਂ ਤੋਂ ਪ੍ਰੇਰਨਾ:**

ਉੱਤਮ ਪੁਸਤਕਾਂ ਮਨੁੱਖ ਨੂੰ ਅਮੀਰ ਬਣਾਉਂਦੀਆਂ ਹਨ। ਉਸ ਦੇ ਵਿਚਾਰਾਂ ਨੂੰ ਚੰਗੇਰਾ ਬਣਾਉਂਦੀਆਂ ਹਨ। ਉਸ ਦੀਆਂ ਔਕੜਾਂ ਦੂਰ ਕਰਨ ਵਿਚ ਮਦਦ ਕਰਦੀਆਂ ਹਨ। ਇਹ ਵਾਤਾਵਰਣ ਨੂੰ ਵਧੀਆ ਕਰਦੀਆਂ ਹਨ। ਬਾਲ ਗੰਗਾਧਰ ਤਿਲਕ ਦਾ ਮੰਨਣਾ ਹੈ, "ਮੈਂ ਨਰਕ ਵਿਚ ਵੀ ਉੱਤਮ ਪੁਸਤਕਾਂ ਦਾ ਸੁਆਗਤ ਕਰਾਂਗਾ, ਕਿਉਂਕਿ ਇਨ੍ਹਾਂ ਵਿਚ ਸ਼ਕਤੀ ਹੈ, ਉਹ ਜਿੱਥੇ ਹੋਣਗੀਆਂ, ਆਪਣੇ ਆਪ ਹੀ ਉਹ ਸਵਰਗ ਬਣ ਜਾਏਗਾ।"


**ਚੰਗੀਆਂ-ਮੰਦੀਆਂ ਪੁਸਤਕਾਂ ਵਿਚ ਫ਼ਰਕ:**

ਮਨੁੱਖ ਦੀ ਪਛਾਣ, ਉਸ ਦੀ ਸੰਗਤ ਤੋਂ ਹੁੰਦੀ ਹੈ। ਸੰਗਤ ਮਾੜੇ ਬੰਦਿਆਂ ਦੀ ਹੀ ਨਹੀਂ, ਬੁਰੀਆਂ ਪੁਸਤਕਾਂ ਦੀ ਵੀ ਮਾੜੀ ਹੈ। ਅਸ਼ਲੀਲ, ਲੱਚਰ, ਕਾਮ ਉਕਸਾਊ ਤੇ ਮਨਾਂ ਵਿਚ ਜ਼ਹਿਰ ਘੋਲਣ ਵਾਲੀਆਂ ਮਾੜੀਆਂ ਪੁਸਤਕਾਂ ਪੜ੍ਹਨਾ, ਜ਼ਹਿਰ ਪੀਣ ਦੇ ਬਰਾਬਰ ਹੈ। ਮਨੁੱਖ ਲਈ ਪੁਸਤਕ ਦੀ ਸਹੀ ਚੋਣ ਜ਼ਰੂਰੀ ਹੈ। ਵਿਦਿਆਰਥੀ ਗਿਆਨ ਦਾ ਛੋਟਾ ਰਾਹ ਲੱਭਦੇ ਹਨ। ਉਹ ਪਾਠ-ਪੁਸਤਕਾਂ ਦੀ ਥਾਂ ਕੁੰਜੀਆਂ, ਨੋਟਸ ਤੇ ਗਾਈਡਾਂ ਰਾਹੀਂ ਕੰਮ ਚਲਾਉਂਦੇ ਹਨ। ਇਨ੍ਹਾਂ ਵਿਚੋਂ ਕੁਝ ਵੀ ਪਾਠ-ਪੁਸਤਕ ਦਾ ਬਦਲ ਨਹੀਂ। ਚੰਗੇ ਅੰਕ ਲੈਣ ਲਈ ਸੰਬੰਧਿਤ ਵਿਸ਼ੇ ਨੂੰ ਸਹੀ ਰੂਪ ਵਿਚ ਸਮਝਣ ਲਈ 'ਪਾਠ-ਪੁਸਤਕ' ਜ਼ਰੂਰੀ ਹੈ। ਜੇ ਕਿਤੇ ਕੋਈ ਨੁਕਤਾ ਸਮਝ ਨਾ ਆਏ ਤਾਂ ਅਧਿਆਪਕ ਜਾਂ ਆਪਣੇ ਤੋਂ ਹੁਸ਼ਿਆਰ ਸਾਥੀ ਦੀ ਮਦਦ ਲਈ ਜਾ ਸਕਦੀ ਹੈ ਜਾਂ ਫਿਰ ਸੰਦਰਭ ਪੁਸਤਕਾਂ ਦੀ। ਪੁਸਤਕਾਂ ਦੀ ਦੁਨੀਆਂ ਵਿਚ ਪ੍ਰਵੇਸ਼ ਕਰਕੇ ਕਈ ਲੋਕ ਇਸ ਦੁਨੀਆਂ ਨੂੰ ਹੀ ਨੁਕਸਾਨ ਪਹੁੰਚਾਉਂਦੇ ਹਨ। ਆਪਣੀਆਂ ਘਰ ਪਈਆਂ ਪੁਸਤਕਾਂ ਦੀ ਸੁਹਣੀ ਸੰਭਾਲ ਉਹ ਕਰਦੇ ਨਹੀਂ, ਲਾਇਬ੍ਰੇਰੀ ਵਿਚੋਂ ਲਿਆਂਦੀਆਂ ਪੁਸਤਕਾਂ ਦੇ ਪੰਨੇ ਫਾੜ ਲੈਂਦੇ ਹਨ ਜਾਂ ਕੁਝ ਵਰਕਿਆਂ ਉੱਤੇ ਨਿਸ਼ਾਨ ਤੇ ਲਕੀਰਾਂ ਲਾ ਕੇ, ਉਨ੍ਹਾਂ ਦੇ ਕੋਨੇ ਮੋੜ ਕੇ, ਉਨ੍ਹਾਂ ਨੂੰ ਬਦਸੂਰਤ ਕਰਦੇ ਹਨ।

ਪੁਸਤਕ ਪੜ੍ਹਨਾ ਤਾਂ ਆਤਮਾ ਦੀ ਖ਼ੁਰਾਕ ਹੈ ਤੇ ਖ਼ੁਰਾਕ ਚੰਗੀ ਹੀ ਖਾਣੀ ਬਣਦੀ ਹੈ। ਘਰ ਦੇ ਪੁਸਤਕਾਂ ਦਾ ਰੈਕ ਹੀ ਦੱਸਦਾ ਹੈ ਕਿ ਤੁਹਾਡਾ ਰੁਝਾਨ ਕੀ ਹੈ? ਜੇ ਘਰ ਵਿਚ ਪੁਸਤਕਾਂ ਨਹੀਂ ਤਾਂ ਇੰਞ ਲੱਗਦਾ ਹੈ ਜਿਵੇਂ ਸਰੀਰ ਵਿਚ ਆਤਮਾ ਹੀ ਨਹੀਂ। ਚੰਗੀਆਂ ਪੁਸਤਕਾਂ ਮਹਾਨ ਆਤਮਾਵਾਂ ਦੇ ਦੇਹ-ਪ੍ਰਾਣ ਹਨ। ਚੰਗੀ ਪੁਸਤਕ ਦਾ

ਨੁਕਸਾਨ ਕਰਨਾ, ਕਿਸੇ ਚੰਗੇ ਮਨੁੱਖ ਨੂੰ ਖ਼ਤਮ ਕਰਨਾ ਹੈ। ਮੁੱਕਦੀ ਗੱਲ ਇਹ ਹੈ ਕਿ ਪੁਸਤਕਾਂ ਦੀ ਦੁਨੀਆਂ ਵਿਚ ਪ੍ਰਵੇਸ਼, ਖੁੱਲ੍ਹੇ ਦਿਲ ਨਾਲ ਕੀਤਾ ਜਾਵੇ। ਉਸ ਦੁਨੀਆਂ ਵਿਚੋਂ ਚੰਗੀਆਂ, ਖ਼ੂਬਸੂਰਤ ਵਸਤਾਂ ਚੁਣੀਆਂ ਜਾਣ। ਉਨ੍ਹਾਂ ਦੀ ਸੰਭਾਲ ਕੀਤੀ ਜਾਏ ਤੇ ਉਨ੍ਹਾਂ ਦੀ ਸਹੀ ਵਰਤੋਂ ਕਰਕੇ, ਆਪਣੇ ਆਪ ਨੂੰ ਅਮੀਰ ਬਣਾਇਆ ਜਾਵੇ। ਇਹ ਸਮਝਿਆ ਜਾਵੇ ਕਿ ਇਹ ਹੀ ਸਾਡੇ ਚੰਗੇ ਸਾਥੀ ਹਨ।

ਲੈਕਚਰਾਰ (ਪੰਜਾਬੀ)
ਦਿੱਲੀ।
92126-32234



## ਸ਼ਬਦ ਚਿੱਤਰ

ਡਾ. ਬਲਵਾਨ ਔਜਲਾ

ਅੱਖਾਂ ਦੇ ਵਿਚ ਬਹਿਸ਼ਤ ਵੱਸਦੀ
ਜ਼ੁਲਫ ਜਿਵੇਂ ਕੋਈ ਝਰਨਾ
ਮਰਨੋਂ ਪਹਿਲਾਂ ਅੰਤਿਮ ਇੱਛਾ
ਉਹਦਾ ਹਾਸਾ ਸੁਣ ਕੇ ਮਰਨਾ
ਇੰਦਰ ਧਨੁਸ਼ ਜਿਵੇਂ ਅਸਮਾਨੀ
ਹੈ ਸਾੜ੍ਹੀ ਦਾ ਪੱਲਾ
ਸੁਰਖ਼ ਬੁੱਲ੍ਹਾਂ 'ਤੇ ਜਾਨ ਵਾਰ ਦੇ
ਜੱਟ ਦਾ ਪੁੱਤ ਹੋ ਝੱਲਾ
ਬਿੰਦੀ ਕੇਂਦਰ ਬਿੰਦੂ ਲੱਗਦੀ
ਸੇਲ੍ਹੀਆਂ ਨੇ ਉੱਚ ਕੋਟੀ
ਪਲਕਾਂ ਪਰ ਭੰਬੀਰੀ ਦੇ ਨੇ
ਮੱਥਾ ਬਰਫ਼ੀਲੀ ਚੋਟੀ
ਗੱਲ੍ਹਾਂ ਜਿਵੇਂ ਹੈ ਚੰਬਾ ਖਿੜਿਆ
ਹਾਸਾ ਕਪਾਹ ਦੀ ਕੋਈ ਗਲੋਟੀ
ਨੱਕ ਨੋਕ ਤਲਵਾਰ ਜਿਹਾ
ਹੈ ਗਰਦਨ ਗੰਗਾ ਸਾਗਰ
ਨਾਗਮਣੀ ਵਾਂਗ ਲਿਸ਼ਕਣ ਟੋਪਸ
ਮਾਲਾ ਅੰਬਰੀਂ ਮਾਣਕ ਮੋਤੀ
ਇੰਝ ਹੈ ਪੂਰੀ ਦੇਹ ਦਾ ਦਰਸ਼ਨ
ਪਰੀ ਲੋਕ ਦੀ ਕਿਸੇ ਸਰਵੋਤਮ ਸੁੰਦਰੀ
ਦੀ ਹਾਏ ਮੂਰਤ
ਜਿਵੇਂ ਕੱਚੇ ਦੁੱਧ ਨਾਲ ਧੋਤੀ
ਗੁੱਟ ਦੀ ਘੜੀ ਦੇਖ
ਸੂਰਜ ਦਾ ਚੜ੍ਹਨਾ
ਘੜੀ ਵੇਖ ਛਿਪ ਜਾਣਾ
ਘਟਾ ਘਨਘੋਰ ਵੇਖ ਜ਼ੁਲਫ ਦੀ
ਇੰਦਰ ਪਾਉਣੀ ਸਾਉਣ ਬੌਛਾਰਾਂ
ਚੰਨ ਭੁੱਲ ਧਰਤੀ ਦਾ ਗੇੜਾ
ਖੜਿਆ ਸ਼ਹਿਰ ਤੇਰੇ
ਰਾਤੀਂ ਘੰਟੇ ਬਾਰਾਂ
ਫੁੱਲਾਂ ਲਈ ਕੁਦਰਤ ਰਾਣੀ
ਤੇਰੀ ਮਹਿੰਦੀ ਤੋਂ ਰੰਗ ਮੰਗੇ
ਤਾਰੀਫ਼ ਹੁਸਨ ਦੀ ਨਾ ਕਰ ਸਕਦੇ
ਇਹ ਸ਼ਬਦ ਮੇਰੇ ਬੇਢੰਗੇ
ਰੂਪ ਤੇਰਾ ਹੈ ਸੁੰਦਰਤਾ ਦੀ
ਨਵੀਂ ਕੋਈ ਪਰਿਭਾਸ਼ਾ
ਵਸਲ-ਵਿਛੋੜੇ
ਹੱਥ ਨੇ ਰੱਬ ਦੇ
ਪਰ ਜੀਣ ਲਈ
ਮਿਲਦੀ ਆਸ਼ਾ।

ਮੁਖੀ ਪੰਜਾਬੀ ਵਿਭਾਗ
ਐੱਸ.ਏ.ਜੈਨ ਕਾਲਜ, ਅੰਬਾਲਾ ਸ਼ਹਿਰ।
90506-88505

# ਸੰਤੋਖ ਧਾਲੀਵਾਲ ਦੇ ਕਹਾਣੀ ਸੰਗ੍ਰਹਿ 'ਪੌੜੀ' ਵਿੱਚ ਮਨੋਂ-ਪਰਤਾਂ ਦਾ ਵਿਸ਼ਲੇਸ਼ਣ



ਨੀਰੂ ਗੁਪਤਾ

ਪਰਵਾਸੀ ਪੰਜਾਬੀ ਸਾਹਿਤ ਵਿੱਚ ਸੰਤੋਖ ਧਾਲੀਵਾਲ ਦਾ ਨਾਂ ਇਕ ਬਹੁਪੱਖੀ ਸਾਹਿਤਕਾਰ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਕਵਿਤਾ, ਨਾਵਲ ਤੇ ਕਹਾਣੀ ਸਿਰਜਣਾ ਵਿਚ ਪਰਵਾਸੀ ਚੇਤਨਾ ਦੀਆਂ ਨਵੀਆਂ ਪਰਤਾਂ ਨੂੰ ਖੋਲ੍ਹ ਕੇ ਪਰਵਾਸੀ ਸਾਹਿਤ ਨੂੰ ਵਸਤੂ ਤੇ ਕਲਾ ਦ੍ਰਿਸ਼ਟੀ ਪੱਖੋਂ ਅਮੀਰ ਬਣਾਇਆ ਹੈ। ਪਰਵਾਸੀ ਗਲਪ ਵਿੱਚ ਖ਼ਾਸ ਕਰਕੇ ਪਰਵਾਸੀ ਕਹਾਣੀ ਵਿੱਚ ਉਨ੍ਹਾਂ ਆਪਣੀ ਬਿਰਤਾਂਤਿਕ ਸਮਰੱਥਾ ਦਾ ਨਿਰੰਤਰ ਵਿਕਾਸ ਕਰਕੇ ਨਵੀਆਂ ਸੰਭਾਵਨਾਵਾਂ ਨੂੰ ਜਨਮ ਦਿੱਤਾ ਹੈ। ਪੰਜਾਬੀ ਵਿੱਚ ਵਸਤੂ-ਬਿਰਤਾਂਤ ਦੇ ਬਹੁਪੱਖੀ ਪਾਸਾਰ ਤੇ ਕਲਾ ਦ੍ਰਿਸ਼ਟੀ ਪੱਖੋਂ ਜੁਗਤਾਂ ਵਰਤ ਕੇ ਪਰਵਾਸੀ ਕਹਾਣੀ ਨੂੰ ਨਿਰੰਤਰ ਵਿਕਾਸ ਵੱਲ ਲਿਆਂਦਾ ਹੈ।

ਸੰਤੋਖ ਧਾਲੀਵਾਲ ਮਨੋਂ ਯਥਾਰਥਵਾਦੀ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ। ਉਸ ਨੂੰ ਪਰਵਾਸ ਦੇ ਮਿੱਠੇ-ਕੌੜੇ ਅਨੁਭਵਾਂ ਦੀਆਂ ਪਰਤਾਂ ਦਾ ਡੂੰਘਾ ਗਿਆਨ ਹੈ। ਉਸ ਦੀਆਂ ਕਹਾਣੀਆਂ ਵਿਚ ਅੰਤਰ-ਸਭਿਆਚਾਰ ਵਿੱਚ ਵਿਚਰ ਰਹੇ ਪਾਤਰਾਂ ਦੀਆਂ ਮਨੋਂ-ਸਥਿਤੀਆਂ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਵਿਚ ਪਾਤਰ ਸਥਾਨਕ ਸਮੱਸਿਆਵਾਂ ਕਾਰਣ ਤਣਾਅ ਭੋਗਦੇ ਨਜ਼ਰ ਆਉਂਦੇ ਹਨ। ਕਹਾਣੀਕਾਰ ਪਰਵਾਸੀ ਚੇਤਨਾ ਵਿੱਚ ਆਏ ਬਦਲਾਅ ਦਾ ਅਨੁਭਵ ਆਪਣੇ ਪਾਤਰਾਂ ਰਾਹੀਂ ਖ਼ੂਬਸੂਰਤ ਕਲਾਤਮਕ ਜੁਗਤਾਂ ਨਾਲ ਪੇਸ਼ ਕਰਦਾ ਹੈ, ਇੰਝ ਉਹ ਪਰਵਾਸੀ ਚੇਤਨਾ ਦੀ ਗਤੀਸ਼ੀਲਤਾ ਨੂੰ ਪਰਵਾਸ ਦੀਆਂ ਤਿੰਨ ਪੀੜ੍ਹੀਆਂ ਦੇ ਮਾਨਸਿਕ ਬਦਲਾਓ ਵਿੱਚ ਦੇਖਦਾ ਹੈ। ਇੰਨਾ ਹੀ ਨਹੀਂ ਉਹ ਪਰਵਾਸੀਆਂ ਦੀਆਂ ਸਮੱਸਿਆਵਾਂ ਨੂੰ ਆਪਣੀ ਧਰਤੀ ਨਾਲ ਜੁੜੇ ਸਮਾਜ ਨਾਲ ਅੰਤਰ ਸੰਬੰਧਿਤ ਕਰਕੇ ਪੇਸ਼ ਕਰਦਾ ਹੈ। ਜਿਸ ਨਾਲ ਤਿੰਨੋਂ ਪੀੜ੍ਹੀਆਂ ਦੇ ਪਾਤਰਾਂ ਦੀਆਂ ਕਈ ਮਨੋਂ-ਪਰਤਾਂ ਪਾਠਕਾਂ ਦੇ ਰੂ-ਬ-ਰੂ ਹੁੰਦੀਆਂ ਹਨ। ਉਸ ਦੇ ਸਾਰੇ ਕਹਾਣੀ ਸੰਗ੍ਰਹਿਆਂ ਵਿੱਚ ਵਿਸ਼ਵੀਕਰਨ ਤੇ ਬਜ਼ਾਰੀਕਰਨ ਨਾਲ ਜੁੜੇ ਉਪਭੋਗਤਾ ਕਲਚਰ ਦੀਆਂ ਸਕਾਰਾਤਮਿਕ ਤੇ ਨਕਾਰਾਤਮਿਕ ਤਬਦੀਲੀਆਂ ਰੂਪਮਾਨ ਹੁੰਦੀਆਂ ਹਨ। ਜਿੱਥੇ ਪੱਛਮੀ ਸਭਿਆਚਾਰ ਤੇ ਪੰਜਾਬੀ ਸਭਿਆਚਾਰ ਦੇ ਟਕਰਾਓ ਨਾਲ ਦਵੰਦ ਨਜ਼ਰ ਆਉਂਦਾ ਹੈ ਉੱਥੇ ਹੀ ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਦੋਵੇਂ ਸੰਕਟਗ੍ਰਸਤ ਹਨ ਤੇ ਵਿਸ਼ਾਦ ਦੇ ਦਰਿਆ ਵਿੱਚ ਉਹ ਆਪਣੀ ਇਕੱਲਤਾ ਹੋਣੀ ਤੇ ਤਣਾਓ ਨਾਲ ਮਨੋਰੋਗੀ ਹੋਏ ਨਜ਼ਰ ਆਉਂਦੇ ਹਨ। ਇਸ ਦਾ ਮੁੱਖ ਕਾਰਨ ਪੁਰਾਣੇ ਤੇ ਨਵੇਂ ਸਮਾਜਿਕ ਮੁੱਲਾਂ ਦਾ ਟਕਰਾਓ ਹੈ।

ਉਸ ਦਾ ਚੌਥਾ ਕਹਾਣੀ ਸੰਗ੍ਰਹਿ 'ਪੌੜੀ' ਵਿਸ਼ਵੀਕਰਨ, ਬਜ਼ਾਰੀਕਰਨ ਤੇ ਮਸ਼ੀਨੀਕਰਨ ਨਾਲ ਆਉਂਦੀਆਂ ਨਵੀਆਂ ਤਬਦੀਲੀਆਂ, ਝੁਕਾਓ ਤੇ ਟਕਰਾਓ ਦੀਆ ਪਰਤਾਂ ਦੀ ਕਹਾਣੀ ਪਾਉਂਦਾ ਹੈ। ਇਸ ਵਿੱਚ ਅੰਤਰ-ਸਭਿਆਚਾਰਕ ਸਿਸਟਮ ਵਿੱਚ ਉਪਜੇ ਮਾਨਵੀ ਸੰਤਾਪ, ਦਵੰਦ, ਭੂ-ਹੇਰਵਾ, ਪੀੜ੍ਹੀ-ਪਾੜਾ, ਇਕੱਲਤਾ ਦੇ ਬਹੁਪੱਖੀ ਪਾਸਾਰ ਨਜ਼ਰ ਆਉਂਦੇ ਹਨ। 'ਪੌੜੀ' ਕਹਾਣੀ-ਸੰਗ੍ਰਹਿ ਤੋਂ ਪਹਿਲਾ ਕਹਾਣੀਕਾਰ ਤਿੰਨ ਕਹਾਣੀ ਸੰਗ੍ਰਹਿਆਂ 'ਨੱਚਦੇ ਮੋਰਾਂ ਵਾਲੀ ਚਾਦਰ', 'ਕ੍ਰਾਸ ਲਾਈਨਜ਼', '......ਤੇ 'ਕਾਨ੍ਹੂੰ ਮਰ ਗਿਆ' ਰਾਹੀਂ ਪਰਵਾਸੀ ਕਹਾਣੀ-ਸਾਹਿਤ ਵਿੱਚ ਆਪਣੀ ਹਾਜ਼ਰੀ ਲਵਾ ਚੁੱਕਾ ਹੈ। ਉਸ ਦੀਆਂ ਕਹਾਣੀਆਂ ਵਿੱਚ ਪੱਛਮੀ ਸਮਾਜ ਨਾਲ ਜੁੜੇ ਪਾਤਰਾਂ ਦਾ ਵਿਸ਼ਾਦ, ਦਵੰਦ, ਦੁੱਖ, ਇਕੱਲਤਾ ਤੇ ਗੁਆਚੀ ਹੋਂਦ ਅੰਤਰ-ਸਭਿਆਚਾਰਕ ਗਤੀਸ਼ੀਲਤਾ ਰਾਹੀਂ ਕਿਸੇ ਨਾ ਕਿਸੇ ਰੂਪ ਵਿੱਚ ਅਭਿਵਿਅਕਤ ਹੁੰਦੀ ਨਜ਼ਰ ਆਉਂਦੀ ਹੈ।

'ਪੌੜੀ' ਕਹਾਣੀ-ਸੰਗ੍ਰਹਿ ਵਿੱਚ ਦਸ ਕਹਾਣੀਆਂ ਵੱਖੋ-ਵੱਖਰੇ ਸਮਾਜਿਕ ਸਰੋਕਾਰਾਂ ਨੂੰ ਛੂੰਹਦੀਆਂ ਹਨ। 'ਅਡੋਪਸ਼ਨ' ਕਹਾਣੀ ਮਾਤਰੀ ਮੋਹ ਦੀ ਪਵਿੱਤਰਤਾ,

ਸਮਰਪਣ, ਮੋਹ ਤੇ ਪਿਆਰ ਨਾਲ ਅੰਤਰ ਸਬੰਧਿਤ ਹੈ। ਇਸ ਵਿੱਚ ਪਾਤਰਾਂ ਦੀਆਂ ਮਨੋਂ-ਤਰੰਗਾਂ ਇੱਕ ਸੱਚੀ ਇਨਸਾਨੀਅਤ ਦੀ ਪਰਿਭਾਸ਼ਾ ਨੂੰ ਰੂਪਮਾਨ ਕਰਦੀਆਂ ਹਨ। 'ਅਡੋਪਸ਼ਨ' ਸਮਾਜ ਵਿੱਚ ਬੱਚੇ ਦੀ ਲੋੜ ਨਾਲ ਨਹੀਂ ਜੁੜੀ, ਸਗੋਂ ਔਲਾਦ ਪ੍ਰਤੀ ਸੰਪੂਰਨ ਸਮਰਪਣ ਨਾਲ ਜੁੜੀ ਹੈ। ਜੋ ਮਾਂ ਨੂੰ ਰੱਬ ਵੱਲੋਂ ਦਿੱਤੀ ਬਖਸ਼ਿਸ਼ ਹੈ, ਮਾਂ ਸਿਰਫ਼ ਮਾਂ ਹੀ ਹੁੰਦੀ ਹੈ, ਮਾਂ ਕਿਸੇ ਭਾਸ਼ਾ, ਧਰਮ, ਵੈਰ-ਵਿਰੋਧ, ਦਵੈਸ਼, ਕਾਨੂੰਨ ਤੇ ਸਭਿਆਚਾਰਕ ਮੁੱਲਾਂ ਤੋਂ ਪਰ੍ਹੇ ਰੱਬ ਦੀ ਬਣਾਈ ਸਿਰਜਣਾ ਹੈ, ਜੋ ਸਾਰੀ ਉਮਰ ਬੱਚੇ ਨੂੰ ਪਾਲਦੀ-ਪੋਸਦੀ ਤੇ ਬੱਚੇ ਦੀਆਂ ਖ਼ੁਸ਼ੀਆਂ ਤੇ ਖ਼ਾਹਿਸ਼ਾਂ ਲਈ ਆਖ਼ਰੀ ਸਵਾਸ ਤਕ ਸੰਘਰਸ਼ ਕਰਦੀ ਹੈ। ਇਸ ਕਹਾਣੀ ਦਾ ਵਾਤਾਵਰਨ ਅੰਤਰ-ਸਭਿਆਚਾਰਕ ਹੈ।

ਕਹਾਣੀ 'ਰੇਡੀਓ ਬੰਦ ਹੋ ਗਿਆ' ਅੰਤਰ-ਰਾਸ਼ਟਰੀ ਕਾਨਫਰੰਸਾਂ ਦਾ ਯਥਾਰਥ, ਦਿਖਾਵਾਂ ਤੇ ਕੂੜ-ਪਸਾਰਾ ਪੇਸ਼ ਕਰਦੀ ਹੈ । ਇਹਨਾਂ ਕਾਨਫਰੰਸਾਂ ਦਾ ਫ਼ਰੇਬ ਇਤਿਹਾਸ ਵਿੱਚ ਹਮੇਸ਼ਾ ਮਨੁੱਖਤਾ ਦਾ ਘਾਣ ਕਰਦਾ ਰਿਹਾ ਹੈ। ਸਕਾਟਲੈਂਡ ਦੀ ਧਰਤੀ ਤੇ 'ਜੀ-ਏਟ' (ਜੀ-8) ਦਾ ਸੱਚ ਤੇ ਦੱਖਣੀ ਅਫ਼ਰੀਕਾ ਦੇ ਗ਼ਰੀਬ ਲੋਕਾਂ ਦੀ ਹੋਣੀ, ਭੁੱਖ, ਬਿਮਾਰੀ, ਸੰਤਾਪ ਤੇ  ਹਰ ਸਮੇਂ ਮੌਤ ਦੇ ਸਾਏ ਹੇਠ ਗੁਜ਼ਰ ਰਹੀ ਜ਼ਿੰਦਗੀ ਦੀ ਇਹ ਕਰੁਣਾਮਈ ਤਸਵੀਰ ਇਸ ਕਹਾਣੀ ਦਾ ਮੁੱਖ ਥੀਮ ਬਣ ਕੇ ਉੱਭਰਦੀ ਹੈ। ਅੰਤਰ-ਰਾਸ਼ਟਰੀ ਕਾਨਫਰੰਸਾਂ ਵਿੱਚ ਸੰਚਾਰ ਮਾਧਿਅਮਾਂ ਰਾਹੀਂ ਲੋਕਾਂ ਵਿੱਚ ਫੈਲਾਇਆ ਭ੍ਰਾਂਤੀਨੁਮਾ ਪ੍ਰਚਾਰ ਤੇ ਪਸਾਰ ਇਸ ਕਹਾਣੀ ਦੇ ਕਥਾਨਕ ਵਿਚ ਫੈਲਿਆ ਹੋਇਆ ਹੈ। ਆਮ ਲੋਕਾਂ ਦੀ ਗ਼ਰੀਬੀ ਤੇ ਦੁਰਦਸ਼ਾ ਦੀ ਮੂੰਹ ਬੋਲਦੀ ਤਸਵੀਰ ਕਹਾਣੀਕਾਰ ਨੇ ਮੁੱਖ ਪਾਤਰ ਸ਼ਿੰਗਾਰੂ ਰਾਹੀਂ ਬਿਆਨ ਕੀਤੀ ਹੈ। ਇਸਦੇ ਮਨੋਭਾਵਾਂ ਵਿੱਚ ਗ਼ਰੀਬੀ ਤੇ ਭੁੱਖ ਕਾਰਨ ਜ਼ਿੰਦਗੀ ਦੀ ਟੁੱਟ ਰਹੀ ਤੰਦ ਤੇ ਪਾਣੀ ਵਿੱਚ ਖਿੱਲਰੀ ਤੂੜੀ ਦੀ ਪੰਡ ਵਾਂਗ ਆਸ ਦੀ ਚਿਣਗ ਵੀ ਹੈ। 'ਰੇਡੀਓ ਬੰਦ ਹੋ ਗਿਆ' ਸਿਰਲੇਖ ਪੂਰਨ ਰੂਪ ਵਿੱਚ ਸਹੀ ਹੈ।

ਕਹਾਣੀ 'ਮਾਈ ਬੁੱਢੀ ਦੀ ਪੀਂਘ' ਸਮਾਜਿਕ ਮੁੱਲਾਂ ਦੀ ਪੀੜ੍ਹੀ ਪਕੜ ਤੇ ਜਟਿਲਤਾ, ਵਿਆਹੁਤਾ ਮਰਦ-ਔਰਤ ਸੰਬੰਧਾਂ ਦਾ ਕਿਲ੍ਹਾ ਸਿਰਜਿਤ ਕਰਦੀ ਹੈ। ਇਸ ਨੂੰ ਤੋੜਨ ਲੱਗਿਆ ਮਨੁੱਖੀ ਮਾਨਸਿਕਤਾ ਸੌ ਵਾਰੀ ਸੋਚਦੀ ਹੈ। ਇਸ ਸਮਾਜ ਵਿਚ ਪੱਛਮੀ ਮੁੱਲਾਂ ਨੂੰ ਤਰਜੀਹ ਦਿੰਦੇ ਹੋਏ ਦੋ ਮੁੱਖ ਪਾਤਰ ਕਰਮਜੀਤ ਤੇ ਦਿਆਲ ਆਪਣੀ ਵਿਆਹੁਤਾ ਜ਼ਿੰਦਗੀ ਬਸਰ ਕਰਦੇ ਵਿਚਾਰਧਾਰਕ ਵਖਰੇਵਾਂ ਭੋਗਦੇ ਇਕ ਦੂਸਰੇ ਤੋਂ ਅਲੱਗ ਹੋਣ ਦੀ ਚੇਸ਼ਟਾ ਕਰ ਰਹੇ ਹਨ। ਖ਼ੁਸ਼ੀਆਂ ਨਾਲ ਜੁੜੀਆਂ ਮਨੋਂ ਤਰੰਗਾਂ ਦੀ ਇਹ ਸਤਰੰਗੀ ਪੀਂਘ ਉਦੋਂ ਲੰਗੜੀ ਦਿਖਾਈ ਦਿੰਦੀ ਹੈ, ਜਦੋਂ ਬਗ਼ਾਵਤ ਦੀ ਤਪਸ਼ ਮੱਠੀ ਪੈਂਦੀ ਹੈ। ਇਸ ਕਹਾਣੀ ਵਿੱਚ ਪਾਤਰਾਂ ਦੀ ਪਾਤਰ-ਉਸਾਰੀ ਮਨੋਵਿਗਿਆਨਿਕ ਢੰਗ ਨਾਲ ਗਈ ਹੈ।

ਕਹਾਣੀ 'ਜ਼ਖ਼ਮ ਰਿਸਦਾ ਰਿਹਾ' ਵਿੱਚ ਮਾਨਵੀ ਰਿਸ਼ਤਿਆਂ ਦਾ ਯਥਾਰਥ ਨਜ਼ਰ ਆਉਂਦਾ ਹੈ। ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਦਾ ਅੰਤਰ-ਸਭਿਆਚਾਰਕ-ਦਵੰਦ, ਨਵੀਂ ਪੀੜ੍ਹੀ ਵਿੱਚ ਆਪਣੀ ਹੋਂਦ ਤੇ ਆਜ਼ਾਦੀ ਦੀ ਸਥਾਪਤੀ ਲਈ ਸੰਘਰਸ਼ ਇਸ ਦੇ ਕਥਾਨਕ ਨੂੰ ਵਿਸਥਾਰ ਦਿੰਦਾ ਹੈ । ਇਸ ਸੰਘਰਸ਼ ਵਿੱਚ ਮਾਨਵੀ-ਰਿਸ਼ਤਿਆਂ ਨਾਲ ਜੁੜੇ ਮੁੱਲਾਂ ਦੀ ਜਿੱਤ, ਜ਼ਖ਼ਮ ਦਾ ਰਿਸਣਾ ਟੁੱਟ ਭੱਜ ਰਹੇ ਸਮਾਜਿਕ ਮੁੱਲਾਂ ਨਾਲ ਆਏ ਨਿਘਾਰ ਦੀ ਪ੍ਰਤੀਕਾਤਮਕ ਅਭਿਵਿਅਕਤੀ ਹੈ।

ਕਹਾਣੀ 'ਤਲਾਸ਼' ਅਪਰਾਧ ਭਾਵ ਦੇ ਮਨੋਭਾਵਾਂ ਨਾਲ ਗ੍ਰਸਤ ਇੱਕ ਮਨੋਰੋਗੀ ਮਾਂ ਅਤੇ ਮਾਂ-ਮਮਤਾ ਦੀ ਤਲਾਸ਼ ਵਿੱਚ ਭਟਕਦੀ ਮਨੋਰੋਗੀ ਧੀ ਦੇ ਦਵੰਦ, ਵਿਸ਼ਾਦ ਤੇ ਬੇਗਾਨਗੀ ਨਾਲ ਜੁੜੀ ਕਹਾਣੀ ਹੈ। ਪਾਤਰ-ਉਸਾਰੀ ਵਿੱਚ ਬਾਹਰਲੀ ਕਾਰਜਸ਼ੀਲਤਾ ਘੱਟ ਨਜ਼ਰ ਆਉਂਦੀ ਹੈ, ਪਰ ਮਨੋਭਾਵਾਂ ਦੇ ਵਿਸਥਾਰ ਨਾਲ ਪਾਤਰਾਂ ਦੀ ਸ਼ਖ਼ਸੀਅਤ ਤੇ ਕਹਾਣੀ ਦਾ ਵਿਸ਼ਾ ਉੱਘੜਦਾ ਹੈ । ਕਹਾਣੀ ਦੀ ਸ਼ੁਰੂਆਤ ਉਤਸੁਕਤਾ ਭਰਪੂਰ ਹੈ ਮੱਧ ਘਟਨਾਵਾਂ ਦਾ ਵਿਸਥਾਰ ਤੇ ਅੰਤ ਛਟਪਟਾ ਹੈ।

'ਰੂਬੀ' ਕਹਾਣੀ ਪੱਛਮੀ ਮੁੱਲਾਂ ਹੇਠ ਪਲ ਰਹੀ ਪੀੜ੍ਹੀ ਵਿਚ ਡਰੱਗ ਅਤੇ ਨਸ਼ੇ ਦੇ ਪ੍ਰਚਲਣ ਤੇ ਇਸ ਨਾਲ ਜੁੜੀ ਭਵਿੱਖਮਈ ਸੋਚ ਨਾਲ ਸਬੰਧਿਤ ਹੈ । ਇਹ ਮਨੋਂ-ਯਥਾਰਥਮਈ ਕਹਾਣੀ ਹੈ। ਪਹਿਲੀ ਪੀੜ੍ਹੀ ਤੇ ਅਜੋਕੀ

ਪੀੜ੍ਹੀ ਨਸ਼ਿਆਂ ਦੇ ਨਰਕ ਵਿਚ ਆਪਣੀ ਜ਼ਿੰਦਗੀ ਕਿਵੇਂ ਬਰਬਾਦ ਕਰ ਰਹੀ ਹੈ, ਇਸ ਕਹਾਣੀ ਦੇ ਪਾਤਰਾਂ ਰਾਹੀਂ ਰੂਪਮਾਨ ਹੁੰਦੀ ਹੈ।

'ਸਾਈਬਰ ਸੈਕਸ' ਕਹਾਣੀ ਵਿੱਚ ਮੂਲ ਥੀਮ ਇਹ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਮਸ਼ੀਨੀਕਰਨ, ਬਾਜ਼ਾਰੀਕਰਨ ਤੇ ਕੰਪਿਊਟਰੀਕਰਨ ਦੇ ਯੁੱਗ ਵਿੱਚ ਇਨਸਾਨ ਵੀ ਮਸ਼ੀਨ ਬਣ ਕੇ ਰਹਿ ਗਿਆ ਹੈ। ਇਸ ਦੌਰ ਵਿੱਚ ਸਾਈਬਰ ਯੁੱਗ ਨਾਲ ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ ਬਦਲਦੇ ਮਨੋਭਾਵ ਤੇ ਮਨੋਂ-ਪ੍ਰਵਿਰਤੀਆਂ ਇਸ ਕਹਾਣੀ ਦੇ ਮੁੱਖ ਥੀਮ ਵਿੱਚ ਫੈਲੀਆਂ ਹੋਈਆਂ ਹਨ। ਇਸ ਯੁੱਗ ਵਿਚ ਮਰਦ-ਔਰਤ ਸਬੰਧਾਂ ਦੀ ਟੁੱਟ-ਭੱਜ ਨਾਲ ਆਏ ਨਿਘਾਰ ਨਾਲ ਅੰਤਰ ਸੰਬੰਧਿਤ ਸਮੱਸਿਆਵਾਂ ਇਸ ਕਹਾਣੀ ਦਾ ਬਿਰਤਾਂਤ ਹੈ। ਕਹਾਣੀ ਦਾ ਕਥਾਨਕ ਮੱਠੀ ਚਾਲੇ ਚਲਦਾ ਹੈ। ਪੱਛਮੀ ਯੁੱਗ ਵਿੱਚ ਜਲਦੀ-ਜਲਦੀ ਆਈ ਤਬਦੀਲੀ ਨੇ ਸਾਈਬਰ ਯੁੱਗ ਰਾਹੀਂ ਰਿਸ਼ਤਿਆਂ ਦੇ ਵਿਗਠਨ ਤੇ ਨਵੇਂ ਰਿਸ਼ਤਿਆਂ ਦਾ ਵਪਾਰੀਕਰਨ ਇਸ ਕਹਾਣੀ ਦੇ ਕਥਾਨਕ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ ਕਹਾਣੀ ਦੀ ਆਧਾਰ ਸੰਰਚਣਾ ਮਨੋਂ-ਯਥਾਰਥਕ ਹੈ।

'ਦੋ ਕਿਨਾਰੇ' ਕਹਾਣੀ ਵਿੱਚ ਬਦਲਦੇ ਮਾਨਵੀ ਰਿਸ਼ਤਿਆਂ ਦੀ ਨਵੀਂ ਵਿਆਕਰਨ ਉਜਾਗਰ ਹੁੰਦੀ ਹੈ। ਇਸ ਵਿੱਚ ਮਨੁੱਖੀ ਪਿਆਰ-ਵਿਹਾਰ ਤੇ ਰਿਸ਼ਤੇ ਦੀ ਬਦਲਦੀ ਤਸਵੀਰ ਪੇਸ਼ ਹੁੰਦੀ ਹੈ। ਇਹ ਕਹਾਣੀ ਮਨੋਵਿਗਿਆਨਿਕ ਹੈ।

'ਟੈਨਿਸ ਮੈਚ' ਕਹਾਣੀ ਵਿਚ ਮੌਤ ਨੂੰ ਪਿਆਰ ਦਾ ਅੰਤਿਮ ਮੁਕਾਮ ਬਣਾਉਣਾ ਮੁੱਖ ਥੀਮ ਵਜੋਂ ਉੱਭਰਿਆ ਹੈ। ਇਸ ਵਿਚ ਜੇਲ੍ਹ ਜੀਵਨ ਦਾ ਕੌੜਾ ਯਥਾਰਥ ਰੂਪਮਾਨ ਹੁੰਦਾ ਹੈ।

'ਪੌੜੀ' ਕਹਾਣੀ ਸੈਕਸ ਦੀ ਪੂਰਤੀ/ਅਪੂਰਤੀ ਨਾਲ ਪੈਦਾ ਹੋਈ ਭਟਕਣ ਦੀਆਂ ਘੁੰਮਣ-ਘੇਰੀਆਂ ਨਾਲ ਜੁੜੀ ਹੋਈ ਹੈ। ਇਸ ਨਾਲ ਪੈਦਾ ਹੋਇਆ ਮਨੋਰੋਗ ਜਿਸ ਵਿਚ ਕੋਈ ਵੀ ਮਨੁੱਖ ਸਥਿਰ ਹੋ ਕੇ ਕੋਈ ਵੀ ਫ਼ੈਸਲਾ ਕਰਨ ਦੇ ਯੋਗ ਨਹੀਂ ਹੁੰਦਾ ਤੇ ਭਟਕਦਾ ਹੋਇਆ ਮਨੁੱਖੀ ਮਨ ਕਾਹਲੀ-ਕਾਹਲੀ ਤ੍ਰਿਪਤੀ ਭਾਲਦਾ ਹੈ ਪਰ ਇੱਕ ਅਮੁੱਕ ਤਲਾਸ਼ ਉਸ ਨੂੰ ਹੋਰ ਪਰੇਸ਼ਾਨ ਤੇ ਸੰਕਟ ਗ੍ਰਸਤ ਮਨੋਰੋਗੀ ਬਣਾ ਦਿੰਦੀ ਹੈ। ਇਹ ਜਗਤ ਪ੍ਰਸਿੱਧ ਮਨੋਵਿਗਿਆਨੀ ਫਰਾਇਡ ਦੇ ਮਨੋਵਿਗਿਆਨਿਕ ਸਿਧਾਂਤ ਉੱਤੇ ਆਧਾਰਿਤ ਕਹਾਣੀ ਹੈ। ਸਾਰੀ ਕਹਾਣੀ ਵਿੱਚ ਕਿਰਨ ਪਾਤਰ ਰਾਹੀਂ ਮਨੋਂ ਤਰੰਗਾਂ, ਮਨੋਂ-ਰੁਚੀਆਂ ਤੇ ਮਨੋਂ ਬਿਰਤੀਆਂ ਦੀ ਪੂਰਤੀ ਦਾ ਚਿਤਰਨ ਕੀਤਾ ਮਿਲਦਾ ਹੈ।

ਕੁੱਲ ਮਿਲਾਕੇ ਅਸੀਂ ਇਹ ਕਹਿ ਸਕਦੇ ਹਾਂ ਕਿ 'ਪੌੜੀ' ਕਹਾਣੀ ਸੰਗ੍ਰਹਿ ਰਾਹੀਂ ਸੰਤੋਖ ਧਾਲੀਵਾਲ ਪਰਵਾਸ ਦੇ ਬਰੀਕ ਅਨੁਭਵ ਦੀਆਂ ਮਨੋਂ ਪਰਤਾਂ ਨੂੰ ਪਰਵਾਸੀ ਮਾਹੌਲ ਦੇ ਮਾਧਿਅਮ ਰਾਹੀਂ ਰੂਪਮਾਨ ਕਰਦਾ ਨਜ਼ਰ ਆਉਂਦਾ ਹੈ। ਉਹ ਆਪਣੀਆਂ ਕਹਾਣੀਆਂ ਵਿੱਚ ਪਰਵਾਸੀ ਅੰਤਰ-ਸਭਿਆਚਾਰ ਦੀ ਬਹੁ-ਰੰਗਤਾਂ ਨੂੰ ਪਾਤਰਾਂ ਦੀਆਂ ਮਨੋਸਥਿਤੀਆਂ ਤੇ ਮਨੋਭਾਵਾਂ ਰਾਹੀਂ ਪਾਠਕਾਂ ਪ੍ਰਤੀ ਰੂ-ਬ-ਰੂ ਕਰਦਾ ਹੈ। ਵਿਸ਼ਵੀਕਰਨ ਦੀ ਗਤੀਸ਼ੀਲਤਾ ਵਾਂਗ ਉਸ ਦੇ ਪਾਤਰ ਵੀ ਗਤੀਸ਼ੀਲ ਹਨ। ਇਸ ਤੇਜ਼ ਚਕਾਚੌਂਧ ਵਰਤਾਰੇ ਵਿਚ ਮਨੁੱਖ ਦੇ ਸਮਾਜਿਕ ਮੁੱਲਾਂ ਵਿਚ ਆਏ ਨਿਘਾਰ ਤੇ ਆਪਸੀ ਸੰਬੰਧਾਂ ਵਿਚ ਆਏ ਪਤਨ ਨੂੰ ਬੇਬਾਕੀ ਨਾਲ ਪੇਸ਼ ਕਰਨ ਵਾਲਾ ਸੰਤੋਖ ਧਾਲੀਵਾਲ ਸਮਰੱਥ ਕਹਾਣੀਕਾਰ ਹੈ, ਜਿਸ ਨੇ ਪੱਛਮ ਦੇ ਮਾਨਵੀ ਮੁੱਲਾਂ ਨੂੰ ਵੱਖੋ-ਵੱਖਰੇ ਥੀਮਕ ਪਾਸਾਰਾ ਰਾਹੀਂ ਪੇਸ਼ ਕੀਤਾ ਹੈ। ਇੰਝ ਉਹ ਪਰਵਾਸੀ ਪੰਜਾਬੀ ਕਹਾਣੀਕਾਰਾਂ ਵਿੱਚ ਮਨੋਂ ਯਥਾਰਥਵਾਦੀ ਕਹਾਣੀਆਂ ਰਚਣ ਵਾਲਾ ਪ੍ਰਤੀਨਿਧ ਕਹਾਣੀਕਾਰ ਬਣਦਾ ਹੈ।

ਮਕਾਨ ਨੰ. ਏ-59, ਸਨਸਿਟੀ,
ਡਾਂਡ ਰੋਡ, ਕੈਥਲ (ਹਰਿਆਣਾ)
89508-89979

**ਜ਼ਿੰਮੇਵਾਰ ਉਹ ਹੁੰਦੇ ਹਨ,**
**ਜਿਹੜੇ ਆਪਣੇ ਨਿਰਣਿਆਂ ਦੇ ਸਿੱਟੇ**
**ਭੁਗਤਣ ਲਈ ਤਿਆਰ ਰਹਿੰਦੇ ਹਨ।**
**ਨਰਿੰਦਰ ਸਿੰਘ ਕਪੂਰ**

# ਬਹੁ-ਪੱਖੀ ਸ਼ਖ਼ਸੀਅਤ: ਪ੍ਰੋ. ਗੁਰਦਿਆਲ ਸਿੰਘ



ਹਰਮੀਤ ਕੌਰ (ਡਾ.)

ਪ੍ਰੋ. ਗੁਰਦਿਆਲ ਸਿੰਘ ਸਾਹਿਤ ਪ੍ਰੇਮੀ ਪਾਠਕਾਂ, ਲੇਖਕਾਂ ਤੇ ਚਿੰਤਕਾਂ ਲਈ ਭਾਵੇਂ ਕਿਸੇ ਰਸਮੀ ਜਾਣ ਪਛਾਣ ਦਾ ਮੁਥਾਜ ਨਹੀਂ। ਸਾਹਿਤ ਨਾਲ ਜੁੜੀ ਨਵੀਂ ਪੀੜ੍ਹੀ ਲਈ ਜ਼ਿਕਰਯੋਗ ਹੈ ਕਿ 10 ਜਨਵਰੀ, 1933 ਈਸਵੀ ਨੂੰ ਨਾਨਕਾ ਪਿੰਡ ਭੈਣੀ ਫੱਤਾ, ਜ਼ਿਲ੍ਹਾ ਬਰਨਾਲਾ ਵਿਖੇ ਜਨਮੇ ਗੁਰਦਿਆਲ ਸਿੰਘ ਦਾ ਦਾਦਕਾ ਪਿੰਡ ਜੈਤੋ ਹੈ। ਬਚਪਨ ਵਿਚ ਆਰਥਿਕ ਕਾਰਨਾਂ ਕਰਕੇ ਸਕੂਲੀ ਪੜ੍ਹਾਈ ਵਿੱਚੇ ਛੱਡ ਕੇ ਇਨ੍ਹਾਂ ਨੂੰ ਪਿਤਾ ਪੁਰਖੀ ਕਿੱਤੇ ਵਜੋਂ, ਤਰਖਾਣਾ ਕੰਮ ਵੀ ਕਰਨਾ ਪਿਆ। ਬਾਅਦ ਵਿੱਚ ਦਸਵੀਂ ਪਾਸ ਕਰਕੇ ਪ੍ਰਾਈਵੇਟ ਸਕੂਲ ਅਧਿਆਪਕ ਵਜੋਂ ਸੇਵਾ ਨਿਭਾਈ। ਮਿਹਨਤ, ਲਗਨ ਅਤੇ ਘਾਲਣਾ ਸਦਕਾ ਉਚੇਰੀ ਵਿੱਦਿਆ ਹਾਸਲ ਕਰਨ ਉਪਰੰਤ ਲੈਕਚਰਾਰ ਲੱਗੇ। 15 ਸਾਲ ਤਕ ਰੀਜਨਲ ਸੈਂਟਰ, ਬਠਿੰਡਾ ਵਿਖੇ ਬਤੌਰ ਰੀਡਰ ਸੇਵਾਵਾਂ ਨਿਭਾਉਂਦਿਆਂ ਹੋਇਆਂ 1995 ਵਿੱਚ ਪ੍ਰੋਫ਼ੈਸਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਅਤੇ ਅੰਤ 16 ਅਗਸਤ 2016 ਨੂੰ 83 ਸਾਲਾਂ ਦੀ ਭਰਪੂਰ ਜ਼ਿੰਦਗੀ ਜਿਉਂਦਿਆਂ ਹੋਇਆਂ 'ਅਣਹੋਏ' ਪਾਤਰਾਂ ਦੀ ਦਾਸਤਾਨ ਨੂੰ ਉਲੀਕਣ ਵਾਲੇ ਪ੍ਰੋ. ਗੁਰਦਿਆਲ ਸਿੰਘ ਸਦਾ ਲਈ 'ਹੋਇਆਂ' ਵਿੱਚ ਸ਼ਾਮਿਲ ਹੋ ਗਏ।

1957 ਈਸਵੀ ਵਿਚ ਪ੍ਰੋ. ਗੁਰਦਿਆਲ ਸਿੰਘ ਨੇ ਆਪਣਾ ਸਾਹਿਤਕ ਸਫ਼ਰ 'ਮਸਤੀ ਬੋਤਾ' ਕਹਾਣੀ ਨਾਲ ਇਕ ਸਫ਼ਲ ਕਹਾਣੀਕਾਰ ਵਜੋਂ ਸ਼ੁਰੂ ਕੀਤਾ ਪਰ 1964 ਵਿਚ ਪ੍ਰਕਾਸ਼ਿਤ 'ਮੜ੍ਹੀ ਦਾ ਦੀਵਾ' ਨਾਵਲ ਉਨ੍ਹਾਂ ਦੀ ਵਿਸ਼ੇਸ਼ ਪਛਾਣ ਬਣ ਗਿਆ। ਇਸ ਇੱਕੋ ਰਚਨਾ ਨੇ ਪ੍ਰੋ. ਗੁਰਦਿਆਲ ਸਿੰਘ ਨੂੰ ਮੁਨਸ਼ੀ ਪ੍ਰੇਮ ਚੰਦ ਰਚਿਤ 'ਗੋਦਾਨ' ਅਤੇ ਫਨੀਸ਼ਵਰਨਾਥ ਰੈਣੂ ਰਚਿਤ 'ਮੈਲਾ ਆਂਚਲ' ਦੇ ਪੱਧਰ 'ਤੇ ਲਿਆ ਖੜ੍ਹਾਇਆ। ਰੂਸੀ ਭਾਸ਼ਾ ਵਿੱਚ ਇਸ ਰਚਨਾ ਦੀਆਂ ਪੰਜ ਲੱਖ ਕਾਪੀਆਂ ਛਪਣਾ ਆਪਣੀ ਮਿਸਾਲ ਆਪ ਹੈ। ਦਸ ਨਾਵਲ, ਦਸ ਕਹਾਣੀ ਸੰਗ੍ਰਹਿ, ਦਸ ਗੱਦ ਸੰਗ੍ਰਹਿ, ਦਸ ਹੀ ਬਾਲ ਸਾਹਿਤ ਪੁਸਤਕਾਂ, ਤਿੰਨ ਨਾਟ ਪੁਸਤਕਾਂ ਸਮੇਤ 'ਮੇਰਾ ਬਚਪਨ' ਅਤੇ 'ਜ਼ਿੰਦਗੀਨਾਮਾ' ਜਿਹੀਆਂ ਮਿਆਰੀ ਅਨੁਵਾਦਿਤ ਪੁਸਤਕਾਂ ਰਾਹੀਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਗਿਣਨਾਤਮਕ ਅਤੇ ਗੁਣਾਤਮਿਕ ਦੋਹਾਂ ਪੱਖਾਂ ਤੋਂ ਪਾਏ ਵਸੀਹ ਯੋਗਦਾਨ ਸਦਕਾ ਅਦੁੱਤੀ ਸ਼ਖ਼ਸੀਅਤ ਪ੍ਰੋ. ਗੁਰਦਿਆਲ ਸਿੰਘ ਨੂੰ ਪਦਮਸ੍ਰੀ ਅਤੇ ਗਿਆਨਪੀਠ ਜਿਹੇ ਸਿਰਮੌਰ ਪੁਰਸਕਾਰਾਂ ਸਮੇਤ ਅਨੇਕ ਅੰਤਰਰਾਸ਼ਟਰੀ ਸਨਮਾਨਾਂ ਨਾਲ ਨਿਵਾਜਿਆ ਜਾਣਾ, ਉਨ੍ਹਾਂ ਦੇ ਰਚਨਾ ਸੰਸਾਰ ਦੇ ਸੱਤਿਅਮ, ਸ਼ਿਵਮ, ਸੁੰਦਰਮ ਦੇ ਸਿਧਾਂਤ ਨੂੰ ਪ੍ਰਗਟਾਉਂਦਾ ਹੈ। ਉਨ੍ਹਾਂ ਦੀ ਇਸ ਉੱਚ ਕੋਟੀ ਦੀ ਦੇਣ ਸਦਕਾ ਅਜਮੇਰ ਔਲਖ ਨੇ ਇਨ੍ਹਾਂ ਨੂੰ "ਸਾਡੇ ਸਮਿਆਂ ਦਾ ਵੱਡਾ ਲੇਖਕ" ਅਤੇ ਉੱਘੇ ਆਲੋਚਕ ਟੀ. ਆਰ. ਵਿਨੋਦ ਨੇ "ਪੰਜਾਬੀ ਦਾ ਪਹਿਲਾ ਆਲੋਚਨਾਤਮਕ ਯਥਾਰਥਵਾਦੀ ਗਲਪਕਾਰ" ਗਰਦਾਨਿਆ।

ਅਸਲ ਵਿੱਚ ਪ੍ਰੋ. ਗੁਰਦਿਆਲ ਸਿੰਘ ਦੇ ਪੰਜਾਬੀ ਗਲਪ ਵਿਚ ਪ੍ਰਵੇਸ਼ ਨਾਲ ਪੰਜਾਬੀ ਸਾਹਿਤ ਵਿਚ ਨਿਵੇਕਲੀਆਂ ਅਤੇ ਕ੍ਰਾਂਤੀਕਾਰੀ ਗਲਪ ਰਚਨਾਵਾਂ ਦਾ ਆਗਾਜ਼ ਹੋਇਆ। ਉਨ੍ਹਾਂ ਦਾ ਨਾਵਲ 'ਮੜ੍ਹੀ ਦਾ ਦੀਵਾ' ਭਾਈ ਵੀਰ ਸਿੰਘ, ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਵਾਲੀ ਪਰੰਪਰਾ ਤੋਂ ਬਿਲਕੁਲ ਵੱਖਰੇ ਪ੍ਰਤੀ ਰੂਪਕ ਮੁਹਾਂਦਰੇ ਵਾਲਾ ਸੀ। ਪ੍ਰਤੀ ਰੂਪਕ ਤੋਂ ਭਾਵ ਹੈ ਜਿਸ ਗਲਪ ਰਚਨਾ ਵਿੱਚ ਯਥਾਰਥ ਨੂੰ ਸ਼ੁੱਧ ਅਤੇ ਸਹੀ ਪਰਿਪੇਖ ਵਿੱਚ ਚਿਤਰਿਆ ਜਾਂਦਾ ਹੈ। ਭਾਵ ਸਥਿਤੀਆਂ ਦਾ ਸਧਾਰਨੀਕਰਨ ਨਾ ਕਰਕੇ ਯਥਾਰਥ ਨੂੰ ਉਸ ਦੀ ਜਟਿਲਤਾ ਸਮੇਤ ਪ੍ਰਗਟਾਇਆ ਗਿਆ ਹੁੰਦਾ ਹੈ। ਪ੍ਰੋ. ਗੁਰਦਿਆਲ ਸਿੰਘ ਦੀ ਸਮੁੱਚੀ ਗਲਪ ਰਚਨਾ ਹੀ ਪ੍ਰਤੀ ਰੂਪਕ ਗਲਪ ਦੇ ਘੇਰੇ ਵਿੱਚ ਆਉਂਦੀ ਹੈ। ਹਿੰਦੀ ਦੇ ਪ੍ਰਸਿੱਧ

ਵਿਦਵਾਨ ਡਾ. ਨਾਮਵਰ ਸਿੰਘ ਨੇ 'ਗੁਰਦਿਆਲ ਸਿੰਘ ਇੱਕ ਚਮਤਕਾਰੀ ਪ੍ਰਤਿਭਾ' ਵਿੱਚ ਪ੍ਰੋ. ਗੁਰਦਿਆਲ ਸਿੰਘ ਦੇ ਸਮੁੱਚੇ ਗਲਪ ਬਿਰਤਾਂਤ ਨੂੰ "ਰਾਸ਼ਟਰ ਤੋਂ ਉੱਪਰ ਉੱਠ ਕੇ ਅੰਤਰਰਾਸ਼ਟਰੀ ਪੱਧਰ ਦਾ ਮੰਨਿਆ ਹੈ।"

ਪ੍ਰੋ. ਗੁਰਦਿਆਲ ਸਿੰਘ ਤੋਂ ਪਹਿਲਾਂ ਪੰਜਾਬੀ ਨਾਵਲ ਦੀ ਸਮੁੱਚੀ ਰਚਨਾ ਸੰਤ ਸਿੰਘ ਸੇਖੋਂ ਦੇ 'ਲਹੂ ਮਿੱਟੀ' ਤੇ ਕੇਸਰ ਸਿੰਘ ਦੇ 'ਜੰਗੀ ਕੈਦੀ' ਜਿਹੇ ਕੁਝ ਅਪਵਾਦਾਂ ਨੂੰ ਛੱਡ ਕੇ "ਮੱਧਕਾਲ ਦੀਆਂ ਕਥਾ ਤੇ ਕਥਾਨਕ ਰੂੜ੍ਹੀਆਂ ਦਾ ਰੂਪਾਂਤਰਨ ਹੀ ਕਿਹਾ ਜਾਂਦਾ ਸੀ।" ਕੋਈ ਵੀ ਲੇਖਕ ਪਰੰਪਰਾ ਨੂੰ ਸਾਹਿਤਕ ਰੂੜ੍ਹੀ ਵਜੋਂ ਅਪਣਾ ਵੀ ਸਕਦਾ ਹੈ, ਉਸ ਦਾ ਰੂਪਾਂਤਰਨ ਵੀ ਕਰ ਸਕਦਾ ਹੈ ਤੇ ਉਸ ਨੂੰ ਮੂਲੋਂ ਰੱਦ ਕਰ ਕੇ ਕੋਈ ਨਵਾਂ ਪੈਰਾਡਾਈਮ ਵੀ ਨਿਸ਼ਚਿਤ ਕਰ ਸਕਦਾ ਹੈ। ਭਾਵੇਂ ਇਹ ਕੰਮ ਏਨਾ ਸੁਖਾਲਾ ਨਹੀਂ ਹੁੰਦਾ ਪਰ ਪ੍ਰੋ. ਗੁਰਦਿਆਲ ਸਿੰਘ ਨੇ ਆਪਣੇ ਤੋਂ ਪੂਰਬਲੇ, ਸੁਧਾਰਵਾਦੀ ਆਦਰਸ਼ਵਾਦੀ ਵਾਤਾਵਰਨ ਨੂੰ ਤਿਆਗ ਕੇ ਪੰਜਾਬੀ ਨਾਵਲ ਨੂੰ ਨਵੇਂ ਮੁਹਾਂਦਰੇ ਵਿੱਚ ਢਾਲਿਆ। ਉਸ ਦੀ ਸਮੁੱਚੀ ਰਚਨਾ ਦ੍ਰਿਸ਼ਟੀ ਦਾ ਨਿੱਠ ਕੇ ਅਧਿਐਨ ਕਰਦਿਆਂ ਹੋਇਆਂ, ਇਹ ਗੱਲ ਵਿਸ਼ੇਸ਼ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪ੍ਰੋ. ਗੁਰਦਿਆਲ ਸਿੰਘ ਯਥਾਰਥ ਦਾ ਮਨੋਂ-ਕਲਪਿਤ ਰੂਪ ਉਸਾਰਨ ਦੀ ਥਾਂ, ਯਥਾਰਥ ਦੇ ਵਿਭਿੰਨ ਪਸਾਰਾਂ ਨੂੰ ਉਹਨਾਂ ਦੇ ਦਵੰਦਾਤਮਕ ਪ੍ਰਸੰਗ ਵਿੱਚ ਰੂਪਮਾਨ ਕਰਦਾ ਹੈ।

ਇਕ ਚੰਗੇ ਨਾਵਲਕਾਰ ਦੀ ਕਲਾਤਮਕ ਸ਼ਕਤੀ ਦੀ ਪਛਾਣ ਇਸ ਤੱਥ ਵਿਚ ਹੈ ਕਿ, ਕੀ ਉਹ ਆਪਣੇ ਨਾਵਲਾਂ ਦੇ ਪਾਤਰਾਂ ਨਾਲ ਨਿਆਂ ਕਰ ਸਕਿਆ ਹੈ? ਪ੍ਰੋ. ਗੁਰਦਿਆਲ ਸਿੰਘ ਆਪਣੇ ਪਾਤਰਾਂ ਦਾ ਮਨੋਂ ਵਿਸ਼ਲੇਸ਼ਣ ਕਰ ਸਕਣ ਵਿੱਚ, ਉਨ੍ਹਾਂ ਸਾਰੀਆਂ ਸਥਿਤੀਆਂ ਨੂੰ ਉਘਾੜਨ ਵਿੱਚ, ਜਿਨ੍ਹਾਂ ਦੇ ਅੰਤਰਗਤ ਉਸ ਦੇ ਪਾਤਰ ਅਜਿਹੀ ਮਾਨਸਿਕਤਾ ਹੰਢਾਉਂਦੇ ਹਨ, ਜਿਸ ਵਿੱਚ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ। ਉਸ ਕੋਲ ਅਜਿਹੀ ਕਰਤਾਰੀ ਸ਼ਕਤੀ/ਗਿਆਨ ਬੋਧ ਹੈ, ਜਿਸ ਰਾਹੀਂ ਉਹ ਇਕ ਪਾਸੇ ਪਾਤਰਾਂ ਦੇ ਮਨੋਂ ਸੰਕਟ ਨੂੰ ਚਿਤਰਦਾ ਹੈ 'ਤੇ ਦੂਜੇ ਪਾਸੇ ਉਨ੍ਹਾਂ ਦੀ ਜ਼ਿੰਦਗੀ ਦੇ ਪਾਸਾਰਾਂ ਨੂੰ ਵੱਖ-ਵੱਖ ਘਟਨਾਵਾਂ ਰਾਹੀਂ ਉਘਾੜਦਾ ਹੈ, ਜੋ ਸਾਡੇ ਸਮਾਜਿਕ, ਆਰਥਿਕ ਪ੍ਰਬੰਧ ਅਤੇ ਨੈਤਿਕ ਮੁੱਲਾਂ ਵਿੱਚੋਂ ਪੈਦਾ ਹੁੰਦੇ ਹਨ। ਇਸ ਤਰ੍ਹਾਂ ਪਾਤਰਾਂ ਦੇ ਚਰਿੱਤਰ ਦੀ ਹੀ ਉਸਾਰੀ ਨਹੀਂ ਹੁੰਦੀ ਸਗੋਂ ਮਾਨਵੀ ਯਥਾਰਥ ਦੇ ਉਸ ਸੰਕਟ ਦਾ ਵੀ ਉਦੈ ਹੁੰਦਾ ਹੈ, ਜੋ ਮਾਨਵੀ ਤ੍ਰਾਸਦੀ ਸਿਰਜਦੇ ਹਨ। ਮਿਸਾਲ ਵਜੋਂ 'ਮੜ੍ਹੀ ਦਾ ਦੀਵਾ' ਦਾ ਜਗਸੀਰ ਆਪਣੇ ਪਿਤਾ ਠੋਲ੍ਹੇ ਦੀ ਮੌਤ ਤੋਂ ਬਾਅਦ ਧਰਮ ਸਿੰਘ ਨਾਲ ਸੀਰੀ ਰਲਦਾ ਹੈ। ਧਰਮ ਸਿੰਘ ਦਾ ਪਿਤਾ, ਠੋਲ੍ਹੇ ਦੇ ਪਿਤਾ ਨੂੰ ਉਸ ਦੇ ਜੱਦੀ ਪਿੰਡ ਤੋਂ ਪੱਗ ਵਟਾ ਕੇ ਲਿਆਇਆ ਸੀ। ਉਸ ਨੂੰ ਚੌਥੇ ਹਿੱਸੇ ਤੋਂ ਇਲਾਵਾ ਚਾਰ ਵਿੱਘੇ ਜ਼ਮੀਨ ਵੀ ਦਿੱਤੀ। ਧਰਮ ਸਿੰਘ ਨੇ ਵੀ ਉਸੇ ਤਰ੍ਹਾਂ ਠੋਲ੍ਹੇ ਨੂੰ ਜ਼ਮੀਨ ਦਿੱਤੀ ਰੱਖੀ ਪਰ ਧਰਮ ਸਿੰਘ ਦਾ ਪੋਤਾ ਜਗਸੀਰ ਨੂੰ ਜ਼ਮੀਨ ਦੇਣੋਂ ਇਨਕਾਰੀ ਹੋ ਉੱਠਦਾ ਹੈ। ਹੁਣ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਉਹ ਅਜਿਹਾ ਕਿਉਂ ਕਰਦਾ ਹੈ? ਕਾਰਨ ਇੱਕੋ ਹੀ ਹੈ। ਸਮਾਜ ਵਿਚ ਪੈਸਾ ਪ੍ਰਧਾਨ ਹੋ ਰਿਹਾ ਹੈ। ਜ਼ਮਾਨਾ ਮਾਨਵਵਾਦ ਤੋਂ ਪਦਾਰਥਵਾਦ ਵੱਲ ਜਾ ਰਿਹਾ ਹੈ। ਇਸ ਲਈ ਧਰਮ ਸਿੰਘ ਪੋਤੇ ਨਾਲ ਤਕਰਾਰ ਹੋਣ ਤੋਂ ਬਾਅਦ ਘਰ ਛੱਡ ਜਾਂਦਾ ਹੈ। ਜਗਸੀਰ ਨੂੰ ਵੀ ਘਰੋਂ ਕੱਢ ਦਿੱਤਾ ਜਾਂਦਾ ਹੈ। ਹੁਣ ਜਗਸੀਰ ਦਾ ਸਾਧਨਹੀਣ ਹੋਣਾ ਅਤੇ ਕੁਜਾਤ ਮਾਂ ਦਾ ਪੁੱਤ ਹੋਣ ਸਦਕਾ ਵਿਆਹੇ ਨਾ ਜਾਣਾ, ਸਮਾਜਿਕ ਮਾਣ ਮਰਿਆਦਾ ਦੇ ਵੱਲੋਂ ਬੇਪਰਵਾਹ ਹੋ ਕੇ ਜਗਸੀਰ ਦਾ ਭਾਨੀ ਦੇ ਸੰਪਰਕ ਵਿੱਚ ਆਉਣਾ, ਬਿਮਾਰੀ ਤੋਂ ਬਾਅਦ ਜਗਸੀਰ ਦੀ ਮੌਤ ਅਤੇ ਭਾਨੀ ਵੱਲੋਂ ਜਗਸੀਰ ਦੀ ਮੜ੍ਹੀ ਨੂੰ ਪੋਚ ਕੇ ਦੀਵਾ ਜਗਾਉਣਾ ਆਦਿ ਘਟਨਾਵਾਂ ਰਾਹੀਂ 'ਮੜ੍ਹੀ ਦਾ ਦੀਵਾ' ਨਾਵਲ ਵਿਚਲੇ ਉਸ ਸਮੁੱਚੇ ਸਿਸਟਮ ਦਾ ਬੋਧ ਹੁੰਦਾ ਹੈ ਜੋ ਜਗਸੀਰ ਦੀ ਤ੍ਰਾਸਦੀ ਦਾ ਕਾਰਨ ਬਣਦੇ ਹਨ।

ਪ੍ਰੋ. ਗੁਰਦਿਆਲ ਸਿੰਘ ਤੋਂ ਪਹਿਲਾਂ ਪੰਜਾਬੀ ਨਾਵਲਾਂ ਵਿੱਚ ਪਾਤਰਾਂ ਵਿਚਕਾਰ ਲਕੀਰ ਵੰਡ ਹੁੰਦੀ ਸੀ ਭਾਵ ਆਦਰਸ਼ ਪਾਤਰ ਤੇ ਦੁਰਜਨ ਪਾਤਰ ਦੋਹਾਂ ਵਰਗਾਂ ਦੇ ਪਾਤਰ ਆਦਿ ਤੋਂ ਅੰਤ ਤੱਕ ਵਿਚਰਦੇ ਹੋਏ ਨੇਕੀ ਅਤੇ ਬਦੀ ਦੀਆਂ ਆਪੋ ਆਪਣੀਆਂ ਭੂਮਿਕਾਵਾਂ ਨਿਭਾਉਂਦੇ ਸਨ। ਇਸ ਸੰਦਰਭ ਵਿੱਚ 'ਸੁੰਦਰੀ', 'ਚਿੱਟਾ ਲਹੂ', 'ਰੂਪਧਾਰਾ', 'ਰਾਤ ਬਾਕੀ ਹੈ' ਆਦਿ ਨਾਵਲ ਜ਼ਿਕਰਯੋਗ ਹਨ। ਪਰ

ਅੱਜ ਮਾਨਵ ਵਿਗਿਆਨ ਸਿੱਧ ਕਰ ਚੁੱਕਾ ਹੈ ਕਿ ਕੋਈ ਮਨੁੱਖ ਮੁੱਢੋਂ ਹੀ ਚੰਗਾ ਮੰਦਾ ਨਹੀਂ ਹੁੰਦਾ ਬਲਕਿ ਉਸ ਦੇ ਨੇਕ/ਬਦ ਹੋਣ ਦਾ ਨਿਰਣਾ ਪ੍ਰਸਥਿਤੀਆਂ ਵੱਸ ਹੀ ਹੋ ਸਕਦਾ ਹੈ। ਮਿਸਾਲ ਵਜੋਂ 'ਮੜ੍ਹੀ ਦਾ ਦੀਵਾ' ਦੇ ਧਰਮ ਸਿੰਘ ਦਾ ਵਿਹਾਰ ਜਾਗੀਰਦਾਰੀ ਰਿਸ਼ਤਿਆਂ ਦੇ ਬਿਲਕੁਲ ਉਲਟ ਹੈ। 'ਅੱਧ ਚਾਨਣੀ ਰਾਤ' ਦਾ ਮੋਦਨ ਬੇਹੱਦ ਧੀਰਜ ਵਾਲਾ ਹੋਣ ਦੇ ਬਾਵਜੂਦ ਬੇਵੱਸ ਹੋ ਕੇ ਕਤਲ ਕਰ ਦਿੰਦਾ ਹੈ। ਇਹ ਉਹੀ ਮੋਦਨ ਹੈ ਜੋ ਭਵਿੱਖ ਦੀ ਕਿਸੇ ਡੂੰਘੀ ਸੋਚ ਨੂੰ ਮੁੱਖ ਰੱਖ ਕੇ ਹਰ ਸਥਿਤੀ ਵਿੱਚ ਸਮਝੌਤਾ ਕਰਦਾ ਹੈ ਪਰ ਲੋਕਾਂ ਦੇ ਕਾਟਵੇਂ ਬੋਲਾਂ ਦਾ ਸਤਾਇਆ, ਕਤਲ ਤੱਕ ਕਰ ਬੈਠਦਾ ਹੈ। ਇਸੇ ਤਰ੍ਹਾਂ ਅਣਹੋਏ ਦਾ ਬਿਸ਼ਨਾ ਇੱਕ ਪਲ ਕਿਸੇ ਨੂੰ ਅਜਿਹੇ ਬੋਲ ਬੋਲਦਾ ਹੈ ਕਿ ਉਹ ਅਗਲੇ ਨੂੰ ਅੱਤ ਦਾ ਮਾੜਾ ਪ੍ਰਤੀਤ ਹੁੰਦਾ ਹੈ। ਦੂਜੇ ਪਾਸੇ ਉਹ ਆਪਣੇ ਬੋਲਾਂ ਦੇ ਉਲਟ ਉਸੇ ਹੀ ਵਿਅਕਤੀ ਦਾ ਭਲਾ ਕਰ ਦਿੰਦਾ ਹੈ। ਉਸ ਦਾ ਸ਼ਾਹਕਾਰ ਪਾਤਰ ਪਰਸਾ ਜਿਸਦੇ ਅੱਖੜ ਸੁਭਾਅ ਕਾਰਨ ਕੋਈ ਰਿਸ਼ਤੇਦਾਰ ਉਸ ਦੇ ਕੋਲ ਨਹੀਂ ਢੁਕਦਾ ਪਰ ਹਰਿਦੁਆਰ ਵਿੱਚ ਦਰ ਢੱਠੀ ਮੁਖਤਿਆਰੋ ਦੀ ਲਾਜ ਰੱਖਦਾ ਹੈ।

ਪ੍ਰੋ. ਗੁਰਦਿਆਲ ਸਿੰਘ ਦੇ ਨਾਵਲਾਂ ਦੀ ਸਭ ਤੋਂ ਵੱਡੀ ਖ਼ੂਬੀ ਨਾਇਕ/ਨਾਇਕਾ ਦੇ ਸੰਕਲਪ ਨੂੰ ਰੱਦ ਕਰਕੇ ਅਤਿ ਸਾਧਾਰਨ ਮਨੁੱਖਾਂ ਨੂੰ ਚਿੱਤਰਣ ਵਿੱਚ ਹੈ। ਉਹ ਉਨ੍ਹਾਂ ਮਨੁੱਖਾਂ ਦੀ ਗੱਲ ਕਰਦਾ ਹੈ ਜੋ ਆਪਣੀ ਪੂਰਨ ਹੋਂਦ ਵੀ ਨਹੀਂ ਭੋਗਦੇ। ਭਾਵ ਉਸ ਦਾ ਕੇਂਦਰੀ ਪਾਤਰ ਤਾਂ ਪ੍ਰਸਥਿਤੀਆਂ ਵਿੱਚ ਘਿਰਿਆ ਹੋਇਆ ਤ੍ਰਾਸਦਿਕ ਹੋਣੀ ਭੋਗਣ ਤੱਕ ਹੀ ਸੀਮਤ ਹੈ। 'ਅਣਹੋਏ' ਦਾ ਬਿਸ਼ਨਾ, 'ਅੰਨ੍ਹੇ ਘੋੜੇ ਦਾ ਦਾਨ' ਵਿਚਲਾ ਸਮਿਤੀ ਵਾਲਾ,'ਅੱਧ ਚਾਨਣੀ ਰਾਤ' ਵਿਚਲਾ ਮੋਦਨ ਆਦਿ ਅਜਿਹੇ ਪਾਤਰ ਹਨ ਜੋ ਜੀਵਨ ਵਿਚ 'ਚਾਰ ਦਿਨ' ਸੁੱਖ ਦੇ ਗੁਜ਼ਾਰਨਾ ਚਾਹੁੰਦੇ ਹਨ ਪਰ ਸਾਰੀ ਉਮਰ ਨਿੱਕੇ-ਨਿੱਕੇ ਸਮਝੌਤਿਆਂ ਨਾਲ ਹੀ ਟੁੱਟਦੇ-ਜੁੜਦੇ ਰਹਿੰਦੇ ਹਨ। ਪ੍ਰੋ. ਗੁਰਦਿਆਲ ਸਿੰਘ ਦੀ ਵਿਸ਼ੇਸ਼ਤਾ ਇਸ ਗੱਲ ਵਿੱਚ ਹੈ ਕਿ ਉਸ ਨੇ 'ਲਘੂ ਮਾਨਵ' ਦੇ ਦੁੱਖਾਂ ਦੀ ਦਾਸਤਾਨ ਨੂੰ ਬਿਆਨ ਕਰਦਿਆਂ ਹੋਇਆਂ, ਉਨ੍ਹਾਂ ਮਾਨਵਾਂ ਨਾਲ ਜਾਣ-ਪਛਾਣ ਕਰਵਾਈ ਹੈ ਜਿਨ੍ਹਾਂ ਨੂੰ ਸਮਾਜ ਵਿੱਚ ਪੂਰੀ ਹੋਂਦ ਹੰਢਾ ਸਕਣ ਦਾ ਵੀ ਮੌਕਾ ਨਹੀਂ ਮਿਲਿਆ। ਦੂਜੇ ਪਾਸੇ ਕੁਝ ਚਿੰਤਕ ਇਸ ਗੱਲ ਦੀ ਵੀ ਚਰਚਾ ਕਰਦੇ ਹਨ ਕਿ ਪ੍ਰੋ. ਗੁਰਦਿਆਲ ਸਿੰਘ ਦੇ ਨਾਵਲ ਆਪਣੀ ਸ਼੍ਰੇਣੀ ਦੀ ਪ੍ਰਤੀਨਿਧਤਾ ਨਹੀਂ ਕਰਦੇ ਇਸ ਲਈ ਵਾਸਤਵਿਕਤਾ ਦਾ ਪ੍ਰਭਾਵ ਨਹੀਂ ਪਾਉਂਦੇ। ਮਿਸਾਲ ਵਜੋਂ 'ਮੜ੍ਹੀ ਦਾ ਦੀਵਾ' ਦਾ ਜਗਸੀਰ ਮਜ਼ਬੀ ਸ਼੍ਰੇਣੀ ਵਿੱਚੋਂ ਹੈ ਪਰ ਉਸ ਸ਼੍ਰੇਣੀ ਵਾਂਗ ਵਿਹਾਰ ਨਹੀਂ ਕਰਦਾ, ਮੋਦਨ ਜੱਟ ਮਾਨਸਿਕਤਾ ਵਾਂਗ ਕਤਲ ਕਰਨ ਤੋਂ ਬਾਅਦ 'ਜੱਟ ਹਉਮੈਂ' ਦਾ ਸ਼ਿਕਾਰ ਨਹੀਂ ਹੁੰਦਾ, ਪਰਸਾ ਬ੍ਰਾਹਮਣ ਹੋ ਕੇ ਵੀ ਟਿੰਡੀ ਮਜ਼ਬੀ ਦੀ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਂਦਾ ਹੈ। ਇੱਥੇ ਧਿਆਨਯੋਗ ਨੁਕਤਾ ਇਹ ਵੀ ਹੈ ਕਿ ਮਨੁੱਖ ਭਾਵੇਂ ਸਹਿਜ ਸੁਭਾਅ ਹੀ ਸ਼੍ਰੇਣੀ ਚਰਿੱਤਰ ਗ੍ਰਹਿਣ ਕਰਦਾ ਹੈ ਪਰ ਗੁਰਦਿਆਲ ਸਿੰਘ ਦੇ ਨਾਵਲਾਂ ਦੇ ਪਾਤਰ ਆਪਣੀ ਸ਼੍ਰੇਣੀ ਵਾਲੀ ਸੋਚ ਤੋਂ ਵੱਖਰੇ ਹਨ। ਵੱਖਰਾ ਸੋਚਦੇ ਹਨ ਤੇ ਇਸ ਵੱਖਰੀ ਸੋਚ ਕਾਰਨ ਹੀ ਤ੍ਰਾਸਦਿਕ ਅੰਤ ਭੋਗਦੇ ਹਨ। ਇਹੀ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਸ਼ਕਤੀ ਹੈ। ਇਆਨਵਾਟ ਵੀ ਆਪਣੀ ਪੁਸਤਕ The Rise of the Novel ਵਿੱਚ 'ਜੋ ਕਿਹਾ ਗਿਆ ਹੈ' ਦੇ ਨਾਲੋਂ 'ਜਿਵੇਂ ਕਿਹਾ ਗਿਆ ਹੈ' ਉਸ ਨੂੰ ਵਧੇਰੇ ਮਹੱਤਤਾ ਦਿੰਦਾ ਹੈ।

ਪ੍ਰੋ. ਗੁਰਦਿਆਲ ਸਿੰਘ ਦਾ ਨਾਵਲ 'ਪਰਸਾ' ਪੰਜਾਬੀ ਸਾਹਿਤ ਦੀ ਇੱਕ ਵਿਲੱਖਣ ਅਤੇ ਉੱਤਮ ਕਿਰਤ ਮੰਨੀ ਜਾਂਦੀ ਹੈ। ਪਰਸੇ ਦੀ ਯਾਤਰਾ 'ਸਵੈ' ਤੋਂ 'ਪਰ' ਦੀ ਯਾਤਰਾ ਹੈ। ਬਸੰਤਾ ਪੁਲਿਸ ਮੁਕਾਬਲੇ ਵਿੱਚ ਮਾਰਿਆ ਜਾਂਦਾ ਹੈ। ਪਰਸੇ ਦੇ ਅੱਖੜ ਸੁਭਾਅ ਸਦਕਾ ਕੋਈ ਰਿਸ਼ਤੇਦਾਰ ਉਸ ਦੇ ਨੇੜੇ ਨਹੀਂ ਢੁੱਕਦਾ ਪ੍ਰੰਤੂ ਵਾਸਤਵ ਵਿਚ ਇਹ ਉਸ ਦੀ ਖੜੋਤ ਦੀ ਸਥਿਤੀ ਨਹੀਂ 'ਤੇ ਨਾ ਹੀ ਉਸ ਦੀ ਨਿਰੰਤਰ ਤੋਰ ਵਿੱਚ ਰੁਕਾਵਟ ਹੈ। ਸਵਿੱਤਰੀ ਤੇ ਨਵੇਂ ਬੱਚੇ ਨੂੰ ਆਪਣੇ ਘਰ ਵੇਖ ਕੇ ਉਸ ਨੂੰ ਆਪਣਾ ਪਹਿਲਾ ਗੁਆਚਿਆ ਮੁੜ ਹਾਸਿਲ ਹੁੰਦਾ ਪ੍ਰਤੀਤ ਹੁੰਦਾ ਹੈ। ਪਰਸਾ ਭਾਵੇਂ ਬ੍ਰਾਹਮਣ ਹੈ ਪਰ ਉਸ ਦਾ ਕਰਮ ਜੱਟ ਵਾਲਾ ਹੈ। ਉਸ ਜੱਟ ਵਾਲਾ ਜਿਸ ਕੋਲ ਡਾਂਗ ਵੀ ਹੁੰਦੀ ਹੈ। ਇਸ ਤਰ੍ਹਾਂ ਪਰਸਾ 'ਬੁੱਧੀ' ਅਤੇ 'ਸ਼ਕਤੀ' ਦਾ ਪ੍ਰਤੀਕ ਬਣ ਕੇ ਉੱਭਰਦਾ ਹੈ। ਨਾਵਲ ਦੀ ਖ਼ੂਬਸੂਰਤੀ ਇਸ ਤੱਥ ਵਿਚ ਹੈ ਕਿ ਪਰਸੇ ਦਾ ਇਹ ਚਰਿੱਤਰ ਸਹਿਜ ਸੁਭਾਅ

ਰੂਪਮਾਨ ਹੋਇਆ ਹੈ। ਉਹ ਬੀਰੋ ਦੀ ਮੌਤ 'ਤੇ ਉਸ ਨਾਲ ਸਬੰਧਿਤ ਕਰਮਾਂ ਕਾਂਡਾਂ ਤੋਂ ਲੈ ਕੇ ਨੈਤਿਕ ਸਦਾਚਾਰਕ ਮੁੱਲਾਂ ਤੱਕ ਨੂੰ ਵੰਗਾਰਦਾ ਹੈ। ਉਸ ਲਈ ਹਰਿਦੁਆਰ ਜਿਹੇ ਪਵਿੱਤਰ ਤੀਰਥ ਅਸਥਾਨ 'ਤੇ ਮੁਖਤਿਆਰੋ ਦਾ ਮਿਲਣਾ ਪਾਪ ਨਹੀਂ, ਅਭਿਆਗਤ ਨੂੰ ਦੁਆਰਿਓਂ ਖ਼ਾਲੀ ਮੋੜਨਾ ਮਹਾਂਪਾਪ ਹੈ। ਉਸ ਲਈ ਫ਼ਰਜ਼, ਕਰਮ ਅਤੇ ਗਿਆਨ ਦੇ ਅਰਥ ਕੁਝ ਹੋਰ ਹਨ। ਉਸ ਦੇ ਪਾਤਰਾਂ ਦੀ 'ਸੋਚ' ਅਤੇ 'ਸੱਚ' ਮਾਨਵੀ ਯਥਾਰਥ ਦਾ ਹਿੱਸਾ ਹੋਣਗੇ। ਉਸਦੇ ਪਾਤਰ ਹੋਣ ਥੀਣ ਲਈ ਭਟਕਦੇ ਹਨ। ਉਨ੍ਹਾਂ ਦੀਆਂ ਇੱਛਾਵਾਂ ਨਹੀਂ ਮਰਦੀਆਂ। ਉਹ 'ਬੰਦਿਆ ਤੇਰੀਆਂ ਦਸ ਦੇਹੀਆਂ ਇੱਕੋ ਗਈ ਵਿਹਾਅ ਨੌਂ ਕਿੱਧਰ ਗਈਆਂ' ਵਾਂਗ ਸੋਚਦੇ ਹੋਏ ਜੀਣ ਥੀਣ ਲਈ ਜੱਦੋ ਜਹਿਦ ਕਰਦੇ ਹਨ 'ਤੇ ਅੰਤਲੇ ਸੁਆਸਾਂ ਤਕ ਬਜ਼ਿਦ ਹੋ ਕੇ ਜਿਊਣਾ ਲੋਚਦੇ ਹਨ।

ਪ੍ਰੋ. ਗੁਰਦਿਆਲ ਸਿੰਘ ਨੇ 'ਅਨੁਭਵ' ਅਤੇ 'ਅਭਿਆਸ' ਦੇ ਬਲਬੂਤੇ ਆਪਣੇ ਕਿਰਦਾਰਾਂ ਵਿੱਚ ਰੂਹ ਫੂਕੀ। ਉਸ ਨੇ ਇਖ਼ਲਾਕੀ ਕਦਰਾਂ ਕੀਮਤਾਂ ਨੂੰ ਆਪਣੇ ਅੰਦਰ ਜਜ਼ਬ ਕੀਤਾ ਤੇ ਆਪਣੀਆਂ ਰਚਨਾਵਾਂ ਵਿੱਚ ਬਾਖ਼ੂਬੀ ਪੇਸ਼ ਕੀਤਾ। ਉਸ ਦੇ ਨਾਵਲ 'ਕੁਵੇਲਾ', 'ਰੇਤੇ ਦੀ ਇੱਕ ਮੁੱਠੀ', 'ਆਥਣ ਉੱਗਣ', 'ਪਹੁ ਫੁਟਾਲੇ ਤੋਂ ਪਹਿਲਾਂ' ਅਤੇ 'ਆਹਣ' ਆਦਿ ਵੀ ਵਿਸ਼ੇਸ਼ ਜ਼ਿਕਰਯੋਗ ਹਨ ਜਿਨ੍ਹਾਂ ਵਿੱਚ ਕਿਸਾਨਾਂ, ਕਾਮਿਆਂ ਅਤੇ ਸ਼ਾਹੂਕਾਰਾਂ ਦੀਆਂ ਸਮੱਸਿਆਵਾਂ ਦਾ ਚਿੱਤਰਣ ਮਿਲਦਾ ਹੈ। ਸਮਾਜ ਦਾ ਬਹੁਤ ਵੱਡਾ ਹਿੱਸਾ ਉਨ੍ਹਾਂ ਲੋਕਾਂ ਦਾ ਹੈ ਜੋ ਦਲਿਤ ਕਿਹਾ ਜਾਂਦਾ ਹੈ। ਜਿਨ੍ਹਾਂ ਦਾ ਧਰਮ ਜਾਂ ਦਰਸ਼ਨ ਦੇ ਸਹਾਰੇ ਨਾਲ ਸ਼ੋਸ਼ਣ ਕੀਤਾ ਜਾਂਦਾ ਹੈ। ਕਦੇ ਨੈਤਿਕਤਾ ਦੇ ਆਧਾਰ 'ਤੇ ਅਨਿਆਂ ਕੀਤਾ ਜਾਂਦਾ ਹੈ ਤੇ ਕਦੇ ਸਦਾਚਾਰ ਦੇ ਹਵਾਲੇ ਨਾਲ ਉਨ੍ਹਾਂ ਦੀ ਸੋਚ ਨੂੰ ਮੁਰਦਾ ਕੀਤਾ ਜਾਂਦਾ ਹੈ। ਪ੍ਰੋ. ਗੁਰਦਿਆਲ ਸਿੰਘ ਨੇ ਪੰਜਾਬ ਦੇ ਅਵਚੇਤਨ ਨੂੰ ਪਛਾਣਦਿਆਂ ਹੋਇਆਂ, ਇਸ ਦਲਿਤ ਚੇਤਨਾ ਨੂੰ ਹਲੂਣਾ ਦਿੱਤਾ ਹੈ। ਇਹ ਸੁਰ 'ਆਥਣ ਤੇ ਉੱਗਣ' ਅਤੇ 'ਅੰਨ੍ਹੇ ਘੋੜੇ ਦਾ ਦਾਨ' ਵਿੱਚ ਕਾਫ਼ੀ ਤਿੱਖੀ ਅਤੇ ਪ੍ਰਚੰਡ ਰੂਪ ਵਿੱਚ ਪ੍ਰਗਟ ਹੋਈ ਹੈ। ਪ੍ਰੋ. ਗੁਰਦਿਆਲ ਸਿੰਘ ਦਾ ਕਹਾਣੀ ਜਗਤ ਵੀ ਬੇਹੱਦ ਵਿਸ਼ਾਲ ਅਤੇ ਬੌਧਿਕ ਪੱਧਰ ਦਾ ਹੈ ਜਿਸ ਵਿੱਚ 'ਓਪਰਾ ਘਰ', 'ਪੱਕਾ ਟਿਕਾਣਾ', 'ਕੁੱਤਾ ਤੇ ਆਦਮੀ', 'ਬੇਗਾਨਾ ਪਿੰਡ' ਆਦਿ ਰਾਹੀਂ ਪੇਂਡੂ ਜੀਵਨ ਦੀਆਂ ਪਰਤਾਂ ਨੂੰ ਉਲੀਕਣ, ਗ਼ਰੀਬੀ ਨਾਲ ਝੰਬੇ ਮਾਨਵ ਦੀ ਤ੍ਰਾਸਦਿਕ ਹੋਣੀ ਨੂੰ ਚਿਤਰਨ ਦੇ ਨਾਲ-ਨਾਲ ਪੂੰਜੀਵਾਦ ਅਤੇ ਪਦਾਰਥਵਾਦ ਦੇ ਵੱਧ ਰਹੇ ਗ਼ਲਬੇ ਨੂੰ ਸਫ਼ਲਤਾ ਸਹਿਤ ਪ੍ਰਗਟਾਇਆ। ਉਸ ਨੇ ਨਿਬੰਧ ਕਲਾ ਅਧੀਨ ਵੀ ਮਹੱਤਵਪੂਰਨ, ਵਿਵਾਦਤ, ਸੂਖ਼ਮ ਅਤੇ ਭਖਦੇ ਮਸਲੇ ਛੋਹ ਕੇ ਸਮਕਾਲੀ ਸਮਾਜ ਦੇ ਤਤਕਾਲੀ ਅਤੇ ਭਵਿੱਖੀ ਮਸਲਿਆਂ ਨੂੰ ਉਭਾਰਿਆ। ਉਨ੍ਹਾਂ ਨੇ ਬੇਹੱਦ ਪ੍ਰਭਾਵਸ਼ਾਲੀ ਸ਼ੈਲੀ ਰਾਹੀਂ ਪਾਠਕ ਵਰਗ ਅੰਦਰ ਚੇਤਨਤਾ, ਚੌਕਸੀ ਅਤੇ ਕ੍ਰਾਂਤੀ ਦਾ ਬੀਜ ਬੀਜਦਿਆਂ ਹੋਇਆਂ, ਸਾਹਿਤ ਦੇ ਵਪਾਰੀਕਰਨ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਪ੍ਰੋ. ਗੁਰਦਿਆਲ ਸਿੰਘ ਦੇ ਗਲਪੀ ਅਮਲ ਦੀ ਪ੍ਰਾਪਤੀ ਇਹ ਹੈ ਕਿ ਉਸ ਨੇ ਸਾਡੀ ਸੰਸਕ੍ਰਿਤੀ ਦੇ ਸਰਬ ਅੰਗਾਂ ਦੇ ਅੰਤਰ ਸੰਬੰਧਾਂ ਵਿਚਲੇ ਵਿਰੋਧ ਨੂੰ ਬੜੀ ਖ਼ੂਬਸੂਰਤੀ ਨਾਲ ਰੂਪਮਾਨ ਕੀਤਾ।

### ਸਹਾਇਕ ਪੁਸਤਕਾਂ


1. ਕੌਸ਼ਲ, ਨਰਿੰਦਰ ਸਿੰਘ (ਡਾ.) ਗਲਪ-ਸੰਵਾਦ।
2. ਗੁਰਦਿਆਲ ਸਿੰਘ, ਲੇਖਕ ਦਾ ਅਨੁਭਵ ਅਤੇ ਸਿਰਜਣ ਪ੍ਰਕਿਰਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.
3. ਕਾਂਗ, ਜਸਪਾਲ ਕੌਰ (ਡਾ.) ਪੰਜਾਬੀ ਨਾਵਲ ਦਾ ਗਲਪ ਸ਼ਾਸਤਰ।
4. ਕੌਸ਼ਲ, ਸੁਨੀਤਾ (ਡਾ.) ਪੰਜਾਬੀ ਗਲਪ-ਪ੍ਰਬੰਧ।



ਮਾਤਾ ਹਰਕੀ ਦੇਵੀ ਕਾਲਜ,
ਔਢਾਂ (ਸਿਰਸਾ)
94164-91250

# ਮਾਦਾ ਭਰੂਣ ਹੱਤਿਆ- ਸੰਨ 2021 ਦੀ ਰਿਪੋਰਟ



ਡਾ. ਹਰਸ਼ਿੰਦਰ ਕੌਰ, ਐਮ. ਡੀ.

ਮੈਨੂੰ ਇਕ ਸਮਾਗਮ ਉੱਤੇ ਬੁਲਾਇਆ ਗਿਆ ਸੀ ਜਿੱਥੇ ਇਕ ਥ੍ਰੀਵੀਲ੍ਹਰ ਚਲਾਉਣ ਵਾਲੇ ਦੀ ਬੇਟੀ ਦਾ ਸਨਮਾਨ ਹੋਣਾ ਸੀ। ਉਸ ਦੀ ਬੇਟੀ ਜੱਜ ਚੁਣੀ ਗਈ ਸੀ। ਚੁਫੇਰੇ ਖ਼ੁਸ਼ੀ ਦਾ ਮਾਹੌਲ ਸੀ। ਮੈਨੂੰ ਮੌਕਾ ਮਿਲਿਆ ਉਸ ਦੇ ਪਿਤਾ ਨਾਲ ਗੱਲ ਕਰਨ ਦਾ। ਉਸ ਦੀ ਹਿੰਮਤ ਦੀ ਦਾਦ ਦਿੰਦਿਆਂ ਮੈਂ ਪੁੱਛਿਆ ਕਿ ਉਸ ਨੂੰ ਧੀ ਦੀ ਪਰਵਰਿਸ਼ ਵੇਲੇ ਕਿੰਨੀਆਂ ਕੁ ਔਕੜਾਂ ਦਾ ਸਾਹਮਣਾ ਕਰਨਾ ਪਿਆ!

ਜੋ ਉਸ ਦਾ ਜਵਾਬ ਸੀ, ਉਸ ਨੇ ਮੈਨੂੰ ਬਹੁਤ ਕੁੱਝ ਸੋਚਣ ਉੱਤੇ ਮਜਬੂਰ ਕਰ ਦਿੱਤਾ। ਉਸ ਨੇ ਦੱਸਿਆ, ''ਮੈਂ ਹਾਲੇ ਤੱਕ ਇਹ ਗੱਲ ਕਿਸੇ ਨਾਲ ਸਾਂਝੀ ਨਹੀਂ ਕੀਤੀ ਤੇ ਨਾ ਹੀ ਅੱਗੋਂ ਕਰਨ ਵਾਲਾ ਹਾਂ। ਤੁਸੀਂ ਇਸ ਵਿਸ਼ੇ ਉੱਤੇ ਕੰਮ ਕੀਤਾ ਹੈ, ਇਸੇ ਲਈ ਤੁਹਾਨੂੰ ਦੱਸ ਦਿੰਦਾ ਹਾਂ। ਮੇਰੀ ਆਪਣੀ ਕੋਈ ਔਲਾਦ ਨਹੀਂ ਸੀ। ਇਹ ਬੇਟੀ ਮੈਨੂੰ ਝਾੜੀਆਂ 'ਚ ਸੁੱਟੀ ਮਿਲੀ ਸੀ। ਮੈਂ ਸਾਰੀ ਉਮਰ ਇਸ ਨੂੰ ਆਪਣੀ ਸਮਝ ਕੇ ਪਾਲਦਾ ਰਿਹਾ ਹਾਂ। ਆਪਣਾ ਢਿੱਡ ਕੱਟ ਕੇ ਵੀ ਮੈਂ ਇਸ ਨੂੰ ਪੜ੍ਹਾਉਂਦਾ ਰਿਹਾ ਤਾਂ ਜੋ ਇਹ ਵੱਡੀ ਅਫ਼ਸਰ ਲੱਗ ਸਕੇ। ਮੇਰੀ ਇੱਛਾ ਸੀ ਕਿ ਮੈਂ ਇਸ ਦੇ ਅਸਲ ਮਾਪਿਆਂ ਵੱਲੋਂ ਕੀਤੀ ਗਲਤੀ ਸੁਧਾਰ ਸਕਾਂ।

ਇਹੋ ਜਿਹੇ ਨੇਕ ਇਨਸਾਨਾਂ ਸਦਕਾ ਹੀ ਔਰਤ ਦਾ ਵਜੂਦ ਹਾਲੇ ਤੱਕ ਕਾਇਮ ਹੈ।

ਰਤਾ ਧਿਆਨ ਕਰੀਏ ਸੰਨ 2020 ਵਿਚ ਯੂਨਾਈਟਿਡ ਪੌਪੂਲੇਸ਼ਨ ਫੰਡ ਵੱਲੋਂ ਰੀਲੀਜ਼ ਕੀਤੇ ਅੰਕੜਿਆਂ ਵੱਲ! ਕੀ ਕਿਸੇ ਨੂੰ ਅੰਦਾਜ਼ਾ ਹੈ ਕਿ ਭਾਰਤ ਦੀ ਪਿਛਲੇ 50 ਸਾਲਾਂ ਦੀ ਕਾਰਗੁਜ਼ਾਰੀ ਅਨੁਸਾਰ ਧੀਆਂ ਮਾਰਨ ਦੀ ਰਵਾਇਤ ਵਿਚ ਕਿਸ ਹੱਦ ਤੱਕ ਵਾਧਾ ਹੋਇਆ ਹੈ?

ਸੰਨ 1970 ਵਿਚ ਇਸ ਧਰਤੀ ਉੱਤੇ 6 ਕਰੋੜ 10 ਲੱਖ ਕੁੜੀਆਂ ਘੱਟ ਲੱਭੀਆਂ ਸਨ। ਇਸ ਦਾ ਮਤਲਬ ਇਹ ਕੱਢਿਆ ਗਿਆ ਕਿ ਸਾਰੀਆਂ ਜੰਮਣ ਤੋਂ ਬਾਅਦ ਮਾਰ ਮੁਕਾ ਦਿੱਤੀਆਂ ਗਈਆਂ ਸਨ। ਸੰਨ 2020 ਦੇ ਅੰਕੜੇ ਹੋਰ ਵੀ ਦਿਲ ਕੰਬਾਊ ਸਨ। ਹੁਣ ਇਹ ਗਿਣਤੀ ਇੱਕ ਅਰਬ 42 ਕਰੋੜ 60 ਲੱਖ ਤੋਂ ਉਤਾਂਹ ਟੱਪ ਚੁੱਕੀ ਹੈ।

ਅਸੀਂ ਭਾਰਤੀ, ਭਾਰਤ ਦੇ ਅੰਦਰ ਹੋਈਏ ਜਾਂ ਬਾਹਰ, ਦੁਨੀਆਂ ਭਰ ਵਿਚਲੀਆਂ ਔਰਤਾਂ ਦੀ ਘਟਦੀ ਜਾਂਦੀ ਗਿਣਤੀ ਵਿੱਚੋਂ ਲਗਭਗ 46 ਕਰੋੜ ਬੇਟੀਆਂ ਮਾਰਨ ਦੇ ਜ਼ਿੰਮੇਵਾਰ ਮੰਨੇ ਜਾ ਚੁੱਕੇ ਹਾਂ।

ਸੰਨ 2013 ਤੋਂ 2017 ਤੱਕ ਹਰ ਸਾਲ ਚਾਰ ਲੱਖ 60 ਹਜ਼ਾਰ ਬੇਟੀਆਂ ਕੁੱਖ ਵਿਚ ਜਾਂ ਜੰਮਦੇ ਸਾਰ ਭਾਰਤ ਵਿਚ ਮਾਰੀਆਂ ਗਈਆਂ ਤੇ ਸਰਵੇਖਣ ਅਨੁਸਾਰ (ਯੂਨਾਈਟਿਡ ਨੇਸ਼ਨਜ਼ ਵੱਲੋਂ ਸੰਨ 2020 ਵਿਚ ਰੀਲੀਜ਼ ਕੀਤੇ ਗਏ ਅੰਕੜੇ) ਬਾਕੀ ਬਚੀਆਂ ਵਿੱਚੋਂ 26.8 ਫ਼ੀਸਦੀ ਕੁੜੀਆਂ ਬਲਾਤਕਾਰਾਂ ਤੋਂ ਬਚਾਉਣ ਤੇ ਆਪਣੀ ਮਰਜ਼ੀ ਦਾ ਵਰ ਨਾ ਚੁਣ ਲੈਣ ਦੇ ਡਰੋਂ 18 ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ ਹੀ ਵਿਆਹ ਦਿੱਤੀਆਂ ਗਈਆਂ।

ਇਸ ਸਰਵੇਖਣ ਵਿਚ ਸਪਸ਼ਟ ਕੀਤਾ ਗਿਆ ਕਿ ਜਿੰਨੇ ਜ਼ਿਆਦਾ ਅਮੀਰ ਘਰਾਣੇ ਸਨ, ਓਨੇ ਹੀ ਵੱਧ ਉਹ ਕੁੜੀਮਾਰ ਸਨ। ਗ਼ਰੀਬ ਲੋਕਾਂ ਵਿਚ ਕੁੜੀਆਂ ਮਾਰਨ ਦਾ ਰੁਝਾਨ ਘੱਟ ਸੀ।

ਭਾਰਤ ਦੇ ਹੋਮ ਅਫੇਅਰਜ਼ ਮੰਤਰਾਲੇ ਨੇ ਸੰਨ 2018 ਵਿਚ ਰਿਪੋਰਟ ਜਾਰੀ ਕੀਤੀ ਸੀ ਕਿ ਸੰਨ 2016 ਤੋਂ 2018 ਤੱਕ ਭਾਰਤ ਵਿੱਚ ਹਰ 1000 ਮੁੰਡਿਆਂ ਪਿੱਛੇ ਸਿਰਫ਼ 899 ਬੇਟੀਆਂ ਜੰਮੀਆਂ। ਇਨ੍ਹਾਂ ਕਤਲਾਂ ਵਿਚ ਮੁੱਖ ਹਿੱਸੇਦਾਰ ਸੂਬੇ ਸਨ - ਹਰਿਆਣਾ, ਉੱਤਰਾਖੰਡ, ਦਿੱਲੀ, ਗੁਜਰਾਤ, ਰਾਜਸਥਾਨ, ਉੱਤਰ ਪ੍ਰਦੇਸ, ਮਹਾਰਾਸ਼ਟਰ, ਪੰਜਾਬ ਤੇ ਬਿਹਾਰ।

ਭਾਰਤ ਦੇ ਨੈਸ਼ਨਲ ਫੈਮਲੀ ਹੈਲਥ ਸਰਵੇਖਣ, ਜੋ

ਸੰਨ 2015-16 ਵਿਚ ਕਰਵਾਇਆ ਗਿਆ, ਅਨੁਸਾਰ 26.8 ਫ਼ੀਸਦੀ ਭਾਰਤੀ ਕੁੜੀਆਂ ਦਾ ਵਿਆਹ 18 ਸਾਲ ਤੋਂ ਘੱਟ ਉਮਰ ਵਿਚ ਕੀਤਾ ਜਾ ਰਿਹਾ ਸੀ।

ਬਿਹਾਰ ਤੇ ਬੰਗਾਲ ਵਿਚ ਹਰ ਪੰਜਾਂ ਵਿੱਚੋਂ ਦੋ ਕੁੜੀਆਂ ਦਾ ਵਿਆਹ 10 ਤੋਂ 13 ਸਾਲਾਂ ਦੀ ਉਮਰ ਵਿਚ ਹੀ ਕੀਤਾ ਜਾ ਰਿਹਾ ਹੈ। ਕਿਤੇ ਕਿਤੇ ਤਾਂ 8 ਸਾਲਾਂ ਦੀ ਕੁੜੀ ਹੀ ਵਿਆਹ ਕੇ ਤੋਰ ਦਿੱਤੀ ਜਾਂਦੀ ਹੈ।

ਝਾਰਖੰਡ, ਰਾਜਸਥਾਨ, ਆਂਧਰਾ ਪ੍ਰਦੇਸ ਤੇ ਮੱਧ ਪ੍ਰਦੇਸ ਵਿਚਲੀ ਰਿਪੋਰਟ ਅਨੁਸਾਰ ਤਿੰਨਾਂ ਵਿੱਚੋਂ ਇੱਕ ਕੁੜੀ ਦਾ ਵਿਆਹ 13 ਸਾਲਾਂ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ ਹੀ ਕੀਤਾ ਜਾ ਰਿਹਾ ਹੈ।

ਦੁਨੀਆ ਭਰ ਦੇ ਅੰਕੜਿਆਂ ਅਨੁਸਾਰ ਹਰ ਪੰਜਾਂ ਵਿੱਚੋਂ ਇੱਕ ਬੇਟੀ ਬਾਲ ਵਿਆਹ ਵਿਚ ਨੂੜ ਦਿੱਤੀ ਜਾਂਦੀ ਹੈ।

ਜਦੋਂ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ ਗਈ ਤਾਂ ਪ੍ਰਮੁੱਖ ਕਾਰਨ ਸਰੀਰਕ ਸ਼ੋਸ਼ਣ ਤੋਂ ਬਚਾਉਣਾ ਸੀ। ਬਲਾਤਕਾਰ ਦੇ ਵਧਦੇ ਕੇਸਾਂ ਨੂੰ ਵੇਖਦਿਆਂ ਮਾਪੇ ਆਪਣੀਆਂ ਧੀਆਂ ਨੂੰ ਛੋਟੇ ਹੁੰਦਿਆਂ ਹੀ ਵਿਆਹੁਣ ਉੱਤੇ ਮਜਬੂਰ ਹੋ ਚੁੱਕੇ ਸਨ। ਹੋਰ ਕਾਰਨਾਂ ਵਿੱਚ ਗ਼ਰੀਬੀ, ਪੜ੍ਹਾਈ ਨਾ ਕਰਵਾ ਸਕਣਾ, ਕੰਮ ਕਾਰ ਦੀ ਘਾਟ ਸਦਕਾ ਬੇਟੀ ਨੂੰ ਭਾਰ ਮੰਨਣਾ, ਦਾਜ ਤੋਂ ਬਚਣ ਲਈ ਵਡੇਰੀ ਉਮਰ ਵਾਲੇ ਨਾਲ ਵਿਆਹ ਦੇਣਾ, ਬੇਟੀ ਦੀ ਮਰਜ਼ੀ ਨਾਲ ਵਿਆਹ ਹੋਣ ਤੋਂ ਰੋਕਣਾ।

ਨੈਸ਼ਨਲ ਫੈਮਲੀ ਹੈਲਥ ਸਰਵੇਖਣ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਸੰਨ 2015-16 ਵਿਚ ਸਭ ਤੋਂ ਵੱਧ ਉਨ੍ਹਾਂ ਨਾਬਾਲਗ ਬੇਟੀਆਂ ਦੇ ਵਿਆਹ ਹੋਏ ਜਿਨ੍ਹਾਂ ਦੇ ਘਰ ਅਤਿ ਦੀ ਗ਼ਰੀਬੀ ਸੀ। ਨਾ ਉਨ੍ਹਾਂ ਬੇਟੀਆਂ ਨੂੰ ਪੜ੍ਹਾਇਆ ਗਿਆ ਸੀ ਤੇ ਨਾ ਹੀ ਘਰ ਖਾਣ ਨੂੰ ਕੁੱਝ ਦਿੱਤਾ ਜਾ ਰਿਹਾ ਸੀ। ਉਨ੍ਹਾਂ ਨੂੰ ਭਾਰ ਤੇ ਪਰਾਇਆ ਧਨ ਮੰਨਦਿਆਂ ਛੇਤੀ ਤੋਰ ਦਿੱਤਾ ਗਿਆ ਸੀ।

ਇਨ੍ਹਾਂ ਅੰਕੜਿਆਂ ਤੋਂ ਇਹ ਗੱਲ ਸਾਹਮਣੇ ਆਈ ਕਿ ਜੇ ਬੇਟੀਆਂ ਦੀ ਪੜ੍ਹਾਈ ਸ਼ੁਰੂ ਹੋ ਜਾਏ ਤੇ ਘੱਟੋ-ਘੱਟ ਅੱਠਵੀਂ ਤੱਕ ਜ਼ਰੂਰ ਲਾਜ਼ਮੀ ਕਰ ਦਿੱਤੀ ਜਾਏ ਤਾਂ ਇਨ੍ਹਾਂ ਵਿੱਚੋਂ ਅੱਧੀਆਂ ਤੋਂ ਵੱਧ 14 ਸਾਲ ਦੀ ਉਮਰ ਜ਼ਰੂਰ ਟੱਪ ਜਾਣਗੀਆਂ। ਵਿਸ਼ਵ ਪੱਧਰ ਉੱਤੇ ਇਹ ਅੰਕੜੇ ਪਰੇਸ਼ਾਨ ਕਰਨ ਵਾਲੇ ਸਨ

ਜਿਹੜੀਆਂ ਭਾਰਤੀ ਬੇਟੀਆਂ 18 ਸਾਲਾਂ ਤੋਂ ਘੱਟ ਉਮਰ ਵਿਚ ਵਿਆਹੀਆਂ ਗਈਆਂ, ਉਨ੍ਹਾਂ ਵਿੱਚੋਂ 32 ਫ਼ੀਸਦੀ ਆਪਣੇ ਪਤੀਆਂ ਹੱਥੋਂ, ਜੋ ਕਿ ਉਮਰ ਵਿਚ ਲਗਭਗ ਦੁੱਗਣੀ ਵੱਡੀ ਉਮਰ ਦੇ ਸਨ, ਬੇਤਹਾਸ਼ਾ ਮਾਰ ਕੁਟਾਈ ਸਹਿ ਰਹੀਆਂ ਸਨ।

ਇਹੀ ਅੰਕੜੇ ਸਿਰਫ਼ 17 ਫ਼ੀਸਦੀ ਵੇਖੇ ਗਏ ਜਦੋਂ ਬਾਲਗ ਔਰਤਾਂ ਦੇ ਵਿਆਹ ਕੀਤੇ ਗਏ। ਇਹ ਸਰਵੇਖਣ 8000 ਔਰਤਾਂ ਵਿਚ ਅਤੇ ਪੰਜ ਸੂਬਿਆਂ ਵਿਚ ਕੀਤਾ ਗਿਆ ਸੀ-ਆਂਧਰਾ ਪ੍ਰਦੇਸ, ਬਿਹਾਰ, ਝਾਰਖੰਡ, ਮਹਾਰਾਸ਼ਟਰ ਅਤੇ ਰਾਜਸਥਾਨ।

ਦੱਖਣੀ ਭਾਰਤ ਵਿਚ ਸੰਨ 2015-16 ਵਿਚ ਲਗਾਤਾਰ ਜਾਗਰੂਕਤਾ ਫੈਲਾਉਣ ਬਾਅਦ ਸੰਨ 2005-06 ਦੇ ਅੰਕੜਿਆਂ ਨਾਲੋਂ ਬਾਲ ਵਿਆਹਾਂ ਵਿਚ 47 ਫ਼ੀਸਦੀ ਘਾਟਾ ਦਿਸਿਆ। ਇਸ ਸਭ ਦੇ ਬਾਵਜੂਦ 2.39 ਲੱਖ ਕੁੜੀਆਂ ਪੰਜ ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ ਹੀ ਮੌਤ ਦੇ ਮੂੰਹ ਵਿਚ ਜਾ ਰਹੀਆਂ ਲੱਭੀਆਂ। ਕਾਰਨ- ਕੁੜੀਆਂ ਨੂੰ ਬੋਝ ਮੰਨਣਾ ਤੇ ਪਰਾਈ ਅਮਾਨਤ ਸਮਝ ਕੇ ਇਲਾਜ ਖੁਣੋਂ ਮਰਨ ਲਈ ਛੱਡ ਦੇਣਾ ਤੇ ਕੁਦਰਤੀ ਮੌਤ ਦਾ ਨਾਂ ਦੇ ਦੇਣਾ। ਇਹ ਅੰਕੜੇ ਉੱਤਰ ਪ੍ਰਦੇਸ, ਬਿਹਾਰ, ਰਾਜਸਥਾਨ ਤੇ ਮੱਧ ਪ੍ਰਦੇਸ ਦੇ ਸਨ।

ਆਸਟਰੀਆ ਦੇ ਅੰਤਰਰਾਸ਼ਟਰੀ ਇੰਸਟੀਚਿਊਟ ਫਾਰ ਅਪਲਾਈਡ ਸਿਸਟਮ ਅਨੈਲਿਸਿਸ ਵੱਲੋਂ ਕੀਤੀ ਖੋਜ ਅਨੁਸਾਰ ਸੰਨ 2015-16 ਵਿਚ 2.39 ਲੱਖ ਬੱਚੀਆਂ ਜੰਮਣ ਤੋਂ ਬਾਅਦ ਤੇ ਇਨ੍ਹਾਂ ਤੋਂ ਕਿਤੇ ਵੱਧ ਜੰਮਣ ਤੋਂ ਪਹਿਲਾਂ ਭਾਰਤ ਵਿਚ ਮਾਰੀਆਂ ਜਾ ਰਹੀਆਂ ਸਨ।

ਖ਼ੋਜੀ ਕਰਿਸਟੌਫ ਗਿਲਮੋਟੋ ਅਨੁਸਾਰ ਭਾਰਤ ਵਿਚ ਜੰਮਣ ਤੋਂ ਬਾਅਦ ਮਾਰੀਆਂ ਜਾ ਰਹੀਆਂ ਬੇਟੀਆਂ ਵਿੱਚੋਂ 90 ਫ਼ੀਸਦੀ ਨੂੰ ਘੱਟ ਖਾਣਾ ਖਾਣ ਨੂੰ ਦਿੱਤਾ ਜਾਂਦਾ ਹੈ, ਮੁਫ਼ਤ ਟੀਕਾਕਰਨ ਵੀ ਨਹੀਂ ਕਰਵਾਇਆ ਜਾਂਦਾ, ਪੂਰੇ ਕੱਪੜੇ ਵੀ ਪਾਉਣ ਨੂੰ ਨਹੀਂ ਦਿੱਤੇ ਜਾਂਦੇ ਤੇ ਲੋੜੋਂ ਵੱਧ ਕੰਮ ਕਰਵਾ ਕੇ

ਇਲਾਜ ਖੁਣੋਂ ਮਰਨ ਲਈ ਛੱਡ ਦਿੱਤਾ ਜਾਂਦਾ ਹੈ। ਇਹ ਤੱਥ ਵੀ ਉੱਤਰ ਪ੍ਰਦੇਸ, ਬਿਹਾਰ, ਰਾਜਸਥਾਨ ਤੇ ਮੱਧ ਪ੍ਰਦੇਸ ਦੇ ਹੀ ਸਨ ਜਿੱਥੇ ਪੂਰੇ ਭਾਰਤ ਵਿਚ ਨਾਬਾਲਗ ਬੇਟੀਆਂ ਦੀਆਂ ਹੋ ਰਹੀਆਂ ਮੌਤਾਂ ਦੇ ਦੋ ਤਿਹਾਈ ਕੇਸ ਲੱਭੇ। ਯੋਗਦਾਨ ਵਜੋਂ ਵੇਖੀਏ ਕਿ ਕਿੰਨੇ ਫ਼ੀਸਦੀ ਉੱਥੇ ਦੇ ਲੋਕ ਅਜਿਹੀ ਸੋਚ ਰੱਖਦੇ ਸਨ-ਉੱਤਰ ਪ੍ਰਦੇਸ਼ (30.5 ਫ਼ੀਸਦੀ), ਬਿਹਾਰ (28.5 ਫ਼ੀਸਦੀ), ਰਾਜਸਥਾਨ (22.1 ਫ਼ੀਸਦੀ) ਤੇ ਮੱਧ ਪ੍ਰਦੇਸ (25.4 ਫ਼ੀਸਦੀ)।

ਇਨ੍ਹਾਂ ਵਿੱਚੋਂ 74.6 ਫ਼ੀਸਦੀ ਪੇਂਡੂ, ਗ਼ਰੀਬ, ਘੱਟ ਪੜ੍ਹੀਆਂ ਲਿਖੀਆਂ ਤੇ ਅਨੇਕ ਬੱਚੇ ਜੰਮ ਚੁੱਕੀਆਂ ਮਾਵਾਂ ਦੀਆਂ ਬੇਟੀਆਂ ਸਨ।

ਨੰਦਿਤਾ ਸਾਈਕਿਆ, ਜੋ ਇਨ੍ਹਾਂ ਪਹਿਲੂਆਂ ਉੱਤੇ ਕੰਮ ਕਰਦੀ ਰਹੀ ਸੀ, ਨੇ ਵੀ ਸਪਸ਼ਟ ਕੀਤਾ ਸੀ ਕਿ ਇਨ੍ਹਾਂ ਸੂਬਿਆਂ ਵਿਚ ਬੇਟੀਆਂ ਦੀ ਬਹੁਤ ਬੇਕਦਰੀ ਕੀਤੀ ਜਾਂਦੀ ਸੀ ਤੇ ਹੁਣ ਤੱਕ ਵੀ ਜਾਰੀ ਹੈ। ਉੱਤਰੀ ਭਾਰਤ ਵਿਚ ਵੀ ਬੇਟੇ ਦੀ ਇੱਛਾ ਨੇ ਬੇਟੀਆਂ ਦੀ ਵੱਡੀ ਘਾਟ ਪੈਦਾ ਕਰ ਦਿੱਤੀ ਹੈ ਜੋ ਔਰਤਾਂ ਉੱਤੇ ਵਧਦੇ ਤਸ਼ੱਦਦ ਅਤੇ ਬਲਾਤਕਾਰਾਂ ਦਾ ਕਾਰਨ ਬਣਦਾ ਜਾ ਰਿਹਾ ਹੈ।

ਯੂਨਾਈਟਿਡ ਨੇਸ਼ਨਜ਼ ਅਨੁਸਾਰ ਚੀਨ ਤੋਂ ਬਾਅਦ ਭਾਰਤ ਹੀ ਹੈ ਜੋ ਕੁੜੀਆਂ ਮਾਰਨ ਵਿਚ ਮੋਹਰੀ ਬਣਦਾ ਜਾ ਰਿਹਾ ਹੈ। ਚੀਨ ਵਿਚ 72 ਕਰੋੜ 30 ਲੱਖ ਕੁੜੀਆਂ ਸੰਨ 2020 ਵਿਚ ਘੱਟ ਲੱਭੀਆਂ ਤੇ ਭਾਰਤ ਵਿਚ 45 ਕਰੋੜ 80 ਲੱਖ। ਮੈਂ ਪਹਿਲਾਂ ਹੀ ਦਸ ਚੁੱਕੀ ਹਾਂ ਕਿ ਯੂਨਾਈਟਿਡ ਨੇਸ਼ਨਜ਼ ਅਨੁਸਾਰ ਸੰਨ 2013 ਤੋਂ 2017 ਤੱਕ ਹਰ ਸਾਲ ਚਾਰ ਲੱਖ 60 ਹਜ਼ਾਰ ਬੇਟੀਆਂ ਭਾਰਤ ਵਿਚ ਜੰਮਦੇ ਸਾਰ ਮਾਰੀਆਂ ਗਈਆਂ। ਉਸੇ ਰਿਪੋਰਟ ਅਨੁਸਾਰ ਇਨ੍ਹਾਂ ਵਿੱਚੋਂ ਦੋ ਤਿਹਾਈ ਜੰਮਣ ਤੋਂ ਪਹਿਲਾਂ ਤੇ ਇੱਕ ਤਿਹਾਈ ਜੰਮਣ ਤੋਂ ਬਾਅਦ ਮਾਰ ਮੁਕਾਈਆਂ ਗਈਆਂ। ਇਸ ਰਿਪੋਰਟ ਵਿਚ ਅੱਗੇ ਲਿਖਿਆ ਹੈ ਕਿ ਚੀਨ ਅਤੇ ਭਾਰਤ ਨੇ ਮਿਲ ਕੇ ਦੁਨੀਆ ਭਰ ਦੀਆਂ ਮਾਦਾ ਭਰੂਣ ਹੱਤਿਆਵਾਂ ਦਾ 95 ਫ਼ੀਸਦੀ ਹਿੱਸਾ ਆਪਣੇ ਸਿਰ ਲਿਆ ਹੋਇਆ ਹੈ। ਇਨ੍ਹਾਂ ਹੱਤਿਆਵਾਂ ਦੀ ਗਿਣਤੀ ਹਰ ਸਾਲ ਇੱਕ ਕਰੋੜ 50 ਲੱਖ ਤੱਕ ਪਹੁੰਚ ਜਾਂਦੀ ਹੈ।

ਲੈਨਸਟ ਰਿਸਾਲੇ ਵਿਚ ਛਪੀ ਰਿਪੋਰਟ ਅਨੁਸਾਰ ਇਨ੍ਹਾਂ ਦੋਨਾਂ ਮੁਲਕਾਂ ਵਿਚ ਜਨਮ ਦਰ ਵੀ ਦੁਨੀਆਂ ਭਰ ਵਿੱਚੋਂ ਸਭ ਤੋਂ ਵੱਧ ਹੈ। ਨਤੀਜੇ ਵਜੋਂ ਕੁੜੀਆਂ ਦੀ ਦਿਨੋਂ-ਦਿਨ ਘਟਦੀ ਗਿਣਤੀ ਸਦਕਾ ਅਣਵਿਆਹੇ ਮੁੰਡਿਆਂ ਦੀ ਭਰਮਾਰ, ਜੋ ਹੋਰਨਾਂ ਮੁਲਕਾਂ ਵਿੱਚੋਂ ਪਤਨੀਆਂ ਭਾਲਦੇ ਹਨ ਜਾਂ ਜਬਰ ਜ਼ਿਨਾਹ ਕਰ ਕੇ ਸਰੀਰਕ ਭੁੱਖ ਮਿਟਾਉਂਦੇ ਹਨ।

ਇਸ ਸਾਲ ਭਾਰਤ ਕੁੜੀਆਂ ਦੀ ਮਾਰਨ ਦੀ ਗਿਣਤੀ ਵਿਚ ਮੋਹਰੀ ਹੋ ਗਿਆ ਹੈ ਤੇ ਹੁਣ ਹਰ ਜੰਮਣ ਵਾਲੀਆਂ ਨੌਂ ਵਿੱਚੋਂ ਇੱਕ ਭਾਰਤੀ ਧੀ ਕੁੱਖ ਵਿਚ ਮਾਰੀ ਜਾਣ ਲੱਗ ਪਈ ਹੈ। ਇਸ ਦਾ ਮਤਲਬ ਹੈ ਹਰ ਹਜ਼ਾਰ ਬੇਟੀਆਂ ਵਿੱਚੋਂ 13.5 ਫ਼ੀਸਦੀ ਜਨਮ ਹੀ ਨਹੀਂ ਲੈ ਰਹੀਆਂ।

ਭਾਰਤ ਤੇ ਵੀਅਤਨਾਮ ਵਿਚ ਬੇਟੀਆਂ ਪ੍ਰਤੀ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ। 'ਪਰਾਇਆ ਧਨ' ਦੀ ਥਾਂ 'ਆਪਣਾ ਧਨ' ਕਹਿਣ ਉੱਤੇ ਜ਼ੋਰ ਪਾਇਆ ਜਾਣ ਲੱਗ ਪਿਆ। ਔਰਤਾਂ ਲਈ ਰਿਜ਼ਰਵੇਸ਼ਨ ਤੇ ਉਨ੍ਹਾਂ ਦੀਆਂ ਹਾਸਲ ਕੀਤੀਆਂ ਸਫ਼ਲਤਾਵਾਂ ਉਜਾਗਰ ਕੀਤੀਆਂ ਜਾਣ ਲੱਗ ਪਈਆਂ ਹਨ। ਇੰਜ ਹੀ ਇਕੱਲੀਆਂ ਬੇਟੀਆਂ ਵਾਲੇ ਟੱਬਰ ਲਈ ਵੀ ਮਾਣ ਸਨਮਾਨ ਜਾਂ ਸਰਕਾਰੀ ਸਹੂਲਤਾਂ ਐਲਾਨ ਕੀਤੀਆਂ ਗਈਆਂ ਹਨ। ਮੁਫ਼ਤ ਵਿੱਦਿਆ, ਕਿਤਾਬਾਂ, ਵਰਦੀਆਂ, ਸਕੂਲੀ ਖਾਣਾ ਆਦਿ ਵਰਗੀਆਂ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ। 'ਆਪਣੀ ਬੇਟੀ ਆਪਣਾ ਧਨ' ਭਾਰਤ ਵਿਚ ਐਲਾਨਿਆ ਗਿਆ ਹੈ।

ਇਸ ਸਭ ਦੇ ਬਾਵਜੂਦ ਧੀਆਂ ਦਾ ਕੁੱਖ ਵਿਚ ਮਾਰਿਆ ਜਾਣਾ ਜਾਂ ਜੰਮਣ ਬਾਅਦ ਮਾਰਿਆ ਜਾਣਾ ਜਾਰੀ ਹੈ।

ਇਸੇ ਲਈ ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ ਵੱਲੋਂ ਹੁਣ ਜਾਰੀ ਕੀਤੀ ਚੇਤਾਵਨੀ ਅਨੁਸਾਰ ਗ਼ਰੀਬ ਘਰਾਂ ਲਈ ਨੂੰਹਾਂ ਮਿਲਣੀਆਂ ਔਖੀਆਂ ਹੋ ਜਾਣਗੀਆਂ। ਅਮੀਰ ਘਰ ਹੋਰਨਾਂ ਦੀਆਂ ਬੇਟੀਆਂ ਦੇ ਬਾਲ ਵਿਆਹ ਕਰਵਾਉਣ ਉੱਤੇ ਜ਼ੋਰ ਪਾਉਣਗੇ ਜਾਂ ਨੂੰਹਾਂ ਖ਼ਰੀਦ ਲਿਆਉਣਗੇ। ਨਤੀਜੇ ਵਜੋਂ ਸੰਨ 2050 ਤੱਕ 50 ਸਾਲਾ ਅਣਵਿਆਹੇ ਭਾਰਤੀ ਨੌਜਵਾਨਾਂ ਵਿਚ 10 ਫ਼ੀਸਦੀ ਹੋਰ ਵਾਧਾ ਹੋ ਜਾਣ ਵਾਲਾ ਹੈ।

ਇਸ ਦਾ ਸਪਸ਼ਟ ਮਤਲਬ ਇਹ ਹੈ ਕਿ ਗ਼ਰੀਬ ਘਰਾਂ ਦੇ ਬੇਰੁਜ਼ਗਾਰ ਜਾਂ ਘੱਟ ਕਮਾਈ ਵਾਲੇ ਨੌਜਵਾਨਾਂ ਕੋਲ ਸਰੀਰਕ ਭੁੱਖ ਮਿਟਾਉਣ ਦੇ ਦੋ ਹੀ ਰਾਹ ਬਚਣਗੇ - ਸਮੂਹਕ ਜਬਰ-ਜ਼ਿਨਾਹ ਜਾਂ ਘਰ ਵਿਚਲੇ ਭਰਾਵਾਂ ਵਿੱਚ ਇੱਕੋ ਭਰਜਾਈ ਵੰਡ ਲਈ ਜਾਵੇ!

ਮੌਜੂਦਾ ਭਿਆਨਕ ਤਰੀਕੇ ਹੋ ਰਹੇ ਜਬਰ ਜ਼ਨਾਹਾਂ ਵਿਚ ਵਾਧੇ ਦਾ ਇਹੋ ਕਾਰਨ ਮੰਨਦਿਆਂ ਯੂਨਾਈਟਿਡ ਨੇਸ਼ਨਜ਼ ਨੇ ਬੇਟੀਆਂ ਉੱਤੇ ਹੋ ਰਹੇ ਹੋਰ ਵੀ ਅਣਮਨੁੱਖੀ ਵਰਤਾਰਿਆਂ ਨੂੰ ਉਜਾਗਰ ਕੀਤਾ ਹੈ ਬੇਟੀਆਂ ਦਾ ਖ਼ਤਨਾ, ਉਨ੍ਹਾਂ ਦੀਆਂ ਛਾਤੀਆਂ ਉੱਤੇ ਗਰਮ ਪ੍ਰੈੱਸ ਫੇਰਨੀ, ਅੰਦਰੂਨੀ ਅੰਗਾਂ ਦੀ ਕੱਟ ਵੱਢ!

ਇਹ ਅਣਮਨੁੱਖੀ ਤਸੀਹੇ ਧੀਆਂ ਨੂੰ ਚੁਫੇਰੇ ਫਿਰਦੇ ਬਘਿਆੜਾਂ ਤੋਂ ਬਚਾਉਣ ਲਈ ਮਾਪੇ ਹੀ ਕਰਨ ਲੱਗ ਪਏ ਹਨ। ਸੰਨ 2021 ਦੇ ਅੰਤ ਤੱਕ ਅਜਿਹੇ ਅਣਮਨੁੱਖੀ ਵਰਤਾਰਿਆਂ ਦੀ ਭੇਂਟ ਚੜ੍ਹਨ ਵਾਲੀਆਂ ਬੇਟੀਆਂ ਦੀ ਗਿਣਤੀ ਯੂਨਾਈਟਿਡ ਨੇਸ਼ਨਜ਼ ਅਨੁਸਾਰ 41 ਲੱਖ ਪਹੁੰਚੇਗੀ ਤੇ 33,000 ਦੇ ਕਰੀਬ ਬੇਟੀਆਂ ਬਾਲ ਵਿਆਹਾਂ ਵੱਲ ਧੱਕੀਆਂ ਜਾਣਗੀਆਂ ਜਿਨ੍ਹਾਂ ਵਿੱਚੋਂ ਬਥੇਰੀਆਂ ਆਪਣੇ ਤੋਂ ਤਿੰਨ ਗੁਣਾਂ ਵਡੇਰੀ ਉਮਰ ਵਾਲਿਆਂ ਨਾਲ ਨਰਕ ਭੋਗਣ ਉੱਤੇ ਮਜਬੂਰ ਕਰ ਦਿੱਤੀਆਂ ਜਾਣਗੀਆਂ।

ਸਭ ਤੋਂ ਭਿਆਨਕ ਅੰਕੜੇ ਇਹ ਦਰਸਾਏ ਗਏ ਹਨ ਕਿ ਕੁੱਖ ਵਿਚ ਮਾਰੇ ਜਾਣ ਵਾਲੀਆਂ ਧੀਆਂ ਦੀ ਗਿਣਤੀ ਇਸ ਸਾਲ 14 ਕਰੋੜ ਪਹੁੰਚੇਗੀ!

ਕੋਵਿਡ ਮਹਾਂਮਾਰੀ ਦੌਰਾਨ ਲਗਭਗ ਇੱਕ ਕਰੋੜ 30 ਲੱਖ ਬੇਟੀਆਂ ਨੌਕਰੀਆਂ ਛੁਟ ਜਾਣ ਅਤੇ ਗ਼ਰੀਬੀ ਦੀ ਮਾਰ ਝੱਲਦੀਆਂ ਜਬਰੀ ਵਿਆਹੀਆਂ ਗਈਆਂ ਅਤੇ 20 ਲੱਖ ਦੇ ਕਰੀਬ ਨੂੰ ਜਬਰ-ਜ਼ਿਨਾਹ ਤੋਂ ਬਚਾਉਣ ਲਈ ਅੰਦਰੂਨੀ ਅੰਗਾਂ ਦੇ ਵੱਢੇ ਜਾਣ ਦੀ ਪੀੜ ਸਹਿਣੀ ਪਈ।

ਸਿਰਫ਼ ਇਹ ਹੀ ਨਹੀਂ, ਘਰਾਂ ਵਿਚ ਕੈਦ ਬਾਲੜੀਆਂ ਵਿੱਚੋਂ ਵੀ 41 ਤੋਂ 47 ਫ਼ੀਸਦੀ ਘਰੇਲੂ ਹਿੰਸਾ ਜਾਂ ਆਪਣਿਆਂ ਵੱਲੋਂ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਹੋਈਆਂ।

ਸੰਨ 2021 ਜਨਵਰੀ ਵਿਚ ਯੂਨਾਈਟਿਡ ਨੇਸ਼ਨਜ ਪਾਪੂਲੇਸ਼ਨ ਫੰਡ ਵੱਲੋਂ ਜਾਰੀ ਪਰਚੇ ਅਨੁਸਾਰ ਜੇ ਹੁਣ 3.4 ਬਿਲੀਅਨ ਅਮਰੀਕਨ ਡਾਲਰ ਸੰਨ 2030 ਤੱਕ ਸਿਰਫ਼ ਧੀਆਂ ਦੀ ਸਕੂਲੀ ਪੜ੍ਹਾਈ, ਚੰਗੀ ਮਾੜੀ ਛੋਹ ਬਾਰੇ ਦੱਸਣ, ਬੇਟੀਆਂ ਦੀ ਸਰੀਰਕ ਤਾਕਤ ਵਧਾਉਣ ਅਤੇ ਉਨ੍ਹਾਂ ਨੂੰ ਕਮਾਈ ਯੋਗ ਬਣਾਉਣ ਉੱਤੇ ਲਾਏ ਜਾਣ, ਤਾਂ ਹੀ ਆਉਣ ਵਾਲੇ ਸਮੇਂ ਵਿਚ ਬੇਟੀਆਂ ਪ੍ਰਤੀ ਸੋਚ ਵਿਚ ਕੁੱਝ ਤਬਦੀਲੀ ਨਜ਼ਰ ਆ ਸਕਦੀ ਹੈ।

ਪਰ ਸਭ ਤੋਂ ਅਹਿਮ ਨੁਕਤਾ ਜੋ ਇਸੇ ਪਰਚੇ ਵਿਚ ਉਜਾਗਰ ਕੀਤਾ ਗਿਆ ਹੈ, ਉਹ ਹੈ-ਪੁੱਤਰਾਂ ਤੇ ਆਦਮੀਆਂ ਨੂੰ ਸਕੂਲਾਂ ਕਾਲਜਾਂ ਵਿਚ ਸਿਰਫ਼ ਆਮਦਨ ਕਮਾਉਣ ਦੇ ਸਾਧਨ ਹੀ ਨਾ ਸਿਖਾਏ ਜਾਣ, ਬਲਕਿ ਔਰਤ ਜ਼ਾਤ ਦਾ ਆਦਰ ਕਰਨ ਅਤੇ ਉਸ ਨੂੰ ਬਰਾਬਰੀ ਦਾ ਦਰਜਾ ਦੇਣ ਉੱਤੇ ਜ਼ੋਰ ਪਾਉਣ ਬਾਰੇ ਸਮਝਾਇਆ ਜਾਵੇ।

ਇਸੇ ਦੇ ਨਾਲ ਹੀ ਇੱਕ ਹੋਰ ਬਹੁਤ ਅਹਿਮ ਗੱਲ ਉੱਤੇ ਜ਼ੋਰ ਪਾਇਆ ਗਿਆ ਹੈ - ਘਰੇਲੂ ਹਿੰਸਾ ਉੱਤੇ ਸੰਪੂਰਨ ਰੂਪ ਵਿਚ ਰੋਕ! ਇੰਜ ਜਿੱਥੇ ਘਰ ਵਿਚਲੇ ਪੁੱਤਰਾਂ ਨੂੰ ਇੱਕ ਉਦਾਹਰਨ ਮਿਲੇਗੀ ਕਿ ਔਰਤਾਂ ਦੀ ਇੱਜ਼ਤ ਕਿਵੇਂ ਕਰਨੀ ਹੁੰਦੀ ਹੈ, ਉੱਥੇ ਪੁੱਤਰਾਂ ਨੂੰ ਘਰੇਲੂ ਕੰਮਾਂ, ਖ਼ਾਸ ਕਰ ਮਾਂ ਦਾ ਹੱਥ ਵਟਾਉਣਾ ਸਿਖਾਇਆ ਜਾਣਾ ਲਾਜ਼ਮੀ ਕਰ ਦੇਣਾ ਚਾਹੀਦਾ ਹੈ।

ਇਨ੍ਹਾਂ ਸਾਰੇ ਅੰਕੜਿਆਂ, ਖੋਜਾਂ, ਅਗਾਊਂ ਕਰਨ ਵਾਲੇ ਕੰਮਾਂ ਅਤੇ ਨੁਕਤਿਆਂ ਉੱਤੇ ਮੈਂ ਵੇਲੇ ਸਿਰ ਚਾਨਣਾ ਪਾ ਦਿੱਤਾ ਹੈ। ਵੇਖੀਏ ਹੁਣ ਆਉਣ ਵਾਲਾ ਸਮਾਂ ਚੰਗਾ ਹੋਣ ਵਾਲਾ ਹੈ ਜਾਂ ਦਰਿੰਦਗੀ ਕਰਨ ਵਾਲੇ ਰਾਖਸ਼ਾਂ ਵਿਚ ਵਾਧਾ ਹੋਣ ਵਾਲਾ ਹੈ!

28, ਪ੍ਰੀਤ ਨਗਰ, ਲੋਅਰ ਮਾਲ
ਪਟਿਆਲਾ।
0175-2216783

# ਅੱਖਾਂ ਕੱਚੀਆਂ, ਹੁਲਾਰੇ ਲੈਣ ਨੱਤੀਆਂ



ਜੋਗਿੰਦਰ ਕੌਰ ਅਗਨੀਹੋਤਰੀ

ਸੁੰਦਰਤਾ ਦੋ ਪ੍ਰਕਾਰ ਦੀ ਹੁੰਦੀ ਹੈ। ਇੱਕ ਬਾਹਰੀ ਤੇ ਦੂਜੀ ਅੰਦਰਲੀ। ਬਾਹਰਲੀ ਸੁੰਦਰਤਾ ਵਿੱਚ ਮਨੁੱਖ ਦਾ ਰੰਗ, ਰੂਪ ਤੇ ਨੈਣ ਨਕਸ਼ ਆ ਜਾਂਦੇ ਹਨ। ਅੰਦਰਲੀ ਸੁੰਦਰਤਾ ਵਿੱਚ ਮਨੁੱਖ ਦੇ ਗੁਣ ਆਉਂਦੇ ਹਨ। ਬਾਹਰਲੀ ਸੁੰਦਰਤਾ ਨਾਲੋਂ ਅੰਦਰਲੀ ਸੁੰਦਰਤਾ ਸਦੀਵੀ ਤੇ ਪ੍ਰਭਾਵਸ਼ਾਲੀ ਹੁੰਦੀ ਹੈ। ਜਿਸ ਦਾ ਫ਼ਲ ਮਨੁੱਖ ਸਾਰੀ ਉਮਰ ਭੋਗਦਾ ਹੈ ਕਿਉਂਕਿ ਗੁਣਾਂ ਦੀ ਕਦਰ ਹਮੇਸ਼ਾ ਹੀ ਹੁੰਦੀ ਹੈ। ਮਨੁੱਖ ਦੇ ਗੁਣ ਹੀ ਉਸ ਦੀ ਸ਼ਖ਼ਸੀਅਤ ਨੂੰ ਉਜਾਗਰ ਕਰਦੇ ਹਨ। ਚੰਗੇ ਗੁਣਾਂ ਦਾ ਧਾਰਨੀ ਵਿਅਕਤੀ ਸਮਾਜ ਵੱਲੋਂ ਵਡਿਆਇਆ ਜਾਂਦਾ ਹੈ। ਉਹ ਲੋਕਾਂ ਲਈ ਆਦਰਸ਼ ਬਣਦਾ ਹੈ। ਲੋਕ ਉਸਦੇ ਗੁਣਾਂ ਨੂੰ ਧਾਰਨ ਕਰਨਾ ਚਾਹੁੰਦੇ ਹਨ। ਉਨ੍ਹਾਂ ਦੇ ਚੰਗੇ ਗੁਣਾਂ ਦੀਆਂ ਉਦਾਹਰਨਾਂ ਵੀ ਦਿੱਤੀਆਂ ਜਾਂਦੀਆਂ ਹਨ। ਅਜਿਹੇ ਚੰਗੇ ਗੁਣਾਂ ਵਾਲੇ ਵਿਅਕਤੀ ਚੰਗੇ ਤੇ ਨਰੋਏ ਸਮਾਜ ਦੀ ਉਸਾਰੀ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ।

ਜੇਕਰ ਦੇਖਿਆ ਜਾਵੇ ਤਾਂ ਰੰਗ ਦੋ ਹੀ ਹਨ। ਗੋਰਾ ਤੇ ਕਾਲਾ। ਕਾਲਾ ਤਾਂ ਹੀ ਕਾਲਾ ਮੰਨਿਆ ਜਾਂਦਾ ਹੈ ਜੇ ਥੋੜ੍ਹਾ ਜਿਹਾ ਜ਼ਿਆਦਾ ਹੋਵੇ। ਉਂਜ ਕਣਕ ਵੰਨਾ ਰੰਗ ਵਧੀਆ ਹੁੰਦਾ ਹੈ। ਜ਼ਿਆਦਾ ਗੋਰੇ ਰੰਗ ਨਾਲ ਵੀ ਸੁੰਦਰਤਾ ਨਹੀਂ ਲਗਦੀ। ਚਿਹਰੇ ਦੀਆਂ ਚਿੱਟੀਆਂ ਲਕੀਰਾਂ ਸੁੰਦਰਤਾ ਦਾ ਪ੍ਰਮਾਣ ਨਹੀਂ।

ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਰੰਗ ਕਾਲਾ ਸੀ ਪਰ ਗਿਆਨ ਤੇ ਗੁਣਾਂ ਕਾਰਨ ਹੀ ਉਨ੍ਹਾਂ ਦੀ ਪੂਜਾ ਹੁੰਦੀ ਹੈ। ਧਾਰਮਿਕ ਵਿਚਾਰਧਾਰਾ ਅਨੁਸਾਰ ਉਨ੍ਹਾਂ ਨੇ ਧਰਮ ਦੀ ਰੱਖਿਆ ਕੀਤੀ ਤੇ ਅਧਰਮ ਦਾ ਨਾਸ਼ ਕੀਤਾ। ਪ੍ਰਸਿੱਧ ਗ੍ਰੰਥ 'ਗੀਤਾ' ਗਿਆਨ ਦਾ ਭੰਡਾਰ ਹੈ। ਮਹਾਂਭਾਰਤ ਵਿੱਚ ਅਰਜੁਨ ਨੂੰ ਉਪਦੇਸ਼ ਦੇ ਕੇ ਅਧਰਮ ਦੇ ਖ਼ਿਲਾਫ਼ ਤਿਆਰ ਕੀਤਾ। ਜੇਕਰ ਅਸੀਂ ਇਸ ਤੱਥ ਨੂੰ ਅਣਗੌਲਿਆ ਕਰ ਦੇਈਏ ਤਾਂ ਵੀ ਇਹ ਉਸ ਸਮੇਂ ਦੀ ਲੋੜ ਸੀ ਕਿ ਜ਼ੁਲਮ ਤੇ ਅਨਿਆਂ ਦੇ ਖ਼ਿਲਾਫ਼ ਆਵਾਜ਼ ਉੱਠਣੀ ਹੀ ਚਾਹੀਦੀ ਸੀ। ਇਸ ਲਈ ਹੀ ਮਹਾਂਭਾਰਤ ਦੇ ਯੁੱਧ ਵਿੱਚ ਸ੍ਰੀ ਕ੍ਰਿਸ਼ਨ ਜੀ ਇੱਕ ਨਾਇਕ ਵਜੋਂ ਪੇਸ਼ ਹੋਏ।

ਪ੍ਰਸਿੱਧ ਅਰਥ ਸ਼ਾਸਤਰੀ ਕੌਟਲਿਆ ਜਿਸ ਨੂੰ ਚਾਣਕਿਆ ਵੀ ਕਿਹਾ ਜਾਂਦਾ ਹੈ, ਦੀ ਵੀ ਰਾਜਨੀਤੀ ਨੂੰ ਬਹੁਤ ਵੱਡੀ ਦੇਣ ਹੈ। ਚਾਣਕਿਆ ਨੀਤੀ ਸਾਡੇ ਇਤਿਹਾਸ ਵਿੱਚ ਮਹੱਤਵਪੂਰਨ ਥਾਂ ਰੱਖਦੀ ਹੈ। ਪੋਰਸ ਦੇ ਖ਼ਿਲਾਫ਼ ਸਿਕੰਦਰ ਨੂੰ ਭੜਕਾਉਣ ਵਾਲੇ ਰਾਜੇ ਆਂਭੀ ਦੀ ਚਾਲ ਨੂੰ ਚਾਣਕਿਆ ਨੇ ਸਮਝ ਲਿਆ ਤੇ ਤੁਰੰਤ ਪਾਟਲੀਪੁੱਤਰ ਨੂੰ ਛੱਡ ਕੇ ਵਿਦੇਸ਼ੀ ਨੂੰ ਆਪਣੇ ਦੇਸ਼ ਅੰਦਰ ਦਾਖ਼ਲ ਹੋਣ ਤੋਂ ਰੋਕਣ ਲਈ ਉਹ ਭਾਰਤ ਦੇ ਰਾਜਿਆਂ ਨੂੰ ਇਕੱਠੇ ਕਰਨ ਤੁਰ ਪਿਆ। ਚਾਣਕਿਆ ਨੀਤੀ ਵਿੱਚ ਰਾਜਨੀਤੀ ਦੇ ਬਹੁਤ ਹੀ ਮਹੱਤਵਪੂਰਨ ਨੁਕਤੇ ਹਨ ਜਿਸ ਨੂੰ ਅਪਣਾਉਣ ਨਾਲ ਵਿਅਕਤੀ ਸਫ਼ਲਤਾ ਦੀ ਪੌੜੀ ਚੜ੍ਹ ਸਕਦਾ ਹੈ।

ਇਸ ਨੀਤੀ ਦੇ ਘਾੜੇ ਚਾਣਕਿਆ ਦਾ ਰੰਗ ਕਾਲਾ ਸੀ। ਗੁਣਵਾਨ ਹੁੰਦੇ ਹੋਏ ਕਾਲੇ ਰੰਗ ਕਾਰਨ ਚਾਣਕਿਆ ਨੂੰ ਮਗਧ ਦੇ ਰਾਜੇ ਨੰਦ ਦੇ ਕੁੱਝ ਦਰਬਾਰੀਆਂ ਨੇ ਉਸਦੀ ਕਰੂਪਤਾ ਨੂੰ ਨਿਸ਼ਾਨਾ ਬਣਾਇਆ। ਰਾਜੇ ਨੇ ਗੁਣਵਾਨ ਚਾਣਕਿਆ ਦੀ ਕੋਈ ਕਦਰ ਨਾ ਕੀਤੀ। ਜਿਸ ਦੇ ਸਿੱਟੇ ਵਜੋਂ ਚਾਣਕਿਆ ਨੂੰ ਦੇਸ਼ ਛੱਡਣਾ ਪਿਆ। ਚਾਣਕਿਆ ਨੇ ਆਪਣੇ ਅਪਮਾਨ ਦਾ ਬਦਲਾ ਲੈਣ ਦੀ ਪੱਕੀ ਧਾਰ ਲਈ ਤੇ ਨੰਦ ਵੰਸ਼ ਦਾ ਅੰਤ ਕਰਕੇ ਮੌਰੀਆ ਰਾਜ ਦੀ ਸਥਾਪਨਾ ਕੀਤੀ।

ਸਮਾਜ ਵਿੱਚ ਰਹਿੰਦੇ ਹੋਏ ਅਸੀਂ ਹਰ ਜਾਤ ਅਤੇ ਧਰਮ ਦਾ ਆਦਰ ਕਰਨਾ ਆਪਣਾ ਫ਼ਰਜ਼ ਸਮਝਦੇ ਹਾਂ ਤਾਂ ਕਿ ਸਾਡਾ ਇੱਕ ਦੂਜੇ ਪ੍ਰਤੀ ਸਨੇਹ ਬਣਿਆ ਰਹੇ ਲੇਕਿਨ ਫਿਰ ਵੀ ਸਮਾਜ ਵਿੱਚ ਵਹਿਮ ਭਰਮ ਤੇ ਅਖੌਤਾਂ ਨੂੰ ਪਿੱਛਾ

ਨਹੀਂ ਦਿੰਦੇ। ਕਾਲੇ ਬ੍ਰਾਹਮਣ ਨੂੰ ਇਸ ਕਰਕੇ ਖ਼ਤਰਨਾਕ ਮੰਨਿਆ ਗਿਆ ਹੈ ਕਿਉਂਕਿ ਉਸਦੀ ਤੁਲਨਾ ਚਾਣਕਿਆ ਨਾਲ ਕੀਤੀ ਜਾਂਦੀ ਹੈ।

ਇਸ ਤਰ੍ਹਾਂ ਅਕਬਰ ਬਾਦਸ਼ਾਹ ਤੇ ਬੀਰਬਲ ਗੂੜ੍ਹੇ ਮਿੱਤਰ ਸਨ। ਬੀਰਬਲ ਸੁੰਦਰ ਸੀ ਪ੍ਰੰਤੂ ਉਸਦੀ ਮਾਤਾ ਕਰੂਪ ਸੀ। ਬੀਰਬਲ ਦੀ ਸੁੰਦਰਤਾ ਨੂੰ ਦੇਖ ਕੇ ਇੱਕ ਦਿਨ ਅਕਬਰ ਨੇ ਉਸ ਨੂੰ ਕਿਹਾ ਕਿ ਉਸਨੇ ਉਸਦੀ ਮਾਤਾ ਦੇਖਣੀ ਹੈ। ਬੀਰਬਲ ਨੇ ਉਸ ਨੂੰ ਹਾਂ ਕਹਿ ਦਿੱਤੀ ਪਰ ਉਹ ਉਦਾਸ ਹੋ ਗਿਆ। ਜਦੋਂ ਉਹ ਆਪਣੇ ਘਰ ਗਿਆ ਤਾਂ ਬੀਰਬਲ ਨੂੰ ਉਦਾਸ ਦੇਖ ਕੇ ਉਸਦੀ ਮਾਂ ਨੇ ਉਸਨੂੰ ਉਦਾਸੀ ਦਾ ਕਾਰਨ ਪੁੱਛਿਆ। ਬੀਰਬਲ ਨੇ ਸਾਰੀ ਗੱਲ ਦੱਸੀ ਤਾਂ ਉਸਦੀ ਮਾਤਾ ਨੇ ਉਸਨੂੰ ਭਰੋਸਾ ਦਿੱਤਾ ਕਿ ਉਹ ਨਿਸ਼ਚਿੰਤ ਹੋ ਜਾਵੇ, ਮੈਂ ਆਪੇ ਮੌਕਾ ਸੰਭਾਲ ਲਵਾਂਗੀ। ਮੈਂ ਬਾਦਸ਼ਾਹ ਨੂੰ ਆਪਣਾ ਚਿਹਰਾ ਵੀ ਨਹੀਂ ਦਿਖਾਵਾਂਗੀ ਤੇ ਨਰਾਜ਼ ਵੀ ਨਹੀਂ ਹੋਣ ਦੇਵਾਂਗੀ।

ਬੀਰਬਲ ਨੂੰ ਵੀ ਆਪਣੀ ਮਾਂ ਉੱਤੇ ਮਾਣ ਸੀ। ਮਿਥੇ ਸਮੇਂ ਤੇ ਅਕਬਰ ਬਾਦਸ਼ਾਹ ਨੇ ਬੀਰਬਲ ਦੇ ਘਰ ਜਾਣ ਲਈ ਕਿਹਾ ਤਾਂ ਬੀਰਬਲ ਪਹਿਲਾਂ ਹੀ ਤਿਆਰ ਸੀ। ਦੋਨੋਂ ਬੀਰਬਲ ਦੇ ਘਰ ਆ ਗਏ। ਬੀਰਬਲ ਦੀ ਮਾਤਾ ਮੰਜੇ ’ਤੇ ਚਾਦਰ ਤਾਣ ਕੇ ਪਈ ਹੋਈ ਸੀ। ਬੀਰਬਲ ਨੇ ਆਪਣੀ ਮਾਤਾ ਨੂੰ ਕਿਹਾ ਕਿ ਮਾਤਾ ਜੀ ਬਾਦਸ਼ਾਹ ਆਏ ਨੇ। ਇਹ ਤੁਹਾਨੂੰ ਇਸ ਲਈ ਦੇਖਣ ਆਏ ਹਨ ਕਿ ਮੈਂ ਸੁੰਦਰ ਹਾਂ ਤੇ ਤੁਸੀਂ ਇਸ ਤੋਂ ਵੀ ਸੁੰਦਰ ਹੋਵੋਗੇ। ਬੀਰਬਲ ਦੀ ਮਾਂ ਨੇ ਬੜੇ ਸਤਿਕਾਰ ਨਾਲ ਕਿਹਾ ਕਿ ਇਹਨਾਂ ਨੂੰ ਅੰਦਰ ਲੈ ਆ। ਅਕਬਰ ਬਾਦਸ਼ਾਹ ਦੇ ਆਉਣ ਤੇ ਬੀਰਬਲ ਦੀ ਮਾਤਾ ਨੇ ਆਪਣੀ ਕੁੱਖ ਨੰਗੀ ਕਰਕੇ ਕਿਹਾ,"ਬਾਦਸ਼ਾਹ, ਮੇਰੇ ਨਾਲੋਂ ਸੁੰਦਰ ਮੇਰੀ ਕੁੱਖ ਹੈ, ਜਿਸ ਤੋਂ ਬੀਰਬਲ ਪੈਦਾ ਹੋਇਆ ਹੈ।"

ਬੀਰਬਲ ਦੀ ਮਾਤਾ ਦਾ ਉੱਤਰ ਸੁਣ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ।

ਕਿਹਾ ਜਾਂਦਾ ਹੈ ਕਿ ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ ਹੁੰਦੀ। ਇਹ ਕਾਫ਼ੀ ਹੱਦ ਤੱਕ ਠੀਕ ਐ। ਸੁੰਦਰਤਾ ਦੂਰੋਂ ਹੀ ਨਜ਼ਰ ਆਉਂਦੀ ਹੈ। ਕਹਾਵਤ ਹੈ ਕਿ ਲਾਲ ਜੁੱਲੀਆਂ ਵਿੱਚ ਹੀ ਦਗਦੇ ਹਨ ਜਾਂ ਹੀਰਾ ਮਿੱਟੀ ਵਿੱਚ ਲਿੱਬੜਿਆ ਹੋਇਆ ਵੀ ਚਮਕਦਾ ਹੈ।

ਸੁੰਦਰਤਾ ਦਾ ਵਿਖਿਆਨ ਕਰਨ ਲਈ ਭਿੰਨ-ਭਿੰਨ ਪ੍ਰਕਾਰ ਦੇ ਬਿੰਬ ਵਰਤੇ ਜਾਂਦੇ ਹਨ। ਸੁੰਦਰਤਾ ਦਾ ਵਰਣਨ ਕਰਦਿਆਂ ਤੁਲਨਾਤਮਿਕ ਚਿੰਨ੍ਹ ਵਰਤੇ ਜਾਂਦੇ ਹਨ।

ਕਿਸੇ ਦੇ ਸੁੰਦਰ ਅਤੇ ਗਠੀਲੇ ਸਰੀਰ ਨੂੰ ਦੇਖ ਕੇ ਉਸਦੀ ਤੁਲਨਾ ਕਬੂਤਰ ਨਾਲ ਕੀਤੀ ਜਾਂਦੀ ਹੈ ਤੇ ਕਰੂਪਤਾ ਦੀ ਤੁਲਨਾ ਕਰਨ ਲਈ ਕਾਂ, ਬਿੱਜੂ, ਰਿੱਛ ਆਦਿ ਨਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕੁੜੀਆਂ ਦੀ ਸੁੰਦਰਤਾ ਲਈ ਹਿਰਨੀ, ਮੋਰਨੀ, ਕੂੰਜ ਆਦਿ ਪ੍ਰਤੀਕ ਵਰਤੇ ਜਾਂਦੇ ਹਨ।

ਉਂਜ ਤਾਂ ਭਾਵੇਂ ਨੈਣ ਨਕਸ਼ ਸਮੁੱਚੀ ਸੁੰਦਰਤਾ ਵਿੱਚ ਆ ਜਾਂਦੇ ਹਨ ਪਰ ਫਿਰ ਨੈਣ ਨਕਸ਼ਾਂ ਬਾਰੇ ਵੀ ਵੱਖ-ਵੱਖ ਵਿਚਾਰ ਹਨ। ਮੋਟੇ, ਚੌੜੇ ਜਾਂ ਮਿੱਡਾ ਨੱਕ ਸੁੰਦਰਤਾ ਦੇ ਘੇਰੇ ਵਿੱਚ ਘੱਟ ਹੀ ਆਉਂਦਾ ਹੈ। ਉੱਥੇ ਫਿਰ ਗਹਿਣੇ ਦੀ ਮਹਾਨਤਾ ਨੂੰ ਵੀ ਵਿਅੰਗਾਤਮਿਕ ਢੰਗ ਨਾਲ ਦਿਖਾਇਆ ਜਾਂਦਾ ਹੈ।

"ਮਿੱਡੀਆਂ ਨਾਸਾਂ ਤੇ ਲੌਂਗ ਚਾਂਭੜਾਂ ਪਾਵੇ।"

ਛੋਟੀਆਂ ਅੱਖਾਂ ਤੇ ਕੱਚੀਆਂ ਅੱਖਾਂ ਵੀ ਸੁੰਦਰਤਾ ਦੇ ਘੇਰੇ ਤੋਂ ਬਾਹਰ ਹਨ। ਲੋਕ-ਗੀਤਾਂ ਵਿੱਚ ਇਸ ਦਾ ਜ਼ਿਕਰ ਕਰਦਿਆਂ, ਕਿਹਾ ਜਾਂਦਾ ਹੈ,

ਅੱਖਾਂ ਕੱਚੀਆਂ ਹੁਲਾਰੇ ਲੈਣ ਨੱਤੀਆਂ
ਸਿਉਨਾ ਕਾਠ ਮਾਰਿਆ ਮਿੱਤਰਾ।

ਕਹਿਣ ਵਾਲੇ ਗੱਲ ਨੂੰ ਕਹਿ ਕੇ ਹੀ ਹਟਦੇ ਹਨ। ਇੱਕ ਵਾਰ ਪਿੰਡ ਵਿੱਚ ਕੋਈ ਗਵੱਈਆ ਆਇਆ ਸੀ। ਲੋਕ ਸੁਣਨ ਲਈ ਆਏ ਹੋਏ ਸਨ। ਗਵੱਈਏ ਦਾ ਮਾਣ ਕਰਨ ਲਈ ਇੱਕ ਵਿਅਕਤੀ ਉੱਠਿਆ ਤੇ ਉਸਨੂੰ ਰੁਪਏ ਦੇ ਕੇ ਵਾਪਸ ਆ ਗਿਆ। ਗਵੱਈਏ ਨੇ ਉਸ ਦਾ ਨਾਂ ਤੇ ਸਾਰਾ ਹੁਲੀਆ ਕਵਿਤਾ ਵਿੱਚ ਹੀ ਪੇਸ਼ ਕਰ ਦਿੱਤਾ।

ਅੱਖਾਂ ਕੱਚੀਆਂ ਭਿਣਕਦੀਆਂ ਮੱਖੀਆਂ,
ਮਹਾਂ ਸਿੰਘ ਨਾਂ ਦੱਸ ਗਿਆ।

ਬੇਸ਼ੱਕ ਅਸੀਂ ਗੁਣਾਂ ਨੂੰ ਹੀ ਅਸਲੀ ਸੁੰਦਰਤਾ ਮੰਨਦੇ

ਹਾਂ ਪਰੰਤੂ ਸੁੰਦਰਤਾ ਦਾ ਮਾਪਦੰਡ ਸਮਾਜ ਵੱਲੋਂ ਇਸ ਤਰ੍ਹਾਂ ਤੈਅ ਕੀਤਾ ਗਿਆ ਹੈ ਕਿ ਸੁੰਦਰਤਾ ਤੇ ਕਰੂਪਤਾ ਦਾ ਫ਼ਰਕ ਦੱਸ ਕੇ ਮਨੁੱਖ ਨੂੰ ਅਹਿਸਾਸ ਕਰਵਾ ਦਿੱਤਾ ਜਾਂਦਾ ਹੈ। ਜੇਕਰ ਕਾਲੇ ਰੰਗ ਦੇ ਵਿਅਕਤੀ ਦਾ ਵਿਆਹ ਗੋਰੇ ਰੰਗ ਦੀ ਔਰਤ ਨਾਲ ਹੋ ਜਾਵੇ ਤਾਂ ਇਸ ਤਰ੍ਹਾਂ ਕਿਹਾ ਜਾਂਦਾ ਹੈ।

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ,
ਵਿਆਹ ਕੇ ਲੈ ਗਿਆ ਤੂਤ ਦੀ ਛਟੀ।

ਸੰਸਾਰ ਜਾਂ ਸਮਾਜ ਸੁੰਦਰਤਾ ਦਾ ਗ਼ੁਲਾਮ ਹੈ। ਸੁੰਦਰ ਮੁੰਡੇ ਕੁੜੀਆਂ ਦਾ ਇੱਕ ਦੂਜੇ ’ਤੇ ਮੋਹਿਤ ਹੋਣਾ ਕੁਦਰਤੀ ਵਰਤਾਰਾ ਹੈ। ਇਸ ਲਈ ਹਰ ਕੋਈ ਸੁੰਦਰ ਹੋਣਾ ਚਾਹੁੰਦਾ ਹੈ। ਉਸਦੇ ਅੰਦਰ ਆਪਣੇ ਜੀਵਨ ਸਾਥੀ ਦੇ ਸੁੰਦਰ ਹੋਣ ਦੀ ਇੱਛਾ ਵੀ ਹੁੰਦੀ ਹੈ। ਕੁੜੀਆਂ ਦੇ ਅੰਦਰ ਇਹ ਭਾਵਨਾ ਹੁੰਦੀ ਹੈ ਕਿ ਉਸਦਾ ਹੋਣ ਵਾਲਾ ਪਤੀ ਸੁੰਦਰ ਹੋਵੇ ਤੇ ਉਸਦੀ ਆਲੇ-ਦੁਆਲੇ ਵਿੱਚ ਚਰਚਾ ਹੋਵੇ। ਅਜਿਹੀ ਮੁਟਿਆਰ ਆਪਣੇ ਮਨ ਦੇ ਭਾਵਾਂ ਨੂੰ ਇੰਜ ਪ੍ਰਗਟ ਕਰਦੀ ਹੈ।

ਕਾਲਾ ਭੂੰਡ ਨਾ ਸਹੇੜੀਂ ਮੇਰੇ ਬਾਬਲਾ,
ਘਰ ਦਾ ਮਾਲ ਡਰੂ।

ਜੇਕਰ ਅਜਿਹਾ ਹੋ ਜਾਵੇ ਤਾਂ ਫਿਰ ਇੰਜ ਕਿਹਾ ਜਾਂਦਾ ਹੈ।

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ
ਬਾਪੂ ਦੇ ਪਸੰਦ ਆ ਗਿਆ।

ਜੁਆਨੀ ਸੁੰਦਰਤਾ ਦੀ ਹੀ ਕਾਇਲ ਹੁੰਦੀ ਹੈ। ਸੁੰਦਰਤਾ ਨੂੰ ਦੇਖ ਕੇ ਹੀ ਇਸ਼ਕ ਮੁਸ਼ਕ ਦੇ ਚੱਕਰ ਚਲਦੇ ਹਨ। ਮਾਣ ਮਰਿਆਦਾ ਵਾਲੀਆਂ ਕੁੜੀਆਂ ਅੰਦਰੋਂ ਅੰਦਰੀ ਸੁੰਦਰ ਪਤੀ ਦੀ ਕਾਮਨਾ ਕਰਦੀਆਂ ਹਨ। ਚੰਗੀ ਜਾਇਦਾਦ ਦੇ ਲਾਲਚ ਵਿੱਚ ਮਾਪਿਆਂ ਵੱਲੋਂ ਸਹੇੜੇ ਕਾਲੇ ਰੰਗ ਦੇ ਵਰ ਨੂੰ ਦੇਖ ਕੇ ਕੁੜੀ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਦੀ ਹੋਈ ਕਹਿੰਦੀ ਹੈ,

ਮਾਏਂ ਨੀ, ਦੱਸ ਵਰ ਕੀ ਟੋਲ੍ਹਿਆ?
ਰੰਗ ਤਵੇ ਤੋਂ ਕਾਲਾ
ਕੁੜੀਆਂ ਮੈਨੂੰ ਮਾਰਨ ਮਿਹਣੇ,
ਔਹ ਤੇਰੇ ਘਰ ਵਾਲਾ।
ਮਿਹਣੇ ਸੁਣ ਕੇ ਇਉਂ ਹੋ ਜਾਂਦੀ
ਜਿਉਂ ਆਰ੍ਹਨ ਵਿੱਚ ਫਾਲਾ
ਮਾਏਂ ਤੇਰੇ ਮੰਦਰਾਂ 'ਚੋ,
ਮੈਨੂੰ ਮਿਲ ਗਿਆ ਦੇਸ਼ ਨਿਕਾਲਾ।

ਸੁੰਦਰ ਬਣ ਕੇ ਦਿਖਾਉਣ ਦੀ ਹਰ ਵਿਅਕਤੀ ਦੀ ਇੱਛਾ ਵੀ ਹੁੰਦੀ ਹੈ ਤੇ ਕੋਸ਼ਿਸ਼ ਵੀ। ਆਪਣੇ ਆਪ ਨੂੰ ਸੁੰਦਰ ਦਿਖਾਉਣ ਲਈ ਹਰ ਕੋਈ ਤਰ੍ਹਾਂ-ਤਰ੍ਹਾਂ ਦੇ ਤਰੀਕੇ ਵਰਤਦਾ ਹੈ। ਇਹ ਸ਼ੌਕ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਵੀ ਰਹਿੰਦਾ ਹੈ। ਬੁਢਾਪੇ ਵਿੱਚ ਜੇਕਰ ਕਿਸੇ ਲੇਪ ਦੀ ਵਰਤੋਂ ਨਾ ਕੀਤੀ ਜਾਵੇ ਤਾਂ ਆਪਣਾ ਮੂੰਹ ਚੰਗੀ ਤਰ੍ਹਾਂ ਸੰਵਾਰਨਾ ਹੀ ਸੁੰਦਰਤਾ ਦੀ ਨੁਮਾਇਸ਼ ਹੈ।

ਚਿੱਟੇ ਦੰਦ ਵੀ ਸੁੰਦਰਤਾ ਦਾ ਹਿੱਸਾ ਹਨ। ਚਿੱਟੇ ਦੰਦ ਵੀ ਦੇਖਣ ਵਾਲੇ ਨੂੰ ਆਕਰਸ਼ਿਤ ਕਰਦੇ ਹਨ। ਦੰਦ ਨੂੰ ਸਾਫ਼ ਕਰਨ ਲਈ ਅਨੇਕਾਂ ਪ੍ਰਕਾਰ ਦੇ ਮੰਜਨ ਤੇ ਹੋਰ ਪੇਸਟ ਵਰਤੇ ਜਾਂਦੇ ਹਨ। ਦਾਤਣ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਕਈ ਵਾਰ ਦੰਦਾਂ ਤੇ ਕਰੇੜਾ (ਮੈਲ) ਲੱਗਿਆ ਹੋਣ ਕਾਰਨ ਦੰਦ ਚਿੱਟੇ ਕਰਨ ਦੇ ਸ਼ੁਕੀਨ ਦੰਦਾਂ ਤੇ ਜੇ ਕੋਈ ਹੋਰ ਚੀਜ਼ ਨਹੀਂ ਤਾਂ ਬਰੇਤੀ ਹੀ ਘਸਾਉਣ ਲੱਗ ਪੈਂਦੇ ਹਨ। ਸਮਾਜ ਦੀ ਬਾਜ਼ ਅੱਖ ਹਰ ਇੱਕ ’ਤੇ ਹੁੰਦੀ ਹੈ ਤਾਂ ਅਜਿਹੀਆਂ ਬੋਲੀਆਂ ਹੋਂਦ ਵਿੱਚ ਆਉਂਦੀਆਂ ਹਨ।

ਚਿੱਟੇ ਦੰਦਾਂ ਤੇ ਫਿਰਗੀ ਬਰੇਤੀ
ਡੂੰਘੇ ਪੈ ਗਏ ਘਾਸੇ
ਲੌਂਗ ਕਰਾ ਮਿੱਤਰਾ
ਮਛਲੀ ਪਾਉਣਗੇ ਮਾਪੇ।

ਦੰਦ ਚਿੱਟੇ ਕਰਨ ਲਈ ਰੰਗਲੀ ਦਾਤਣ ਜਿਸ ਨੂੰ ਸੱਕ ਵੀ ਕਿਹਾ ਜਾਂਦਾ ਹੈ ਉਹ ਵੀ ਦੰਦ ਚਿੱਟੇ ਕਰਨ ਲਈ ਵਰਤੀ ਜਾਂਦੀ ਹੈ। ਇਸ ਨਾਲ ਮਸੂੜ੍ਹਿਆਂ ਨੂੰ ਵੀ ਰੰਗ ਚੜ੍ਹ ਜਾਂਦਾ ਹੈ ਤੇ ਦੰਦ ਵੀ ਚਿੱਟੇ ਹੋ ਜਾਂਦੇ ਹਨ। ਅਜਿਹੇ ਵੇਲੇ ਇਸ ਰੰਗਲੇ ਸੱਕ ਬਾਰੇ ਇਹ ਗੀਤ ਗਾਇਆ ਗਿਆ।

ਦਮੜੀ ਦਾ ਸੱਕ ਮਲ ਕੇ
ਮੁੰਡਾ ਮੋਹ ਲਿਆ ਤਵੀਤਾਂ ਵਾਲਾ।

ਵਾਲ ਵੀ ਸਰੀਰ ਦੀ ਸੁੰਦਰਤਾ ਦਾ ਵਿਸ਼ੇਸ਼ ਹਿੱਸਾ ਹਨ। ਲੰਮੇ ਵਾਲਾਂ ਦੀ ਚਰਚਾ ਵੀ ਹੁੰਦੀ ਹੈ ਤੇ ਕਾਲੇ ਅਤੇ ਘੁੰਗਰਾਲੇ ਵਾਲਾਂ ਦੀ। ਲੰਮੀ ਗੁੱਤ ਦੀ ਤੁਲਨਾ ਸੱਪ ਦੇ ਨਾਲ ਕੀਤੀ ਜਾਂਦੀ ਹੈ। ਲੋਕ ਗੀਤਾਂ ਵਿੱਚ ਇਸ ਦਾ ਜ਼ਿਕਰ ਇੰਜ ਕੀਤਾ ਗਿਆ ਹੈ।

ਗੁੱਤ ਨੂੰ ਸੰਭਾਲ ਕੁੜੀਏ
ਮੈਨੂੰ ਸੱਪ ਦਾ ਭੁਲੇਖਾ ਪੈਂਦਾ।

ਜਾਂ

ਬੀਨ ਨਾ ਵਜਾਈਂ ਮੁੰਡਿਆ
ਵੇ ਮੇਰੀ ਗੁੱਤ ਸੱਪਣੀ ਬਣ ਜਾਊਗੀ।

ਇੱਥੇ ਹੀ ਬਸ ਨਹੀਂ। ਗੁੱਤ ਦੀ ਸੁੰਦਰਤਾ ਤਾਂ ਮੇਲੇ ਵਰਗੀ ਮੰਨਦੇ ਹਨ।

ਜੇਹੀ ਤੇਰੀ ਗੁੱਤ ਦੇਖ ਲਈ
ਤੇਹਾ ਦੇਖ ਲਿਆ ਜਰਗ ਦਾ ਮੇਲਾ।

ਘੁੰਗਰਾਲੇ ਵਾਲਾਂ ਦੀ ਸੁੰਦਰਤਾ ਤਾਂ ਬਹੁਤ ਹੀ ਵਧਾ ਚੜ੍ਹਾ ਕੇ ਕੀਤੀ ਜਾਂਦੀ ਹੈ। ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਕਹਿੰਦਾ ਹੈ,

ਮੈਂ ਕੁੰਡਲ ਵਾਲੀਆਂ ਜ਼ੁਲਫਾਂ ਨੂੰ
ਜ਼ੰਜੀਰ ਨਾ ਆਖਾਂ ਤੇ ਕੀ ਆਖਾਂ?

ਅੱਜ ਦਾ ਯੁੱਗ ਫੈਸ਼ਨ ਵਿੱਚ ਕਈ ਕਦਮ ਅੱਗੇ ਹੈ। ਥਾਂ-ਥਾਂ ਬਿਊਟੀ ਪਾਰਲਰ ਖੁੱਲ੍ਹੇ ਹੋਏ ਹਨ। ਜੁਆਨ ਮੁੰਡੇ ਕੁੜੀਆਂ ਨੇ ਤਾਂ ਸਜਣਾ ਸੰਵਰਨਾ ਹੀ ਹੈ ਬਲਕਿ ਅੱਜ ਕੱਲ੍ਹ ਤਾਂ ਬਜ਼ੁਰਗ ਵੀ ਆਪਣੀ ਸੁੰਦਰਤਾ ਪ੍ਰਤੀ ਸੁਚੇਤ ਹਨ।

ਰਾਣੀਆਂ (ਹਰਿਆਣਾ)।
94178-40323



## ਮੇਰੇ ਸੁਪਨੇ

ਪੂਜਾ ਸਿੰਗਲਾ

ਮੈਨੂੰ ਮੇਰੇ ਸੁਪਨੇ ਕੁਦਰਤ ਵਾਂਗ ਦਿਖਾਈ ਦਿੰਦੇ ਨੇ,
ਜਿਸ ਵਿੱਚ ਉਮੀਦਾਂ ਦੇ ਪਹਾੜ ਨਜ਼ਰ ਆਉਂਦੇ,
ਤੇ ਬੁਲੰਦੀਆਂ ਦੀਆਂ ਹਵਾਵਾਂ ਚਲਦੀਆਂ ਨੇ,
ਮੈਨੂੰ ਮੇਰੇ ਸੁਪਨੇ ਕੁਦਰਤ ..........।
ਜਿਸ ਵਿੱਚ ਪਾਣੀ ਦੀਆਂ ਲਹਿਰਾਂ ਵਾਂਗ
ਮਨ ਡੋਲ ਰਿਹਾ ਏ,
ਝਰਨਿਆਂ ਵਾਂਗ ਉੱਛਲ ਰਿਹਾ ਏ,
ਫਿਰ ਸ਼ਾਂਤ ਵਾਤਾਵਰਣ ਰੂਪੀ ਗਿਆਨ
ਮਨ ਨੂੰ ਸ਼ਾਂਤ ਕਰ ਦਿੰਦੇ ਨੇ,
ਮੈਨੂੰ ਮੇਰੇ ਸੁਪਨੇ ਕੁਦਰਤ ..........।
ਚਿੜੀਆਂ ਦੀ ਚਹਿਚਹਾਟ ਸੁਣ
ਗਾਉਣ ਨੂੰ ਜੀਅ ਕਰਦਾ ਏ,
ਇੱਛਾਵਾਂ ਰੂਪੀ ਖੰਭ ਲਾ ਕੇ
ਉੱਡ ਜਾਣ ਨੂੰ ਜੀਅ ਕਰਦਾ ਏ,
ਫਿਰ ਇਹ ਪੂਰਤੀ ਰੂਪੀ ਟਾਹਣੀ
'ਤੇ ਬਿਠਾ ਦਿੰਦੇ ਨੇ,
ਮੈਨੂੰ ਮੇਰੇ ਸੁਪਨੇ ਕੁਦਰਤ ..........।
ਸਤਰੰਗੀ ਵਾਂਗ ਸਾਰੇ ਆਕਾਸ਼ ਰੂਪੀ ਜਹਾਨ
ਵਿੱਚ ਛਾ ਜਾਣ ਨੂੰ ਜੀਅ ਕਰਦਾ ਏ,
'ਪੂਜਾ' ਸੂਰਜ ਤੇ ਚੰਦ ਵਾਂਗ
ਚਮਕਣ ਨੂੰ ਜੀਅ ਕਰਦਾ ਏ,
ਫਿਰ ਰੌਸ਼ਨੀ ਰੂਪੀ ਮਨ ਵਿੱਚ ਜੋਤ ਜਗਾ ਦਿੰਦੇ ਨੇ,
ਮੈਨੂੰ ਮੇਰੇ ਸੁਪਨੇ ਕੁਦਰਤ ..........।

ਰਤੀਆ
ਜ਼ਿਲ੍ਹਾ-ਫਤਿਆਬਾਦ (ਹਰਿਆਣਾ)
98155-91967

# ਹਰਭਜਨ ਸਿੰਘ ਕੋਮਲ ਦੀ ਗ਼ਜ਼ਲ



ਅਨੁਪਿੰਦਰ ਸਿੰਘ ਅਨੂਪ

ਹਰਿਆਣਾ ਵਿਚਲੀ ਗ਼ਜ਼ਲ ਦੀ ਜਦ ਵੀ ਗੱਲ ਤੁਰੇਗੀ, ਹਰਭਜਨ ਸਿੰਘ ਕੋਮਲ ਦੇ ਨਾਮ ਤੋਂ ਬਿਨਾਂ ਮੁਕੰਮਲ ਨਹੀਂ ਹੋ ਸਕੇਗੀ। ਕੋਮਲ ਸਾਹਬ ਨੇ ਪਰਿਪੱਕ ਉਮਰ ਵਿੱਚ ਗ਼ਜ਼ਲ ਲਿਖਣੀ ਸ਼ੁਰੂ ਕੀਤੀ ਅਤੇ ਬੜੀ ਉੱਚ ਕੋਟੀ ਦੀ ਗ਼ਜ਼ਲ ਪੰਜਾਬੀ ਸਾਹਿਤ ਦੀ ਝੋਲੀ ਪਾਈ। ਉਹ ਪ੍ਰਗਤੀਸ਼ੀਲ ਲਹਿਰ ਦੇ ਪ੍ਰਤੀਨਿਧ ਹਸਤਾਖ਼ਰ ਸਨ।

'ਛਾਵੇਂ ਬੈਠੀ ਧੁੱਪ' ਉਹਨਾਂ ਦਾ ਪਹਿਲਾ ਗ਼ਜ਼ਲ ਸੰਗ੍ਰਹਿ 1997 ਵਿੱਚ ਛਪਿਆ, ਜਿਸ ਵਿੱਚ 52 ਗ਼ਜ਼ਲਾਂ ਦੇ ਨਾਲ ਹੀ, ਉਹਨਾਂ ਦਾ ਅਨਮੋਲ ਲੇਖ ਪੰਜਾਬੀ 'ਗ਼ਜ਼ਲ ਦਾ ਰੂਪਕ ਪੱਖ' ਦਰਜ਼ ਹੈ। ਇਸ ਸੰਗ੍ਰਹਿ ਵਿਚਲੀਆਂ ਗ਼ਜ਼ਲਾਂ ਵਿੱਚ ਸਮਾਜਿਕ, ਆਰਥਿਕ, ਰਾਜਨੀਤਕ ਵਿਸ਼ਿਆਂ ਦੇ ਨਾਲ-ਨਾਲ ਪਿਆਰ ਮੁਹੱਬਤ ਦੀ ਤਰਜਮਾਨੀ ਬਹੁਤ ਖ਼ੂਬਸੂਰਤ ਢੰਗ ਨਾਲ ਕੀਤੀ ਹੈ। ਮਿਸਾਲ ਲਈ ਕੁਝ ਸ਼ੇਅਰ ਵੇਖਦੇ ਹਾਂ

ਤੁਸੀਂ ਜੇ ਬਹੁਤ ਕੋਮਲ ਹੋ ਤੁਸੀਂ ਨਖ਼ਰੇ ਉਠਾ ਲੈਣਾ,<br>
ਤੇ ਬਾਕੀ ਬੋਝ ਕੰਧੇ ਆਪਣੇ 'ਤੇ ਧਰ ਲਵਾਂਗਾ ਮੈਂ।

----

ਸਾਡੇ ਪੱਲੇ ਕੁਝ ਤਾਂ ਹੈ ਸੀ ਭਾਵੇਂ ਵੋਟ ਜਿਹਾ ਹੀ ਸੀ,<br>
ਕਾਸ਼! ਤੁਹਾਡੇ ਵਿੱਚ ਵੀ ਹੁੰਦਾ ਕੁਝ ਨਾ ਕੁਝ ਸਰਕਾਰ ਜਿਹਾ।

----

ਨਾਲ ਦੇ ਘਰ ਅੱਗ ਲੱਗੀ ਜੇ ਗੁਆਂਢੀ ਸੌਣਗੇ,<br>
ਕੁਝ ਘੜੀਆਂ ਵਿੱਚ ਸ਼ੋਅਲੇ ਉਹਨਾਂ ਘਰ ਵੀ ਆਉਣਗੇ।

----

ਇਸ਼ਕ ਦੇ ਰਾਹਾਂ 'ਚ ਭਾਵੇਂ ਜ਼ਹਿਰ ਦੇ ਸਾਗਰ ਰਹੇ<br>
ਤਾਂ ਵੀ ਆਸ਼ਕ ਡੀਕ ਲਾ ਕੇ ਪੀਣ ਨੂੰ ਤਤਪਰ ਰਹੇ

ਸੀ ਪਤਾ ਤੰਦੂਰ ਨੂੰ ਇਕ ਦਿਨ ਸਿਆਸਤ ਤਾਏਗੀ,<br>
ਤੇ ਉਦ੍ਹੇ ਵਿੱਚ ਰਾਜਨੀਤਿਕ ਰੋਟੀਆਂ ਚਿਪਕਾਏਗੀ।

---

ਇਸ ਤੋਂ ਬਾਅਦ ਉਹਨਾਂ 'ਧਰਤੀ ਦੀ ਗ਼ਜ਼ਲ' ਸਿਰਲੇਖ ਹੇਠ ਲੰਮੀ ਗ਼ਜ਼ਲ ਲਿਖ ਕੇ ਕੀਰਤੀਮਾਨ ਸਥਾਪਿਤ ਕੀਤਾ। ਇਸ ਗ਼ਜ਼ਲ ਵਿੱਚ 2500 ਦੇ ਲਗਭਗ ਸ਼ਿਅਰ ਲਿਖੇ ਜੋ ਕਿ ਧਰਤੀ ਦੀ ਗ਼ਜ਼ਲ ਦੇ ਤਿੰਨ ਭਾਗਾਂ ਵਿੱਚ ਸ਼ਾਮਿਲ ਕੀਤੇ ਗਏ। ਇਸ ਤੋਂ ਬਾਅਦ ਉਹਨਾਂ 'ਜ਼ਿੰਦਗੀ ਦੀ ਗ਼ਜ਼ਲ' ਰਾਹੀਂ ਵੀ ਖ਼ੂਬਸੂਰਤ ਗ਼ਜ਼ਲਾਂ ਪੇਸ਼ ਕੀਤੀਆਂ। ਇਨ੍ਹਾਂ ਗ਼ਜ਼ਲਾਂ ਦੇ ਕੁਝ ਸ਼ੇਅਰ ਪੇਸ਼ ਹਨ:

ਕੌਣ ਕਹੇ ਰਾਤਾਂ ਨੂੰ ਸੂਰਜ ਮਰਦੇ ਹਨ<br>
ਸੂਰਜ ਤਾਂ ਰਾਤੀਂ ਵੀ ਚਾਨਣ ਕਰਦੇ ਹਨ

-------

ਇਹ ਤਿਤਲੀਆਂ ਇਹ ਭੌਰੇ ਏਸੇ ਦੀ ਹੈ ਨਿਸ਼ਾਨੀ<br>
ਕਿ ਬਾਗ਼ ਸਲਾਮਤ ਲੱਖਾਂ ਭੁਚਾਲ ਆਏ।

-----

ਰੋਟੀ ਮੰਗਦਾ ਮੰਗਦਾ ਬੱਚਾ,<br>
ਰੋਂਦਾ ਰੋਂਦਾ ਸੌਂ ਜਾਵੇ ਤਾਂ<br>
ਮਾਂ ਬਾਪ ਲਈ ਏਦੂੰ ਵੱਡੀ ਕਿਹੜੀ ਹੋਰ ਸਜਾ ਹੁੰਦੀ ਹੈ।

----

ਸਿਰ ਤਾਂ ਹਰ ਥਾਂ ਮਿਲ ਜਾਂਦੇ ਨੇ<br>
ਐਪਰ ਸੀਸ ਨਹੀਂ ਮਿਲਦੇ<br>
ਪੱਗਾਂ ਦੇ ਝੁਰਮਟ ਵਿੱਚ ਕਿਧਰੇ<br>
ਕੋਈ ਤਾਂ ਦਸਤਾਰ ਦਿਸੇ

ਪੰਜਾਬੀ ਦਾ ਇਹ ਮਹਾਨ ਸ਼ਾਇਰ 6 ਜੁਲਾਈ, 2012 ਨੂੰ ਸਾਥੋਂ ਵਿੱਛੜ ਗਿਆ ਪਰ ਆਪਣੀਆਂ ਗ਼ਜ਼ਲਾਂ ਰਾਹੀਂ ਹਮੇਸ਼ਾ ਸਾਡੇ ਅੰਗ-ਸੰਗ ਰਹੇਗਾ।

ਮ.ਨੰ. ਬੀ-3737<br>
ਪਾਣੀਪਤ ਰਿਫਾਇਨਰੀ, (ਹਰਿਆਣਾ)<br>
98136-46608

# ਨਵਾਂ ਸਾਲ ਮੁਬਾਰਕ



ਜਸਵਿੰਦਰ ਕੌਰ ਜੱਸੀ

ਸਾਡੇ ਪੰਜਾਬ ਦਾ ਇਹ ਇਤਿਹਾਸ ਰਿਹਾ ਹੈ ਕਿ ਪੰਜਾਬ ਦੇ ਲੋਕ ਸਖ਼ਤ ਘਾਲਣਾ ਘਾਲਣ ਵਾਲੇ ਮਿਹਨਤੀ ਲੋਕ ਹੁੰਦੇ ਹਨ, ਜੋ ਕਿ ਦੂਜਿਆਂ ਪ੍ਰਤੀ ਪਿਆਰ, ਸਨੇਹ, ਮੋਹ ਅਤੇ ਸਬਰ-ਸੰਤੋਖ ਵਾਲਾ ਜੀਵਨ ਜਿਊਣ ਨੂੰ ਤਰਜੀਹ ਦਿੰਦੇ ਹਨ। ਕਿਰਤ ਕਰਨਾ ਅਤੇ ਵੰਡ ਛਕਣਾ, ਪੰਜਾਬੀਆਂ ਦੇ ਜੀਵਨ ਦਾ ਮੁੱਢ ਤੋਂ ਹੀ ਇੱਕ ਖ਼ਾਸ ਹਿੱਸਾ ਰਿਹਾ ਹੈ। ਪੰਜਾਬੀ ਮੰਨਦੇ ਹਨ ਕਿ-

ਹਰ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ,
ਰੱਬ ਦਾ ਨਾਮ ਧਿਆਇਆ ਜਾਏ,
ਜਦ ਕਾਰਜ ਸੰਪੂਰਨ ਹੋਵੇ,
ਉਸ ਦਾ ਸ਼ੁਕਰ ਮਨਾਇਆ ਜਾਏ।

ਇਨ੍ਹਾਂ ਸ਼ਬਦਾਂ ਦੇ ਅਨੁਸਾਰ ਹੀ ਪੰਜਾਬੀ ਆਪਣੇ ਨਵੇਂ ਸਾਲ ਦਾ ਆਰੰਭ ਵੀ ਪ੍ਰਮਾਤਮਾ ਦੇ ਨਾਮ ਦੀ ਆਰਾਧਨਾ ਕਰਕੇ ਹੀ ਕਰਦੇ ਹਨ। ਹਰ 12 ਮਹੀਨੇ ਦੇ ਬਾਅਦ ਨਵੇਂ ਸਾਲ ਦੀ ਸ਼ੁਰੂਆਤ ਹੁੰਦੀ ਹੈ, ਜੋ ਕਿ ਹਰੇਕ ਧਰਮ ਦੇ ਵਿਅਕਤੀ ਦੁਆਰਾ ਬੜੀ ਉਤਸ਼ਾਹ-ਭਾਵਨਾ ਨਾਲ ਇੱਕ ਤਿਉਹਾਰ ਦੇ ਵਾਂਗ ਪੂਰੇ ਵਿਸ਼ਵ ਭਰ ਵਿੱਚ ਵੱਖ-ਵੱਖ ਥਾਵਾਂ ਅਤੇ ਵੱਖ ਵੱਖ ਢੰਗਾਂ/ਤਰੀਕਿਆਂ ਨਾਲ ਮਨਾਇਆ ਜਾਂਦਾ ਹੈ। ਆਪੋ-ਆਪਣੇ ਸਥਾਨਕ ਕੈਲੰਡਰ ਦੇ ਅਨੁਸਾਰ ਵੱਖ-ਵੱਖ ਦੇਸ਼ ਆਪਣੇ ਭਾਈਚਾਰੇ ਅਨੁਸਾਰ ਆਪਣਾ ਨਵਾਂ ਸਾਲ ਵੱਖੋ-ਵੱਖਰੇ ਤਰੀਕਿਆਂ ਨਾਲ ਮਨਾਉਂਦੇ ਹਨ। ਜ਼ਿਆਦਾਤਰ ਦੇਸ਼ਾਂ ਵਿੱਚ ਅੰਗਰੇਜ਼ੀ ਕੈਲੰਡਰ ਦੇ ਅਨੁਸਾਰ ਹੀ 1 ਜਨਵਰੀ ਤੋਂ ਨਵੇਂ ਸਾਲ ਦੀ ਆਰੰਭਤਾ ਨੂੰ ਮੰਨਿਆ ਜਾਂਦਾ ਹੈ। 31 ਦਸੰਬਰ ਦੀ ਰਾਤ ਨੂੰ ਲੋਕ ਅਲੱਗ-ਅਲੱਗ ਥਾਵਾਂ ’ਤੇ ਇਕੱਠੇ ਹੋ ਕੇ ਨਵੇਂ ਸਾਲ ਦਾ ਜਸ਼ਨ ਮਨਾਉਂਦੇ ਹਨ ਅਤੇ ਰਾਤ 12 ਵੱਜਦੇ ਹੀ ਸਾਰੇ ਇੱਕ ਦੂਜੇ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹਨ। ਆਪਣੇ ਰਿਸ਼ਤੇਦਾਰਾਂ ਨੂੰ ਵਧਾਈ ਦੇ ਫੋਨ ਕਰਦੇ ਹਨ ਜਾਂ ਸੰਦੇਸ਼ ਭੇਜਦੇ ਹਨ।

ਨਵੇਂ ਸਾਲ ਦੇ ਆਰੰਭ ਵਿੱਚ ਅਸੀਂ ਪੁਰਾਣੇ ਵਰ੍ਹੇ ਨੂੰ ਅਲਵਿਦਾ ਕਹਿੰਦੇ ਹਾਂ ਅਤੇ ਨਵੇਂ ਵਰ੍ਹੇ ਦਾ ਸਵਾਗਤ ਕਰਦੇ ਹਾਂ। ਕਈ ਅਦਾਰਿਆਂ ਵਿੱਚ ਨਵੇਂ ਸਾਲ ਵਾਲੇ ਦਿਨ ਛੁੱਟੀ ਦਾ ਐਲਾਨ ਕੀਤਾ ਜਾਂਦਾ ਹੈ ਅਤੇ ਕਈ ਦਫ਼ਤਰਾਂ ਵਿੱਚ ਪਹਿਲੀ ਜਨਵਰੀ ਤੋਂ ਨਵੇਂ ਕੰਮਾਂ/ਖਾਤਿਆਂ ਦੀ ਸ਼ੁਰੂਆਤ ਕੀਤੀ ਜਾਂਦੀ ਹੈ।

ਗੁਰੂ ਦਾ ਸਿੱਖ ਨਵੇਂ ਸਾਲ ਦਾ ਆਰੰਭ ਗੁਰੂ ਦੇ ਦਰਸ਼ਨ ਕਰ ਅਰਦਾਸ ਕਰਕੇ ਕਰਦਾ ਹੈ ਕਿ ਹੇ! ਵਾਹਿਗੁਰੂ ਜੀ ਮੈਨੂੰ ਐਸੀ ਸੁਮੱਤ ਬਖ਼ਸ਼ੋ ਕਿ ਮੈਂ ਤੁਹਾਡੇ ਦੱਸੇ ਮਾਰਗ ’ਤੇ ਚੱਲ ਸਕਾਂ ਅਤੇ ਮਾਨਵਤਾ ਦੀ ਸੇਵਾ ਕਰ ਸਕਾਂ। ਸੋ-

ਹਰ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ,
ਰੱਬ ਦਾ ਨਾਮ ਧਿਆਇਆ ਜਾਏ,
ਜਦ ਕਾਰਜ ਸੰਪੂਰਨ ਹੋਵੇ,
ਉਸ ਦਾ ਸ਼ੁਕਰ ਮਨਾਇਆ ਜਾਏ।
ਗੁਰੂਆਂ ਦੀ ਸਿੱਖਿਆ ਨੂੰ ਲਈਏ,
ਗੁਰਧਾਮਾਂ ’ਤੇ ਜਾ ਕੇ,
ਫਿਰ ਸੋਚੀਏ ਭਗਵਾਨ ਦੇ ਕੋਲੋਂ,
ਕੀ ਖੱਟਿਆ ਕੀ ਪਾਇਆ ਜਾਏ।
ਭੇਦ-ਭਾਵ ਨਾ ਹੋਵੇ ਜਿੱਥੇ,
ਮਿਲ-ਜੁੱਲ ਕੇ ਸਭ ਰਹੀਏ,
ਉਸ ਬੇਗਮਪੁਰੇ ਦੇ ਵਰਗਾ,
ਸ਼ਹਿਰ ਇੱਕ ਵਸਾਇਆ ਜਾਏ।
ਜਿਹੜੇ ਘਰ ਵਿੱਚ ਨੂੰਹ ਤੇ ਸੱਸ,
ਮਾਂ-ਬੇਟੀ ਵਾਂਗ ਨੇ ਰਹਿੰਦੇ,
ਉਸ ਘਰ ਦੇ ਦਰਵਾਜ਼ੇ ਉੱਤੇ,

ਸਵਰਗ ਦਾ ਬੋਰਡ ਲਗਾਇਆ ਜਾਏ।
ਹਰ ਇੱਕ ਨੂੰ ਆਪਣਾ ਜਾਣੀਏ,
ਪਿਆਰ ਨਾਲ ਸਭ ਰਹੀਏ,
ਮੂੰਹ 'ਤੇ ਹੱਥ ਧੋਣ ਤੋਂ ਪਹਿਲਾਂ
ਮਨ ਦੀ ਮੈਲ ਨੂੰ ਲਾਇਆ ਜਾਏ।
ਮੁਸ਼ਕਿਲ ਜੇ ਕਿਤੇ ਅਤਿ ਬਣੇ,
ਢੋਈ ਦੇਵੇ ਨਾ ਮੀਤ,
ਉਸ ਔਖੀ ਘੜੀ ਦੇ ਵਿੱਚ,
ਪ੍ਰਭੂ ਨੂੰ ਮਨ ਵਿੱਚ ਲਿਆਂਦਾ ਜਾਏ।
ਕਾਰਜ ਸਭ ਸੰਪੂਰਨ ਹੋਵਣ,
ਜੇ ਨਜ਼ਰ ਸਵੱਲੀ ਹੋਵੇ,
ਜੇ ਹਰ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ,
ਰੱਬ ਦਾ ਨਾਮ ਧਿਆਇਆ ਜਾਏ।
ਜੇ ਹਰ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ,
ਰੱਬ ਦਾ ਨਾਮ ਧਿਆਇਆ ਜਾਏ ॥

ਨਵਾਂ ਸਾਲ ਇੱਕ ਨਵੀਂ ਸ਼ੁਰੂਆਤ ਨੂੰ ਦਰਸਾਉਂਦਾ ਹੈ ਅਤੇ ਹਮੇਸ਼ਾ ਅੱਗੇ ਵੱਧਣ ਦੀ ਸਿੱਖਿਆ ਦਿੰਦਾ ਹੈ। ਪੁਰਾਣੇ ਸਾਲ ਵਿੱਚ ਅਸੀਂ ਜੋ ਵੀ ਕੀਤਾ, ਸਿੱਖਿਆ, ਸਫ਼ਲ ਜਾਂ ਅਸਫ਼ਲ ਹੋਏ, ਉਸ ਸਭ ਤੋਂ ਕੁੱਝ ਸਿੱਖਦੇ ਹੋਏ, ਇੱਕ ਨਵੀਂ ਉਮੀਦ ਦੇ ਨਾਲ ਅੱਗੇ ਵੱਧਣਾ ਚਾਹੀਦਾ ਹੈ। ਜਿਸ ਤਰ੍ਹਾਂ ਅਸੀਂ ਪੁਰਾਣੇ ਸਾਲ ਦੇ ਖ਼ਤਮ ਹੋਣ 'ਤੇ ਦੁੱਖੀ ਨਹੀਂ ਹੁੰਦੇ ਬਲਕਿ ਨਵੇਂ ਸਾਲ ਦਾ ਸਵਾਗਤ ਪੂਰੇ ਉਤਸ਼ਾਹ ਨਾਲ ਕਰਦੇ ਹਾਂ, ਉਸੇ ਤਰ੍ਹਾਂ ਹੀ ਬੀਤੇ ਹੋਏ ਸਮੇਂ ਨੂੰ ਲੈ ਕੇ ਦੁੱਖੀ ਨਹੀਂ ਹੋਣਾ ਚਾਹੀਦਾ ਅਤੇ ਜੀਵਨ ਨੂੰ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਪ੍ਰਮਾਤਮਾ ਕਰੇ ਆਉਣ ਵਾਲਾ ਸਾਲ ਸਾਰਿਆਂ ਲਈ ਖ਼ੁਸ਼ੀਆਂ ਅਤੇ ਖੇੜੇ ਲੈ ਕੇ ਆਵੇ॥

ਮ. ਨੰ. 98/2, ਬਟਾਲਾ,
ਗੁਰਦਾਸਪੁਰ (ਪੰਜਾਬ)
98770-69801



## ਇਨਸਾਨ ਵਰਗਾ ਕਿਰਦਾਰ

ਡਾ. ਸੰਦੀਪ ਸਿੰਘ ਮੁੰਡੇ

ਕੁੱਝ ਬੋਲਿਆ ਤਾਂ ਚੁਭਣਗੇ ਬੋਲ ਉਨ੍ਹਾਂ ਨੂੰ,
ਜੋ ਆਪਣੀ ਹੀ ਕਿਰਤ ਦੇ ਵਫਾਦਾਰ ਨਹੀਂ।
ਦੁਨੀਆਂ 'ਤੇ ਉਸ ਮਨੁੱਖ ਦਾ ਜਿਊਣਾ ਬਿਰਥਾ,
ਜਿਸ ਨੂੰ ਆਪਣੇ ਹੀ ਹੁਨਰ ਦੀ ਕਦਰ ਨਹੀਂ।
ਸਫ਼ਲਤਾ ਦੀਆਂ ਬੁਲੰਦੀਆਂ ਕਦੇ ਉਹ ਛੂਹੰਦੇ ਨਾ,
ਜੋ ਕਰਨ ਸਮੇਂ ਦਾ ਸਦਉਪਯੋਗ ਨਹੀਂ।
ਨਵਾਂ ਕੁੱਝ ਹੋਰ ਨਹੀਂ ਸਿਰਜ ਸਕਦੇ,
ਜਿਨ੍ਹਾਂ ਨੂੰ ਆਪਣੇ ਆਪ 'ਤੇ ਇਤਬਾਰ ਨਹੀਂ।
ਹਰ ਥਾਂ ਜੋ ਪੈਸੇ ਨੂੰ ਹੀ ਮੁੱਖ ਰੱਖਦੇ,
ਉਨ੍ਹਾਂ ਦੇ ਜੀਵਨ ਵਿਚ ਹੁੰਦੀ ਬਹਾਰ ਨਹੀਂ।
ਬੰਦਾ ਬਣ ਕੇ ਵੀ ਜੇਕਰ ਨਾਮ ਕਮਾਇਆ ਨਾ,
ਮਨੁੱਖੀ ਜੀਵਨ ਦਾ ਉਹ ਹੱਕਦਾਰ ਨਹੀਂ।
ਸੋਹਣੀ ਸੂਰਤ ਸੀਰਤ ਦਾ ਕੀ ਫ਼ਾਇਦਾ,
ਜੇਕਰ ਮੂੰਹ ਵਿੱਚ ਪਿਆਰ ਦੇ ਦੋ ਬੋਲ ਨਹੀਂ।
ਦੁਨੀਆਂ ਸਾਹਮਣੇ ਚੰਗੇ ਬਣਨ ਦਾ ਕੀ ਫ਼ਾਇਦਾ,
ਜੇਕਰ ਕੀਤਾ ਮਾਂ-ਬਾਪ ਦਾ ਸਤਿਕਾਰ ਨਹੀਂ।
'ਮੁੰਡੇ' ਇਸ ਜਹਾਨ ਵਿਚ ਆ ਕੇ ਕੀ ਖੱਟਿਆ ਤੂੰ,
ਜੇਕਰ ਸਿਰਜਿਆ ਇਨਸਾਨ ਵਰਗਾ ਕਿਰਦਾਰ ਨਹੀਂ।

ਗੁਰੂ ਹਰਗੋਬਿੰਦ ਸਾਹਿਬ ਪੀ.ਜੀ. ਕਾਲਜ
ਸ੍ਰੀ ਗੰਗਾਨਗਰ (ਰਾਜਸਥਾਨ)
94136-52646

# ਚਾਲੀ ਮੁਕਤਿਆਂ ਦੀ ਸ਼ਹਾਦਤ



ਚਰਨਜੀਤ ਕੌਰ

ਚਾਲੀ ਮੁਕਤੇ ਜਿਨ੍ਹਾਂ ਨੇ ਖਿਦਰਾਣੇ ਦੀ ਢਾਬ ਵਿਖੇ ਯੁੱਧ ਕੀਤਾ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਮੁਕਤਿਆਂ ਦਾ ਵਰ ਦਿੱਤਾ। ਇਹ ਉਹ ਸਿੱਖ ਸਨ ਜੋ ਆਨੰਦਪੁਰ ਦੀ ਲੜਾਈ ਵੇਲੇ ਗੁਰੂ ਜੀ ਦਾ ਸਾਥ ਛੱਡ ਕੇ ਆਪਣੇ ਘਰਾਂ ਨੂੰ ਚਲੇ ਗਏ। ਸ੍ਰੀ ਆਨੰਦਪੁਰ ਸਾਹਿਬ ਦੀ ਆਖ਼ਰੀ ਲੜਾਈ ਵਿੱਚ ਮੁਗ਼ਲ ਫ਼ੌਜਾਂ ਨੇ ਕਿਲ੍ਹੇ ਦੀ ਸਖ਼ਤ ਘੇਰਾਬੰਦੀ ਕੀਤੀ ਹੋਈ ਸੀ ਅਨਾਜ ਪਾਣੀ ਦੇ ਭੰਡਾਰ ਖ਼ਤਮ ਹੋਣ ਲੱਗੇ ਸਨ।

ਖ਼ਾਲਸਾ ਫ਼ੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ ਪਰ ਸਿੰਘ ਆਪਣੇ ਸਿਦਕ ਤੋਂ ਨਹੀਂ ਡੋਲੇ ਪਰ ਕੁਝ ਸਿੰਘ ਭੁੱਖੇ-ਤਿਹਾਏ ਹੋਣ ਕਰ ਕੇ ਦਿਲ ਛੱਡ ਗਏ ਉਨ੍ਹਾਂ ਨੇ ਗੁਰੂ ਜੀ ਨੂੰ ਕਿਲ੍ਹਾ ਛੱਡ ਦੇਣ ਦੀ ਬੇਨਤੀ ਕੀਤੀ ਪਰ ਗੁਰੂ ਜੀ ਨੇ ਇਸ ਸਮੇਂ ਇੰਤਜ਼ਾਰ ਕਰਨ ਲਈ ਕਿਹਾ ਪਰ ਉਹ ਭੁੱਖ ਤੋਂ ਤੰਗ ਆ ਗਏ ਸਨ। ਉਨ੍ਹਾਂ ਨੇ ਆਨੰਦਪੁਰ ਸਾਹਿਬ ਛੱਡਣ ਦਾ ਮਨ ਬਣਾ ਲਿਆ ਸੀ। ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਅਸੀਂ ਜਾਣਾ ਚਾਹੁੰਦੇ ਹਾਂ ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਜੇ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਬੇਦਾਵਾ ਲਿਖ ਕੇ ਦੇ ਜਾਓ ਕਿ 'ਨਾ ਅਸੀਂ ਤੁਹਾਡੇ ਸਿੱਖ ਹਾਂ ਤੇ ਨਾ ਤੁਸੀਂ ਸਾਡੇ ਗੁਰੂ।' ਉਨ੍ਹਾਂ ਨੇ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਦਿੱਤਾ ਤੇ ਇਸ ਤਰ੍ਹਾਂ ਮਾਝੇ ਦੇ ਬਹੁਤ ਸਾਰੇ ਸਿੱਖ ਗੁਰੂ ਜੀ ਨੂੰ ਛੱਡ ਕੇ ਆਪਣੇ ਘਰਾਂ ਨੂੰ ਚਲੇ ਗਏ।

ਇਨ੍ਹਾਂ ਸਿੰਘਾਂ ਦੀ ਜਥੇਬੰਦੀ ਸਰਦਾਰ ਮਹਾਂ ਸਿੰਘ ਕਰ ਰਹੇ ਸਨ। ਕੁਝ ਸਮੇਂ ਬਾਅਦ ਸਹੀ ਮੌਕਾ ਦੇਖਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਕਿਲ੍ਹਾ ਛੱਡ ਦਿੱਤਾ ਤੇ ਸਰਸਾ ਨਦੀ 'ਤੇ ਮੁਗ਼ਲਾਂ ਨਾਲ ਭਿਆਨਕ ਯੁੱਧ ਹੋਇਆ ਜਿੱਥੇ ਗੁਰੂ ਜੀ ਦਾ ਸਾਰਾ ਪਰਿਵਾਰ ਵਿੱਛੜ ਗਿਆ ਅਤੇ ਆਪ ਮੁਗ਼ਲ ਸੈਨਾ ਦਾ ਮੁਕਾਬਲਾ ਕਰਦਿਆਂ ਚਮਕੌਰ ਦੀ ਜੰਗ ਤੋਂ ਬਾਅਦ ਮਾਛੀਵਾੜੇ ਦੇ ਜੰਗਲਾਂ ਵਿੱਚੋਂ ਗੁਜ਼ਰਦੇ ਹੋਏ ਖਿਦਰਾਣੇ ਦੀ ਢਾਬ ਪਹੁੰਚੇ। ਜਦੋਂ ਇਹ ਚਾਲੀ ਸਿੰਘ ਆਪਣੇ ਘਰਾਂ ਵਿੱਚ ਪਹੁੰਚੇ ਤਾਂ ਘਰ ਦਿਆਂ ਨੇ ਇਨ੍ਹਾਂ ਨੂੰ ਲਾਹਨਤਾਂ ਪਾਈਆਂ, ਤਾਅਨੇ ਮਾਰੇ। ਇਨ੍ਹਾਂ ਪਿੰਡਾਂ ਵਿੱਚੋਂ ਇੱਕ ਝਬਾਲ ਪਿੰਡ ਸੀ ਜਿੱਥੇ ਮਾਈ ਭਾਗੋ ਨਾਮ ਦੀ ਬਹਾਦਰ ਔਰਤ ਰਹਿੰਦੀ ਸੀ ਉਹ ਆਪਣੀ ਦ੍ਰਿੜਤਾ ਤੇ ਹਿੰਮਤ ਲਈ ਨਾਲ ਦੇ ਸਾਰੇ ਪਿੰਡਾਂ ਵਿਚ ਜਾਣੀ ਜਾਂਦੀ ਸੀ। ਮਾਈ ਭਾਗੋ ਦਾ ਬਚਪਨ ਦਾ ਨਾਮ ਭਾਗ ਭਰੀ ਸੀ ਉਹ ਆਪਣੇ ਪਿਤਾ ਨਾਲ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ 'ਚ ਦਰਸ਼ਨ ਕਰਨ ਜਾਂਦੀ ਸੀ। ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੀ ਖ਼ਬਰ ਚਾਰੇ ਪਾਸੇ ਫੈਲ ਗਈ ਤਾਂ ਉਨ੍ਹਾਂ ਦੀ ਸ਼ਹੀਦੀ ਤੋਂ ਪ੍ਰੇਰਨਾ ਲੈਂਦੀ ਹੋਈ ਮਾਈ ਭਾਗੋ ਨੇ ਗੁਰੂ ਜੀ ਦੀ ਸੇਵਾ ਕਰਨ ਦਾ ਨਿਸ਼ਚਾ ਕੀਤਾ।

ਮਾਈ ਭਾਗੋ ਇਨ੍ਹਾਂ ਚਾਲੀ ਸਿੰਘਾਂ ਦੀ ਅਗਵਾਈ ਕਰਦੀ ਹੋਈ ਗੁਰੂ ਜੀ ਤੋਂ ਮੁਆਫ਼ੀ ਮੰਗਣ ਲਈ ਤੇ ਟੁੱਟੀ ਜੋੜਨ ਲਈ ਨਾਲ ਲੈ ਕੇ ਤੁਰ ਪਈ। ਉਹ ਗੁਰੂ ਜੀ ਦੀ ਭਾਲ ਕਰਦੀ ਹੋਈ ਖਿਦਰਾਣੇ ਦੀ ਢਾਬ 'ਤੇ ਪਹੁੰਚੀ ਤੇ ਜੰਗ ਦੇ ਮੈਦਾਨ ਵਿਚ ਦੁਸ਼ਮਣਾਂ ਦੀਆਂ ਫ਼ੌਜਾਂ ਦਾ ਮੁਕਾਬਲਾ ਉਸ ਨੇ ਬੜੀ ਬਹਾਦਰੀ ਨਾਲ ਕੀਤਾ ਤੇ ਜ਼ਖ਼ਮੀ ਹੋ ਗਈ। ਗੁਰੂ ਜੀ ਨੇ ਖ਼ੁਦ ਮਾਈ ਭਾਗੋ ਦੇ ਜ਼ਖ਼ਮ ਸਾਫ਼ ਕਰਕੇ ਉਸ ਦੀ ਮੱਲ੍ਹਮ ਪੱਟੀ ਕੀਤੀ। ਗੁਰੂ ਜੀ ਇੱਕ ਉੱਚੇ ਟਿੱਬੇ 'ਤੇ ਬੈਠ ਕੇ ਜੰਗ ਦੇ ਮੈਦਾਨ ਵਿੱਚ ਸਿੰਘਾਂ ਨੂੰ ਜੂਝਦਿਆਂ ਵੇਖ ਰਹੇ ਸਨ ਤੇ ਗਦਗਦ ਹੋ ਰਹੇ ਸਨ ਤੇ ਆਪ ਵੀ ਤੀਰਾਂ ਦੀ ਬੁਛਾਰ ਕਰ ਰਹੇ ਸਨ। ਦੁਸ਼ਮਣਾਂ ਦੀ ਅਣਗਿਣਤ ਫ਼ੌਜ ਸੀ ਤੇ ਸਿੰਘ ਗਿਣਤੀ ਦੇ ਸਨ ਪਰ ਫਿਰ ਵੀ ਸਿੰਘਾਂ ਦੇ ਹੌਸਲੇ ਅੱਗੇ ਮੁਗ਼ਲ ਫ਼ੌਜਾਂ ਟਿਕ ਨਾ ਸਕੀਆਂ ਤੇ ਹਾਰ ਗਈਆਂ। ਮੈਦਾਨ ਸਿੰਘਾਂ ਨੇ ਫ਼ਤਿਹ ਕਰ ਲਿਆ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੰਘਾਂ ਦਾ ਅੰਤਿਮ ਸਸਕਾਰ ਕਰਨ ਲਈ ਜਦੋਂ ਲਾਸ਼ਾਂ ਇਕੱਠੀਆਂ ਕਰਵਾ ਰਹੇ ਸਨ ਤਾਂ ਆਪ ਇਕ-ਇਕ ਸਿੰਘ ਦੀ ਪਵਿੱਤਰ ਦੇਹ ਕੋਲ ਜਾਂਦੇ, ਉਨ੍ਹਾਂ ਦਾ ਮੁੱਖੜਾ ਸਾਫ਼ ਕਰਦੇ ਤੇ ਕਹਿੰਦੇ 'ਇਹ ਮੇਰਾ ਪੰਜ ਹਜ਼ਾਰੀ'। 'ਇਹ ਮੇਰਾ ਦਸ ਹਜ਼ਾਰੀ'। 'ਇਹ ਮੇਰਾ ਤੀਹ ਹਜ਼ਾਰੀ ਸਿੰਘ ਹੈ'। ਜਦੋਂ ਮਹਾਂ ਸਿੰਘ ਕੋਲ

ਪਹੁੰਚੇ ਤਾਂ ਉਸ ਦੇ ਸਵਾਸ ਹਾਲੇ ਚੱਲ ਰਹੇ ਸਨ ਗੁਰੂ ਜੀ ਨੂੰ ਵੇਖ ਕੇ ਉਸ ਨੇ ਉੱਠਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਉਸ ਦਾ ਸਿਰ ਆਪਣੀ ਗੋਦ ਵਿੱਚ ਲਿਆ ਉਸ ਦਾ ਮੂੰਹ ਸਾਫ਼ ਕੀਤਾ, ਉਸ ਦੇ ਮੂੰਹ ਵਿੱਚ ਪਾਣੀ ਪਾਇਆ, ਉਹ ਤਰਸ ਭਰੀਆਂ ਨਜ਼ਰਾਂ ਨਾਲ ਗੁਰੂ ਜੀ ਵੱਲ ਤੱਕ ਰਿਹਾ ਸੀ ਤੇ ਕੁਝ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਗੁਰੂ ਜੀ ਨੇ ਉਸ ਨੂੰ ਪਿਆਰ ਕਰਦੇ ਹੋਏ ਕਿਹਾ, "ਕਿ ਭਾਈ ਮਹਾਂ ਸਿੰਘ ਜੋ ਮੰਗਣਾ ਚਾਹੁੰਦਾ ਹੈ ਮੰਗ।" ਭਾਈ ਮਹਾਂ ਸਿੰਘ ਨੇ ਗਿੜਗਿੜਾਉਂਦੇ ਹੋਏ ਕਿਹਾ, "ਕਿ ਦਸਮੇਸ਼ ਪਿਤਾ ਆਪ ਜੀ ਦੇ ਦਰਸ਼ਨਾਂ ਦੀ ਤਾਂਘ ਸੀ ਜੋ ਪੂਰੀ ਹੋ ਗਈ।" ਗੁਰਦੇਵ ਪਿਤਾ ਜਾਣੀ ਜਾਣ ਸਨ ਉਨ੍ਹਾਂ ਨੇ ਕਿਹਾ ਭਾਈ ਮਹਾਂ ਸਿੰਘ ਕੁਝ ਹੋਰ ਮੰਗ ਤਾਂ ਭਾਈ ਮਹਾਂ ਸਿੰਘ ਨੇ ਕਿਹਾ ਕਿ "ਜੇ ਤਰੁਠੇ ਹੋ ਤਾਂ ਜੋ ਬੇਦਾਵਾ ਅਸੀਂ ਲਿਖ ਕੇ ਦੇ ਆਏ ਸੀ ਉਹ ਪਾੜ ਦੇਵੋ, 'ਟੁੱਟੀ ਗੰਢ ਲਵੋ'।" ਗੁਰੂ ਜੀ ਨੇ ਆਪਣੇ ਕਮਰਕੱਸੇ ਵਿਚ ਉਹ ਬੇਦਾਵਾ ਸੰਭਾਲ ਕੇ ਰੱਖਿਆ ਹੋਇਆ ਸੀ। ਗੁਰੂ ਸਾਹਿਬ ਨੇ ਉਹ ਬੇਦਾਵਾ ਕੱਢਿਆ ਤੇ ਪਾੜ ਦਿੱਤਾ ਤੇ ਮਹਾਂ ਸਿੰਘ ਨੇ ਸੁਖ ਦਾ ਸਾਹ ਲਿਆ ਤੇ ਹਮੇਸ਼ਾ ਲਈ ਗੁਰੂ ਜੀ ਦੀ ਗੋਦ ਵਿਚ ਸਵਾਸ ਤਿਆਗ ਦਿੱਤੇ।

ਗੁਰੂ ਜੀ ਨੇ ਉਨ੍ਹਾਂ ਨੂੰ ਮੁਕਤੀ ਪ੍ਰਦਾਨ ਕਰਦਿਆਂ ਉਨ੍ਹਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਤੇ ਉਸ ਢਾਬ, ਜਿੱਥੇ ਇਹ ਸਿੰਘ ਜੰਗ ਕਰਦੇ ਸ਼ਹੀਦ ਹੋਏ ਸਨ ਉਸ ਢਾਬ ਦਾ ਨਾਂ ਸ੍ਰੀ ਮੁਕਤਸਰ ਰੱਖ ਦਿੱਤਾ ਜਿੱਥੇ ਗੁਰਦੁਆਰਾ ਸ਼ਹੀਦਗੰਜ ਬਣਿਆ ਹੋਇਆ ਹੈ ਤੇ ਇੱਥੇ ਹਰ ਸਾਲ ਮਾਘੀ ਦੇ ਦਿਹਾੜੇ ਮੇਲਾ ਭਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਤਾਂ ਆਪਣੇ ਸਿੰਘਾਂ ਨੂੰ ਸਮਰੱਥ ਬਣਾਉਣਾ ਚਾਹੁੰਦੇ ਸਨ ਭੁੱਲਿਆਂ ਨੂੰ ਭੁੱਲ ਦਾ ਅਹਿਸਾਸ ਕਰਵਾ ਕੇ ਉਨ੍ਹਾਂ ਨੂੰ ਸਿੱਧੇ ਰਸਤੇ ਪਾਉਣਾ ਸੀ ਜੇ ਉਹ ਚਾਹੁੰਦੇ ਤਾਂ ਉਨ੍ਹਾਂ ਸਿੰਘਾਂ ਨੂੰ ਰੋਕ ਸਕਦੇ ਸਨ, ਇਸ ਲਈ ਉਨ੍ਹਾਂ ਨੇ ਉਨ੍ਹਾਂ ਨੂੰ ਜਾਣ ਤੋਂ ਨਹੀਂ ਰੋਕਿਆ ਤੇ ਇਕ ਨਵੀਂ ਮਿਸਾਲ ਕਾਇਮ ਕੀਤੀ। ਮਹਾਂ ਸਿੰਘ ਭੁੱਲੇ ਸਨ, ਜਾਨ ਬਚਾ ਕੇ ਗਏ ਸਨ, ਜਾਨ ਕੁਰਬਾਨ ਕਰਨ ਲਈ ਵਾਪਸ ਆਏ।

# 255, ਫ਼ੇਜ਼- 2
ਮੋਹਾਲੀ।
98887-85390



## ਨਵਾਂ ਸਾਲ ਸਾਡੇ ਦੁਆਰ

ਡਾ. ਸੁਰਿੰਦਰ ਕਾਹਲੋਂ

ਨਵਾਂ ਸਾਲ ਸਾਡੇ ਦੁਆਰ।
ਆਓ ਕਰੀਏ ਇਸ ਦਾ ਸਤਿਕਾਰ।
ਇਹ ਬਣ ਜਾਏ ਸਾਰਿਆਂ
ਕਿਰਤੀਆਂ ਕਾਮਿਆਂ ਦਾ ਤਿਉਹਾਰ।
ਫਲਣ ਕਿਸਾਨਾਂ ਦੇ ਸੁਫ਼ਨੇ
ਜਿੱਤਾਂ ਜਿੱਤਣ ਹੋ ਕੇ ਹੁਸ਼ਿਆਰ।
ਏਕਿਆਂ ਵਾਲੀ ਬਰਕਤ ਪਾ ਕੇ
ਸੰਗਠਨਾਂ ਨੂੰ ਆਉਣ ਨਵੇਲੇ ਵਾਰ।
ਕਿਰਤੀ ਕਾਮੇ ਤੇ ਨਾਲੇ ਕਿਰਸਾਨ
ਹੱਕ ਤੇ ਸੱਚ ਦਾ ਬਣੇ ਆਧਾਰ।
ਨਾਲ ਖਲੋਵਣ ਸਾਰੇ ਅਕਲਾਂ ਵਾਲੇ
ਕਲਮ ਕਰਮੀ ਤੇ ਕਲਾਕਾਰ।
ਵੇਖੋ ਫਿਰ ਕਿਹਾ ਜਲਵਾ ਬਣਦਾ
ਕੋਈ ਵੀ ਰੋਕ ਨਾ ਸਕੇ ਸਰਕਾਰ।
ਭਾਅ ਜਿਨਸਾਂ ਦੇ ਮਿਲਣ ਉਚੇਰੇ
ਹੱਕੀ ਮੰਗਾਂ 'ਤੇ ਨਾ ਚੱਲੇ ਕਟਾਰ।
ਬੰਦ ਹੋ ਜਾਵੇ ਲੁੱਟਾਂ ਦਾ ਬਾਜ਼ਾਰ
ਹਰ ਘਰ ਬਣੂ ਫਿਰ ਖ਼ੁਸ਼ੀ ਸਰਸ਼ਾਰ।
ਫਿਰ ਨਵਾਂ ਸਾਲ ਸਾਡੇ ਦੁਆਰ।
ਆਓ ਕਰੀਏ ਇਸ ਦਾ ਸਤਿਕਾਰ।

ਪੱਤਣ ਵਾਲੀ ਸੜਕ, ਪੁਰਾਣਾ ਸ਼ਾਲਾ,
ਗੁਰਦਾਸਪੁਰ।
94171-75846

# ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ



ਡਾ. ਨਿਰਮਲਾ ਰਾਣੀ

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਜਨਮਦਾਤਾ ਹਨ। ਉਹ ਬਹੁ ਪਰਤੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਨੂੰ ਭਾਵੇਂ ਕਵੀ ਭਾਈ ਵੀਰ ਸਿੰਘ ਵਜੋਂ ਜ਼ਿਆਦਾ ਪ੍ਰਸਿੱਧੀ ਮਿਲੀ ਪ੍ਰੰਤੂ ਮੌਲਿਕ ਸਾਹਿਤ ਰਚਨਾ ਵਿੱਚ ਉਨ੍ਹਾਂ ਦਾ ਕਵਿਤਾ, ਨਾਵਲ, ਨਾਟਕ, ਇਤਿਹਾਸਕਾਰੀ, ਪੱਤਰਕਾਰੀ, ਕੋਸ਼ਕਾਰੀ, ਟੀਕਾਕਾਰੀ ਅਤੇ ਅਨੁਵਾਦ ਦੇ ਖੇਤਰ ਵਿੱਚ ਵੱਡਾ ਯੋਗਦਾਨ ਹੈ। ਸੋ ਭਾਈ ਸਾਹਿਬ ਨੂੰ ਇੱਕ ਬਹੁ ਵਿਧਾਵੀ ਅਤੇ ਬਹੁ ਪੱਖੀ ਸ਼ਖ਼ਸੀਅਤ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ। ਭਾਈ ਸਾਹਿਬ ਨੇ ਜਿਸ ਸਮੇਂ ਲਿਖਣਾ ਸ਼ੁਰੂ ਕੀਤਾ ਉਹ ਸਮਾਂ ਭਾਰੀ ਸਮਾਜਿਕ ਪਰਿਵਰਤਨ ਦਾ ਕਾਲ ਸੀ। ਹਰ ਯੁੱਗ ਦਾ ਆਪਣਾ ਇਤਿਹਾਸਕ ਅਤੇ ਸਮਾਜਿਕ ਸੰਦਰਭ ਹੁੰਦਾ ਹੈ, ਆਪਣੇ ਜੀਵਨ ਮੁੱਲ ਹੁੰਦੇ ਹਨ। ਇਸੇ ਸੰਦਰਭ ਵਿਚੋਂ ਹੀ ਸਾਹਿਤ ਸੰਵੇਦਨਾ ਅਤੇ ਚੇਤਨਾ ਨੇ ਜਨਮ ਲੈਣਾ ਹੁੰਦਾ ਹੈ। ਸਾਹਿਤਕਾਰ ਆਪਣੇ ਸਮੇਂ ਦਾ ਅਜਿਹਾ ਪ੍ਰਤਿਭਾਸ਼ੀਲ ਵਿਅਕਤੀ ਹੁੰਦਾ ਹੈ ਜੋ ਆਪਣੀ ਸਾਹਿਤ ਰਚਨਾ ਕਰਦੇ ਸਮੇਂ ਸਮਕਾਲੀ ਸਮਾਜ ਅਤੇ ਪਰਿਸਥਿਤੀਆਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹੁੰਦਾ ਹੈ। ਉਹ ਆਪਣੇ ਸਮੇਂ ਦੀਆਂ ਜੀਵਨ ਮੁੱਲ ਅਤੇ ਸਚਾਈਆਂ ਪ੍ਰਤੀ ਚੇਤੰਨ ਹੋ ਕੇ ਕਿਸੇ ਆਸ਼ੇ ਅਧੀਨ ਸਾਹਿਤ ਰਚਨਾ ਕਰਨਾ ਆਪਣਾ ਫ਼ਰਜ਼ ਸਮਝਦਾ ਹੈ।

ਭਾਈ ਵੀਰ ਸਿੰਘ ਨੇ ਜਿਸ ਸਮੇਂ ਸਾਹਿਤ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ, ਉਸ ਸਮੇਂ ਕੁਝ ਕੁ ਮੌਲਿਕ ਅਤੇ ਕੁਝ ਕੁ ਅਨੁਵਾਦਿਤ ਨਾਵਲ ਛਪ ਚੁੱਕੇ ਸਨ ਪ੍ਰੰਤੂ ਭਾਈ ਵੀਰ ਸਿੰਘ ਨੇ ਪਹਿਲੀ ਵਾਰ ਪੱਛਮੀ ਕਲਾ ਵੰਨਗੀ ਨਾਵਲ ਨੂੰ ਵਿਗਿਆਨਕ ਲੀਹਾਂ 'ਤੇ ਤੋਰਿਆ ਅਤੇ ਇਸ ਵਿਧਾ ਨੂੰ ਪਰੰਪਰਾ ਨਾਲ ਜੋੜ ਕੇ ਆਧੁਨਿਕ ਰੂਪ ਵਿੱਚ ਪੇਸ਼ ਕੀਤਾ। ਭਾਈ ਸਾਹਿਬ ਨੇ ਮੈਟ੍ਰਿਕ ਪਾਸ ਕਰਦੇ ਹੀ ਵੀਹ ਸਾਲ ਦੀ ਉਮਰ ਵਿੱਚ ਸਿੰਘ ਸਭਾ ਲਹਿਰ ਦੀ ਅਗਵਾਈ ਕਰਨੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦੀਆਂ ਕੋਸ਼ਿਸ਼ਾਂ ਰਾਹੀਂ 1894 ਈਸਵੀ ਵਿੱਚ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਹੋਈ। ਇਸ ਸੁਸਾਇਟੀ ਨੇ 'ਨਿਰਗੁਣਿਆਰਾ' ਪੱਤ੍ਰਿਕਾ ਛਾਪਣੀ ਸ਼ੁਰੂ ਕੀਤੀ। ਅੱਗੇ 1899 ਈ. ਵਿੱਚ 'ਖ਼ਾਲਸਾ ਸਮਾਚਾਰ' ਸਪਤਾਹਿਕ ਪੱਤਰ ਕੱਢਣਾ ਸ਼ੁਰੂ ਕੀਤਾ। ਇਨ੍ਹਾਂ ਵਿਚ ਛਪਣ ਵਾਲੀ ਸਮੱਗਰੀ ਦਾ ਮੁੱਖ ਆਸ਼ਾ ਧਰਮ ਸੁਧਾਰ, ਸਮਾਜ ਸੁਧਾਰ, ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਨੂੰ ਵਿਕਸਿਤ ਕਰਨਾ ਸੀ।

ਸਾਹਿਤ ਸਿਰਜਨਾ ਦੌਰਾਨ ਭਾਈ ਸਾਹਿਬ ਨੇ ਚਾਰ ਮੌਲਿਕ ਨਾਵਲ ਸੁੰਦਰੀ (1897) ਈ., ਬਿਜੈ ਸਿੰਘ (1899), ਸਤਵੰਤ ਕੌਰ (ਭਾਗ ਪਹਿਲਾ 1900 ਈ.), (ਭਾਗ ਦੂਜਾ 1927 ਈ.) ਅਤੇ ਬਾਬਾ ਨੌਧ ਸਿੰਘ (1921 ਈ.) ਵਿੱਚ ਪੰਜਾਬੀ ਨਾਵਲ ਜਗਤ ਦੀ ਝੋਲੀ ਪਾਏ। ਇਹਨਾਂ ਨਾਵਲਾਂ ਵਿੱਚ ਭਾਈ ਸਾਹਿਬ ਨੇ 15ਵੀਂ ਸਦੀ ਦੇ ਸਿੱਖ ਇਤਿਹਾਸ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਪ੍ਰੰਤੂ ਇਹ ਕੋਸ਼ਿਸ਼ ਇਤਿਹਾਸ ਪੱਖੋਂ ਨਹੀਂ ਧਾਰਮਿਕ ਅਤੇ ਆਦਰਸ਼ ਪੱਖ ਤੋਂ ਹੈ।

> "ਭਾਈ ਵੀਰ ਸਿੰਘ ਦੇ ਨਾਵਲ ਸਿੱਖ ਇਤਿਹਾਸ ਨਾਲ ਸੰਬੰਧਿਤ ਹਨ ਭਾਵ ਭਾਈ ਸਾਹਿਬ ਨੇ ਅਠਾਰ੍ਹਵੀਂ ਸਦੀ ਦੇ ਸਿੱਖ-ਇਤਿਹਾਸ ਨੂੰ ਆਪਣੇ ਨਾਵਲਾਂ ਦੀ ਸਮੱਗਰੀ ਬਣਾਇਆ। ਇਤਿਹਾਸ ਨੂੰ ਪੇਸ਼ ਕਰਨ ਲਈ, ਉਸਨੇ ਕਈ ਇਤਿਹਾਸਕ ਗ੍ਰੰਥਾਂ ਦੀ ਸਹਾਇਤਾ ਲਈ, ਇਤਿਹਾਸਕ ਨਾਵਲਕਾਰ ਇਤਿਹਾਸ ਨੂੰ ਆਧਾਰ ਬਣਾ ਕੇ ਕੁੱਝ ਸਿੱਟੇ ਕੱਢਦਾ ਹੈ ਜਿਹੜੇ ਸਮਾਜ ਲਈ ਗੁਣਕਾਰੀ ਹੁੰਦੇ ਹਨ। [1]

ਭਾਈ ਵੀਰ ਸਿੰਘ ਦੀ ਨਾਵਲੀ ਰਚਨਾ ਦਾ ਸਮਾਂ ਧਾਰਮਿਕ ਲਹਿਰਾਂ ਦਾ ਸਮਾਂ ਹੈ। ਇਨ੍ਹਾਂ ਨਾਵਲਾਂ ਵਿੱਚ ਮੁੱਖ ਤੌਰ ’ਤੇ 18ਵੀਂ ਸਦੀ ਦੇ ਮਨੁੱਖਾਂ ਵੱਲੋਂ ਮੁਗ਼ਲਾਂ ਖ਼ਿਲਾਫ਼ ਛੇੜੇ ਸੰਘਰਸ਼ਾਂ ਦੀ ਕਥਾ ਪੇਸ਼ ਹੋਈ ਹੈ। ਇਹ ਈਸਾਈ ਧਰਮ ਦੇ ਪ੍ਰਚਾਰ ਦੇ ਵਿਰੋਧ ਵਜੋਂ ਲਿਖੇ ਜਾਪਦੇ ਹਨ। ਇਨ੍ਹਾਂ ਪਾਤਰ ਪ੍ਰਧਾਨ ਨਾਵਲਾਂ ਅੰਦਰ ਅਧਿਆਤਮਕ ਪੱਖ ਤੋਂ ਮਜ਼ਬੂਤ ਸਦਾਚਾਰੀ ਸਿੱਖ ਪਾਤਰਾਂ ਨੂੰ ਪੇਸ਼ ਕਰਕੇ ਵੀਹਵੀਂ ਸਦੀ ਦੀ ਢਹਿੰਦੀ ਕਲਾ ਵੱਲ ਜਾ ਰਹੀ ਮਨੁੱਖਤਾ ਨੂੰ ਪ੍ਰੇਰਿਆ ਗਿਆ ਹੈ। ਇਸ ਪ੍ਰਕਾਰ ਇਹ ਕਹਿਣਾ ਠੀਕ ਹੋਵੇਗਾ ਕਿ ਭਾਈ ਵੀਰ ਸਿੰਘ ਸਾਹਿਤ, ਖ਼ਾਸ ਕਰਕੇ ਨਾਵਲੀ ਸਾਹਿਤ ਉੱਪਰ ਉਨ੍ਹੀਵੀਂ ਅਤੇ ਵੀਹਵੀਂ ਸਦੀ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਲਹਿਰਾਂ ਦਾ ਬਹੁਤ ਪ੍ਰਭਾਵ ਸੀ। ਇਨ੍ਹਾਂ ਵਿਚੋਂ ਕੁਝ ਕੁ ਲਹਿਰਾਂ ਦਾ ਮਨੋਰਥ ਆਪਣੇ-ਆਪਣੇ ਧਰਮ ਨੂੰ ਵਡਿਆਉਣਾ ਸੀ। ਭਾਈ ਸਾਹਿਬ ਨੇ ਸਿੱਖ ਧਰਮ ਦੀ ਉੱਚਤਾ ਅਤੇ ਮਰਿਯਾਦਾ ਦੇ ਪ੍ਰਚਾਰ ਲਈ ਸਾਹਿਤ ਰਚਨਾ ਨੂੰ ਸਾਧਨਾ ਵਜੋਂ ਅਪਣਾਇਆ। ਉਸ ਸਮੇਂ ਦੀਆਂ ਧਾਰਮਿਕ ਲਹਿਰਾਂ ਮੂਲ ਰੂਪ ਵਿੱਚ ਈਸਾਈ ਧਰਮ ਦੇ ਪ੍ਰਚਾਰ ਦੇ ਸਿੱਟੇ ਵਜੋਂ ਹੋਂਦ ਵਿੱਚ ਆਈਆਂ ਸਨ। ਜੇਕਰ ਭਾਈ ਵੀਰ ਸਿੰਘ ਦੇ ਨਾਵਲੀ ਜਗਤ ’ਤੇ ਨਜ਼ਰ ਮਾਰੀਏ ਤਾਂ ਅਸੀਂ ਇਸ ਸਿੱਟੇ ’ਤੇ ਪਹੁੰਚ ਸਕਦੇ ਹਾਂ ਕਿ ਭਾਈ ਵੀਰ ਸਿੰਘ ਆਪਣੀਆਂ ਇਨ੍ਹਾਂ ਕਿਰਤਾਂ ਰਾਹੀਂ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਦੀ ਪੇਸ਼ਕਾਰੀ ਰਾਹੀਂ ਵੀਹਵੀਂ ਸਦੀ ਦੇ ਸਿੱਖ ਧਰਮ ਦੇ ਸੰਕਟ ਲਈ ਕੌਮ ਨੂੰ ਜਾਗ੍ਰਿਤ ਕਰਨਾ ਚਾਹੁੰਦੇ ਹਨ।

ਭਾਈ ਸਾਹਿਬ ਦਾ ‘ਸੁੰਦਰੀ’ ਨਾਵਲ ਜਿਸ ਸਮੇਂ ਲਿਖਿਆ ਗਿਆ ਉਸ ਸਮੇਂ ਵੱਖ-ਵੱਖ ਲਹਿਰਾਂ ਵੱਲੋਂ ਸਿੱਖ ਪੰਥ ਨੂੰ ਅਵੇਸਲੇਪਣ ਦੀ ਨੀਂਦ ਤੋਂ ਜਗਾਇਆ ਜਾ ਰਿਹਾ ਸੀ। ਇਸ ਨਾਵਲ ਵਿੱਚ ਇੱਕ ਅਜਿਹੀ ਸੁੰਦਰ ਸਿੱਖ ਇਸਤਰੀ ਦੀ ਪੇਸ਼ਕਾਰੀ ਕੀਤੀ ਗਈ ਹੈ ਜੋ ਮੁਗ਼ਲ ਹਾਕਮਾਂ ਦੇ ਜ਼ੁਲਮਾਂ ਅਤੇ ਲਾਲਚ ਅੱਗੇ ਝੁਕਦੀ ਨਹੀਂ ਸਗੋਂ ਸਿੱਖ ਧਰਮ ਵਿੱਚ ਪੱਕੀ ਰਹਿੰਦੀ ਹੈ। ਇਸ ਨੂੰ ਨਾਵਲ ਰੂਪ ਲਿਖਣ ਦਾ ਇੱਕ ਧਾਰਮਿਕ ਅਤੇ ਰਾਜਸੀ ਉਦੇਸ਼ ਹੈ। ਭਾਈ ਸਾਹਿਬ ਨੇ ਇਸ ਪੁਸਤਕ ਦੇ ਲਿਖਣ ਅਤੇ ਛਪਵਾਉਣ ਦਾ ਉਦੇਸ਼ ਇਸ ਵਿੱਚ ਸਪੱਸ਼ਟ ਲਿਖਿਆ ਹੈ।

> "ਇਸ ਪੁਸਤਕ (ਸੁੰਦਰੀ) 1898 ਦੇ ਲਿਖਣ ਤੋਂ ਸਾਡਾ ਤਾਤਪਰਯ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ ਸੁਣਕੇ, ਸਿੱਖ ਆਪਣੇ ਧਰਮ ਵਿੱਚ ਪੱਕੇ ਹੋਏ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਤੇ ਸਿੱਖਾਂ ਨੂੰ ਆਪਣੇ ਉੱਚਤਮ ਅਸੂਲ ਪਿਆਰੇ ਲੱਗਣ, ਆਪਣੇ ਵਿੱਚ ਜਥੇਬੰਦ ਹੋ ਕੇ, ਸਿੱਖ ਦੂਜੀਆਂ ਕੌਮਾਂ ਨੂੰ ਇੱਕ ਰਸ ਜਾਣ ਕੇ, ਕਿਸੇ ਨਾਲ ਅਤਿ ਵੈਰ ਅਤੇ ਅਤਿ ਮੋਹ ਨਾ ਕਰਕੇ ਸਗੋਂ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ’ ਵਾਲੀ ਗੁਰੂ ਸਿੱਖਿਆ ਪਰ ਟੁਰ ਕੇ ਅਟੱਲ ਰਹਿਣ। [2]

ਸੁੰਦਰੀ' ਨਾਵਲ ਵਿੱਚ ਭਾਈ ਵੀਰ ਸਿੰਘ ਨੇ ਇੱਕ ਆਦਰਸ਼ਕ ਸਿੱਖ ਇਸਤਰੀ ਦਾ ਸਰੂਪ ਪੇਸ਼ ਕੀਤਾ ਹੈ, ਜਿਸਦੀ ਬੁਨਿਆਦ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਉੱਪਰ ਉਸਾਰੀ ਹੈ। ਇਹ ਨਾਵਲ ਜਿੱਥੇ ਜੜ੍ਹਾਂ ਤੋਂ ਟੁੱਟ ਰਹੀਆਂ ਅਜੋਕੀਆਂ ਸਿੱਖ–ਬੀਬੀਆਂ ਨੂੰ ਆਪਣੇ ਮੂਲ ਨਾਲ ਜੋੜਨ ਦਾ ਸੰਦੇਸ਼ ਹੈ, ਉੱਥੇ ਅਜਿਹੇ ਸਿੱਖ ਵੀਰਾਂ ਨੂੰ ਵੀ ਔਰਤ ਦੇ ਸਤਿਕਾਰ ਦਾ ਗੁਰਮਤਿ ਅਨੁਸਾਰੀ ਸਮਾਜਿਕ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ-ਸਿੱਖ ਬੀਬੀਆਂ ਪ੍ਰਤੀ - “ਹੇ ਅੱਜ ਕੱਲ੍ਹ ਦੀਆਂ ਸੋਨੇ ਵਿੱਚ ਪੀਲੀਆਂ ਹੋ ਕੇ ਮੁੱਖ ਨਾਲ ਬੈਠੀ ਤੇ ਸਿੰਘਣੀਓ! ਗ਼ਰੀਬ ਤੇ ਅਮੀਰ ਸਿੱਖਾਂ ਦੀਓ ਧੀਓ, ਭੈਣਾਂ ਤੇ ਮਾਵੋ। ......ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਛੱਡ ਕੇ ਤੁਸਾਂ ਧਾਗਿਆਂ ਦੀਆਂ ਕਥਾ ਅਲਾਪ ਕੇ ਆਪਣੀ ਅਕਲ ਨੂੰ ਮੰਦ ਕੀਤਾ। ਸਿੰਘਣੀਆਂ ਵਾਲੇ ਮੋਟੇ ਤੇ ਸਾਫ਼ ਬਸਤਰ ਛੱਡ ਕੇ ਤੁਸੀਂ ਪਤਲੇ ਕੱਪੜੇ ਪਹਿਨ ਕੇ ਹਾਸੇ ਕਰਵਾਏ। ਜਿਉਂਦੇ ਪਰਮੇਸ਼ਰ ਨੂੰ ਛੱਡ ਕੇ ਤੁਸਾਂ ਸੱਪਾਂ ਨੂੰ ਪੂੜੇ ਖੁਲਾਦੇ ਤੇ ਸੱਚੇ ਅਦੁੱਤੀ ਜਨਮ ਮਰਨ ਤੋਂ ਰਹਿਤ ਪਰਮੇਸ਼ਰ ਨੂੰ ਤਿਆਗ ਕੇ ਨਰਕ ਦੇ ਰਸਤੇ ਪੈਰ ਰੱਖ ਕੇ ਪਤੀਆਂ ਤੇ ਪੁੱਤਰਾਂ ਨੂੰ ਭੀ ਉਸੇ ਰਸਤੇ ਤੋਰਿਆ। ਜ਼ਰਾ ਇੱਕ ਵੇਰੀ ਸੁੰਦਰੀ ਦੀ ਆਪਦਾ

ਵੱਲ ਵੇਖ ਕੇ ਸੋਚੋ ਕਿ ਤੁਹਾਡੇ ਧਰਮ ਰੱਖਣ ਹਿਤ ਸਿੰਘਣੀਆਂ ਕੀ ਕੀ ਜੱਫਰ ਜਾਲ ਚੁੱਕੀਆਂ ਹਨ।"

"ਸਿੱਖ ਵੀਰਾਂ ਪ੍ਰਤੀ-ਪਿਆਰੇ ਵੀਰੋ.... ਮੇਰੀ ਪ੍ਰਾਰਥਨਾ ਹੈ ਕਿ ਤੁਸੀਂ ਆਪਣੀਆਂ ਇਸਤਰੀਆਂ ਨੂੰ ਸਾਥੀ ਜਾਣੀਓ ਤੇ ਨੀਚ ਨਾ ਬਣਾਇਓ। ਜਦ ਉਨ੍ਹਾਂ ਨੂੰ ਨੀਚ ਜਾਣੋਗੇ, ਉਨ੍ਹਾਂ ਪਰ ਬੇਤਰਸ ਕਰੜਾਈ ਕਰੋਗੇ, ਅਹ ਜਦ ਪਰ ਨਾਰੀਆਂ ਨੂੰ ਮੰਦੀ ਦ੍ਰਿਸ਼ਟੀ ਨਾਲ ਦੇਖੋਗੇ ਤਦ ਹੀ ਆਪਣੇ ਤੇਜ਼ ਪ੍ਰਤਾਪ ਗਿਰਾਓ ਜਾਣੀਓ।"[3]

ਭਾਈ ਵੀਰ ਸਿੰਘ ਆਪਣੇ ਨਾਵਲਾਂ ਵਿੱਚ ਸਿੱਖ ਇਤਿਹਾਸਕ ਪਾਤਰਾਂ ਦੇ ਉੱਚੇ-ਸੁੱਚੇ ਜੀਵਨ ਆਦਰਸ਼ਾਂ ਨੂੰ ਪ੍ਰਸਤੁਤ ਕਰਦਾ ਹੈ। ਸੁੰਦਰੀ ਨਾਵਲ ਦੀ ਨਾਇਕਾ ਸੁਰਸਤੀ (ਜਿਹੜੀ ਅੰਮ੍ਰਿਤ ਛਕ ਕੇ ਸੁੰਦਰੀ ਬਣਦੀ ਹੈ) ਦੀ ਜੀਵਨ ਯਾਤਰਾ ਮੁਸੀਬਤਾਂ ਨਾਲ ਸ਼ੁਰੂ ਹੁੰਦੀ ਹੈ। ਇਲਾਕੇ ਦਾ ਹਾਕਮ ਉਸਦੀ ਸੁੰਦਰਤਾ ਦਾ ਕਾਇਲ ਹੋ ਉਸ ਨੂੰ ਆਪਣੇ ਕਬਜ਼ੇ ਵਿਚ ਲੈ ਲੈਂਦਾ ਹੈ। ਇਸ ਕੈਦ ਦੌਰਾਨ ਸੁੰਦਰੀ ਚਿਖਾ ਸਜਾ ਕੇ ਆਤਮਦਾਹ ਦੀ ਕੋਸ਼ਿਸ਼ ਕਰਦੀ ਹੈ ਪ੍ਰੰਤੂ ਉਸਦਾ ਭਰਾ ਮੌਕੇ 'ਤੇ ਆ ਕੇ ਉਸਦੀ ਜਾਨ ਬਚਾਉਂਦਾ ਹੈ। ਸੁੰਦਰੀ ਘਰ ਵਾਪਸੀ ਦੀ ਥਾਂ ਸਿੰਘਾਂ ਦੇ ਜਥੇ ਵਿੱਚ ਜਾਣਾ ਚਾਹੁੰਦੀ ਹੈ। ਉਹ ਆਪਣੇ ਭਰਾ ਨੂੰ ਕਹਿੰਦੀ ਹੈ ਕਿ -

"ਵੀਰ ਜੀ। ਇਹ ਦੇਹੀ ਬਿਨਸਨਹਾਰ ਹੈ, ਅੰਤ ਬਿਨਸਨੀ ਹੈ, ਫੇਰ ਜੇ ਪੰਥ ਦੀ ਸੇਵਾ ਵਿੱਚ ਬਿਨਸੇ ਤਦ ਇਸ ਤੋਂ ਵੱਧ ਕੇ ਕੀ ਲਾਹਾ ਹੈ ਕਿਵੇਂ ਸਾਡੇ ਸਤਿਗੁਰੂ ਜੀ ਦੇ ਸਾਹਿਬਜ਼ਾਦਿਆਂ ਨੇ ਜਾਨਾਂ ਵਾਰੀਆਂ ਤੇ ਕਿਵੇਂ ਹੱਸ ਕੇ ਭਾਈ ਮਨੀ ਸਿੰਘ ਜੀ ਨੇ ਬੰਦ-ਬੰਦ ਕਟਾਏ। ਜਦ ਵੀਰ ਜੀ। ਇਹੋ ਜਿਹੇ ਮਹਾਤਮਾਂ ਕੁਰਬਾਨ ਹੋ ਰਹੇ ਹਨ ਤਾਂ ਅਸੀਂ ਆਪਣੀ ਜਾਨ ਨੂੰ ਕਿਸ ਲਈ ਸਾਂਭ ਸਾਂਭ ਰੱਖੀਏ।"[4]

ਸੁੰਦਰੀ 'ਨਾਵਲ ਵਿੱਚ ਸਿੱਖ ਪਾਤਰਾਂ ਦੇ ਉੱਚੇ-ਸੁੱਚੇ ਆਦਰਸ਼ਾਂ ਤੇ ਜੀਵਨ ਨੂੰ ਪੇਸ਼ ਕੀਤਾ ਗਿਆ ਹੈ। ਨਾਇਕਾ ਸੁੰਦਰੀ ਦੁੱਖਾਂ ਤੋਂ ਉੱਪਰ ਉੱਠ ਕੇ ਜਥੇ ਦੀ ਸੇਵਾ ਕਰਦੀ ਹੈ, ਭਜਨ ਬੰਦਗੀ ਕਰਦੀ ਹੈ, ਜੰਗ ਦੇ ਮੈਦਾਨ ਵਿੱਚ ਬਹਾਦਰੀ ਦਿਖਾ ਕੇ ਔਰਤ ਸਿੱਖ ਪਾਤਰਾਂ ਲਈ ਸ਼ਕਤੀ ਦੇ ਚਿੰਨ੍ਹ ਵਜੋਂ ਕੰਮ ਕਰਦੀ ਹੈ।

''ਦਰਅਸਲ ਸੁੰਦਰੀ ਚਿੰਨ੍ਹ ਹੈ ਨਵੀਂ ਸ਼ਕਤੀ ਦਾ ਜਿਸ ਨੂੰ ਗੁਰੂ ਸਾਹਿਬਾਂ ਦੀਆਂ ਸਿੱਖਿਆਵਾਂ ਨੇ ਇੱਕ ਨਵਾਂ ਰਾਹ ਦਿਖਾਇਆ। ਮੱਧ ਕਾਲੀਨ ਸਮੇਂ ਦੇ ਹਾਕਮ ਆਪਣੀ ਹਵਸ ਲਈ ਨੌਜਵਾਨ ਇਸਤਰੀਆਂ ਨੂੰ ਜ਼ਬਰਦਸਤੀ ਆਪਣੇ ਧਰਮ ਵਿੱਚ ਸ਼ਾਮਿਲ ਕਰਨ ਲਈ, ਉਨ੍ਹਾਂ ਦੇ ਪਰਿਵਾਰਾਂ ਤੋਂ ਖੋਹ ਕੇ ਲੈ ਜਾਂਦੇ ਸਨ ਅਤੇ ਉਸ ਵੇਲੇ ਦਾ ਸਮਾਜ ਆਪਣੀ ਮਾਨਸਿਕ ਕਮਜ਼ੋਰੀ ਕਾਰਨ ਜ਼ਬਰ ਨਾਲ ਟੱਕਰ ਨਹੀਂ ਸੀ ਲੈਂਦਾ। ਸਿੱਖ ਲਹਿਰ ਨੇ ਜਿੱਥੇ ਇੱਕ ਪਾਸੇ ਜ਼ੁਲਮ ਤੇ ਜਬਰ ਨਾਲ ਟੱਕਰ ਲਈ, ਸਮਾਜ ਨੂੰ ਸੰਗਠਿਤ ਕੀਤਾ, ਉੱਥੇ ਇਸਤਰੀ ਵਿੱਚ ਸਮਾਜਿਕ ਬਰਾਬਰੀ ਤੇ ਮਨੋਬਲ ਪੈਦਾ ਕਰਕੇ ਇੱਕ ਨਵੀਂ ਰੂਹ ਭਰ ਦਿੱਤੀ।[5]

ਅਸਲ ਵਿੱਚ ਭਾਈ ਵੀਰ ਸਿੰਘ ਦੇ ਜੀਵਨ ਕਾਲ ਸਮੇਂ ਸਿੱਖ ਔਰਤਾਂ ਕੇਵਲ ਪਦਾਰਥਕ ਜੀਵਨ ਦੀਆਂ ਖ਼ੁਸ਼ੀਆਂ ਅਤੇ ਭੋਗ-ਵਿਲਾਸਾਂ ਨੂੰ ਤਰਜੀਹ ਦੇ ਰਹੀਆਂ ਸਨ। ਉਹ ਸਿੱਖੀ ਆਦਰਸ਼ਾਂ ਅਤੇ ਜੀਵਨ ਜਾਚ ਤੋਂ ਮੂੰਹ ਮੋੜ ਰਹੀਆਂ ਸਨ। ਵਹਿਮਾਂ-ਭਰਮਾਂ ਵਿੱਚ ਗ੍ਰਸਤ ਹੋ ਰਹੀਆਂ ਸਨ। ਸੁੰਦਰੀ ਨਾਇਕਾ ਦੀਆਂ ਗਤੀਵਿਧੀਆਂ ਰਾਹੀਂ ਭਾਈ ਸਾਹਿਬ ਉਨ੍ਹਾਂ ਨੂੰ ਸਿੱਖੀ ਜੀਵਨ-ਜਾਚ ਦਾ ਚੇਤਾ ਕਰਵਾਉਣਾ ਚਾਹੁੰਦੇ ਹਨ।

"ਸੁੰਦਰੀ ਉਪਨਿਆਸ ਦੀ ਨਾਇਕਾ ਸੁੰਦਰੀ ਦੇ ਜੀਵਨ ਦੀਆਂ ਮਹਾਨ ਕੁਰਬਾਨੀਆਂ ਬਹਾਦਰੀ ਅਤੇ ਧਰਮ-ਨਿਸ਼ਠਾ ਨੂੰ ਪੇਸ਼ ਕਰਕੇ ਭਾਈ ਸਾਹਿਬ ਨੇ ਆਪਣੇ ਸਮੇਂ ਦੀਆਂ ਇਸਤਰੀਆਂ ਸਾਹਵੇਂ ਇੱਕ ਆਦਰਸ਼ ਸਿੰਘਣੀ ਦਾ ਚਿੱਤਰ ਪੇਸ਼ ਕੀਤਾ ਹੈ, ਜੋ ਧਰਮ ਅਤੇ ਕਰਤੱਵ ਤੋਂ ਅਨਜਾਣ ਕੇਵਲ ਪਦਾਰਥਕ ਜੀਵਨ ਦੀਆਂ ਖ਼ੁਸ਼ੀਆਂ ਤੇ ਆਨੰਦ ਨੂੰ ਹੀ ਜ਼ਿੰਦਗੀ ਦਾ ਮਨੋਰਥ ਮੰਨ ਬੈਠੀਆਂ ਹਨ। ਇਸ ਤੋਂ ਛੁੱਟ ਸਿੱਖ ਧਰਮ ਤੋਂ ਬੇਮੁਖ ਹੋ ਕੇ ਦੂਸਰੇ ਧਰਮਾਂ

ਵਿੱਚ ਸ਼ਾਮਲ ਹੋਣ ਦਾ ਖੰਡਨ, ਅੰਮ੍ਰਿਤ ਪਾਨ ਤੇ ਨਾਮ ਸਿਮਰਨ ਦਾ ਮੰਡਨ ਅਤੇ ਭੇਖੀ ਸਾਧੂਆਂ ਸੰਤਾ ਦੇ ਵਹਿਮਾਂ ਭਰਮਾਂ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ।" [6]

ਪੰਜਾਬੀ ਸਾਹਿਤ ਵਿੱਚ ਸੁੰਦਰੀ ਨਾਵਲ ਸਭ ਤੋਂ ਵੱਧ ਪੜ੍ਹਿਆ ਗਿਆ। ਇਸ ਦੀ ਸਾਰਥਿਕਤਾ ਅੱਜ ਵੀ ਉਨ੍ਹੀਂ ਹੀ ਹੈ ਜਿੰਨੀ ਰਚਨਾ ਕਾਲ ਸਮੇਂ ਸੀ। ਭਾਈ ਸਾਹਿਬ ਦਾ ਸਮਾਂ ਉਹ ਸਮਾਂ ਸੀ ਜਦੋਂ ਪੰਜਾਬ ਵਿੱਚ ਮੁਗ਼ਲਾਂ ਨੇ ਹਨੇਰ-ਗਰਦੀ ਮਚਾਈ ਹੋਈ ਸੀ। ਲੋਕਾਂ ਦਾ ਧਨ ਮਾਲ, ਇੱਜ਼ਤ-ਆਬਰੂ ਸੁਰੱਖਿਅਤ ਨਹੀਂ ਸੀ। ਖ਼ਾਸ ਕਰਕੇ ਔਰਤ ਮੁਗ਼ਲ ਸ਼ਾਸਕਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਹੀ ਸੀ।

"ਇਸ ਨਾਵਲ ਦੇ ਕਥਾਨਕ ਦਾ ਆਧਾਰ ਅਠਾਰ੍ਹਵੀਂ ਸਦੀ ਦਾ ਸਿੱਖ ਇਤਿਹਾਸ ਹੈ। ਇਹ ਉਹ ਸਮਾਂ ਜਦੋਂ ਸਿੱਖ ਕੌਮ, ਮੁਗ਼ਲਾਂ ਦੇ ਅੰਨ੍ਹੇ ਤਸ਼ੱਦਦ ਦੇ ਬਾਵਜੂਦ ਵੀ ਆਪਣੇ ਉੱਚ ਆਦਰਸ਼ਾਂ ਤੇ ਗੁਰੂ ਸਾਹਿਬਾਨਾਂ ਦੁਆਰਾ ਦਰਸਾਏ ਗਏ ਮਰਿਯਾਦਾ ਦੇ ਮਾਰਗ 'ਤੇ ਡਟ ਕੇ ਪਹਿਰਾ ਦੇ ਰਹੀ ਸੀ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਲੋਕਾਂ ਦੀ ਜਾਨ-ਮਾਲ, ਧਨ-ਦੌਲਤ, ਇੱਜ਼ਤ ਆਬਰੂ ਆਦਿ ਕੁਝ ਵੀ ਸੁਰੱਖਿਅਤ ਨਹੀਂ ਸੀ। ਮੁਗ਼ਲ ਹਾਕਮਾਂ ਦੁਆਰਾ ਮਚਾਈ ਗਈ ਇਸ ਹਨੇਰ-ਗਰਦੀ ਵਿੱਚ ਹਰ ਵਿਅਕਤੀ ਸਹਿਮ ਅਧੀਨ ਜ਼ਿੰਦਗੀ ਜਿਊਣ ਲਈ ਮਜਬੂਰ ਸੀ। ਅਜਿਹੀ ਹਨੇਰ-ਗਰਦੀ ਵਿੱਚ ਔਰਤ ਦੀ ਸਥਿਤੀ ਕੀ ਹੋਵੇਗੀ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।" [7]

'ਸੁੰਦਰੀ' ਨਾਵਲ ਨੂੰ ਜਿੱਥੇ ਭਾਈ ਵੀਰ ਸਿੰਘ ਦਾ ਪਲੇਠਾ ਨਾਵਲ ਹੋਣ ਦਾ ਮਾਣ ਹੈ, ਉੱਥੇ ਇਹ ਪੰਜਾਬੀ ਸਾਹਿਤ ਦਾ ਵੀ ਪਲੇਠਾ ਨਾਵਲ ਹੈ। ਇਹ ਨਾਵਲ ਤਤਕਾਲੀ ਸਮੇਂ ਔਰਤ ਦੀ ਤਰਸਯੋਗ ਹਾਲਤ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗਿਆ ਹੈ। ਭਾਈ ਵੀਰ ਸਿੰਘ ਜੀ ਨੇ ਤਤਕਾਲੀ ਸਮੇਂ ਸਿੱਖ ਕੌਮ ਦੀ ਦੁਰਦਸ਼ਾ ਅਤੇ ਦਿਨੋਂ-ਦਿਨ ਵੱਧ ਰਹੇ ਪੱਛਮੀ ਪ੍ਰਭਾਵ ਸਦਕਾ ਕੌਮ ਦੇ ਨਿੱਤ ਜੀਵਨ ਵਿੱਚ ਆ ਰਹੀ ਗਿਰਾਵਟ ਤੋਂ ਚਿੰਤਤ ਹੋ ਕੇ ਇਸ ਨਾਵਲ ਦੇ ਕਥਾਨਕ ਦੀ ਉਸਾਰੀ ਕੀਤੀ ਹੈ। ਇਸ ਰਚਨਾ ਵਿੱਚ ਪਾਤਰ ਆਦਰਸ਼ ਸਿੱਖ, ਔਰਤ-ਮਰਦ ਦਿਖਾਏ ਗਏ ਹਨ। ਲੇਖਕ ਨੇ ਸਿੱਖਾਂ ਦੇ ਅਤੀਤ ਦਾ ਵਰਣਨ ਕਰਨ ਦੇ ਨਾਲ-ਨਾਲ ਨਾਇਕਾ ਸੁੰਦਰੀ ਰਾਹੀਂ ਸਿੱਖ ਕੌਮ ਅਤੇ ਖ਼ਾਸ ਕਰਕੇ ਔਰਤ ਜਾਤ ਨੂੰ ਨਿੱਜੀ ਸੁੱਖ ਲੋਚਾ ਤੋਂ ਉੱਪਰ ਉੱਠ ਕੇ ਦੇਸ਼, ਕੌਮ ਅਤੇ ਸਿੱਖੀ ਆਦਰਸ਼ਾਂ ਦੀ ਰਾਖੀ ਲਈ ਉਸਾਰੂ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਹੈ। ਭਾਈ ਸਾਹਿਬ ਨੇ ਗੁਰਮਤਿ ਆਸ਼ੇ ਅਨੁਸਾਰ ਔਰਤ ਨੂੰ ਸਮਾਜ ਦੀ ਸਿਰਜਣਹਾਰ ਮੰਨਿਆ ਹੈ ਅਤੇ ਉਸ ਨੂੰ ਆਪਣਾ ਮੂਲ ਪਛਾਣਨ ਦਾ ਸੰਦੇਸ਼ ਦਿੱਤਾ ਹੈ।

**ਹਵਾਲੇ ਤੇ ਟਿੱਪਣੀਆਂ**


1. ਡਾ. ਦਰਸ਼ਨ ਗਰੋਵਰ, ਪੰਜਾਬੀ ਇਤਿਹਾਸਿਕ ਨਾਵਲ, ਪੰਨਾ-9
2. ਭਾਈ ਵੀਰ ਸਿੰਘ, ਸੁੰਦਰੀ, ਪੰਨਾ-127
3. ਉਹੀ, ਪੰਨਾ-127
4. ਡਾ. ਦਰਸ਼ਨ ਗਰੋਵਰ, ਪੰਜਾਬੀ ਇਤਿਹਾਸਿਕ ਨਾਵਲ, ਪੰਨਾ-22
5. ਭਾਈ ਵੀਰ ਸਿੰਘ , ਸੁੰਦਰੀ, ਪੰਨਾ-21
6. ਡਾ. ਜਸਵੰਤ ਸਿੰਘ ਨੇਕੀ, ਸੁੰਦਰੀ, ਪ੍ਰਵੇਸ਼ਕਾ
7. ਗਗਨਇੰਦਰ ਕੌਰ, ਭਾਈ ਵੀਰ ਸਿੰਘ ਦੇ ਨਾਵਲਾਂ 'ਤੇ ਸਿੰਘ ਸਭਾ ਲਹਿਰ ਦਾ ਪ੍ਰਭਾਵ, ਪੰਨਾ-107



ਮੰਡੀ ਡੱਬਵਾਲੀ, ਜ਼ਿਲ੍ਹਾ ਸਿਰਸਾ।
94166-44399

# 26 ਜਨਵਰੀ ਬਸੰਤ ਪੰਚਮੀ ਵਿਸ਼ੇਸ਼



ਸੁਰੇਸ਼ ਕੁਮਾਰ ਗੋਇਲ

ਭਾਰਤ ਦੀ ਕੁਦਰਤੀ ਸ਼ੋਭਾ ਨੂੰ ਬਸੰਤ ਰਿਤੂ, ਸੁਹਾਵਣੀ, ਅਦੁੱਤੀ ਅਤੇ ਮਨਮੋਹਕ ਬਣਾ ਦਿੰਦੀ ਹੈ ਜਿਸ ਦੇ ਸਦਕਾ ਇਸ ਰਿਤੂ ਨੂੰ 'ਰਿਤੂਰਾਜ' ਵੀ ਕਿਹਾ ਜਾਂਦਾ ਹੈ। ਮਨ ਵਿਚ ਜੋਸ਼ ਅਤੇ ਤਾਜ਼ਗੀ ਭਰ ਦੇਣ ਵਾਲੀ ਇਸ ਰਿਤੂ ਵਿਚ ਰੁੱਖਾਂ 'ਤੇ ਨਵੀਆਂ ਕਰੂੰਬਲਾਂ ਫੁੱਟਦੀਆਂ ਹਨ ਅਤੇ ਮਨਮੋਹਕ ਫੁੱਲਾਂ ਨਾਲ ਬਾਗ਼ਾਂ ਵਿਚ ਬਹਾਰ ਆ ਜਾਂਦੀ ਹੈ। ਬਸੰਤ ਦੀ ਆਮਦ ਮਨੁੱਖਾਂ ਵਿੱਚ ਨਵੀਂ ਤਾਜ਼ਗੀ ਲਿਆ ਦਿੰਦੀ ਹੈ ਅਤੇ ਮੌਸਮ ਵੀ ਸਰਦੀ ਦੇ ਜਾਣ ਦੀ ਸੂਚਨਾ ਦਿੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ, "ਆਈ ਬਸੰਤ ਪਾਲਾ ਉਡੰਤ" ਇਸ ਰਿਤੂ ਵਿਚ ਨਵੇਂ ਖ਼ੂਨ ਦਾ ਸੰਚਾਰ ਹੁੰਦਾ ਹੈ। ਇਨ੍ਹਾਂ ਦਿਨਾਂ ਵਿਚ ਸਵੇਰ ਦੀ ਸੈਰ ਬਹੁਤ ਲਾਭਕਾਰੀ ਹੈ। ਇਸੇ ਲਈ ਔਰਤਾਂ ਸ਼ਹਿਰੋਂ ਬਾਹਰ ਬਣੇ ਸੀਤਲਾ ਮਾਤਾ ਦੇ ਮੰਦਰਾਂ ਵਿਚ ਪੂਜਾ ਅਤੇ ਦਰਸ਼ਨਾਂ ਲਈ ਜਾਂਦੀਆਂ ਹਨ।

**ਹਕੀਕਤ ਰਾਏ**

ਬਸੰਤ ਪੰਚਮੀ ਦੇ ਇਸ ਦਿਨ ਮੁਗ਼ਲ ਸ਼ਾਸਕਾਂ ਨੇ ਧਰਮ ਦੀ ਰੱਖਿਆ ਲਈ ਛੋਟੇ ਬੱਚੇ ਹਕੀਕਤ ਰਾਏ ਨੂੰ ਸ਼ਹੀਦ ਕਰ ਦਿੱਤਾ ਸੀ, ਜਿਸ ਦੀ ਯਾਦ ਵਿੱਚ ਇਸ ਦਿਨ ਕਈ ਥਾਵਾਂ 'ਤੇ ਸ਼ਹੀਦੀ ਮੇਲੇ ਲੱਗਦੇ ਹਨ। ਆਪਣੀ ਕੁਰਬਾਨੀ ਦੇ ਕੇ ਦੇਸ਼ ਦਾ ਭਲਾ ਕਰਨ ਵਾਲੇ ਇਸ ਬੱਚੇ ਦਾ ਜਨਮ ਪੰਜਾਬ ਦੇ ਸਿਆਲਕੋਟ ਦੇ ਇੱਕ ਅਮੀਰ ਪਰਿਵਾਰ ਵਿੱਚ ਪਿਤਾ ਭਾਗਮਲ ਦੇ ਘਰ ਮਾਤਾ ਗੌਰਾਂ ਦੀ ਕੁੱਖੋਂ 1719 ਵਿੱਚ ਹੋਇਆ। ਮਾਤਾ ਦੇ ਧਾਰਮਿਕ ਵਿਚਾਰ ਅਸਲੀ ਜੀਵਨ 'ਤੇ ਛਾਪੇ ਨਜ਼ਰ ਆਉਂਦੇ ਸਨ, ਜਿਨ੍ਹਾਂ ਦੇ ਸਦਕਾ ਛੋਟੀ ਉਮਰ ਵਿਚ ਧਰਮ ਦੀ ਰੱਖਿਆ ਲਈ ਆਪਣਾ ਸਿਰ ਕਟਾ ਲਿਆ ਪਰ ਧਰਮ ਨਹੀਂ ਛੱਡਿਆ। ਪਿਤਾ ਚਾਹੁੰਦੇ ਸੀ ਕਿ ਪੁੱਤਰ ਪੜ੍ਹ ਲਿਖ ਕੇ ਚੰਗੀ ਸਰਕਾਰੀ ਨੌਕਰੀ ਕਰੇ, ਪਰ ਫ਼ਾਰਸੀ ਸਿੱਖੇ ਬਿਨਾਂ ਇਹ ਸੰਭਵ ਨਹੀਂ ਸੀ। ਇਸੇ ਲਈ ਪਿਤਾ ਨੇ ਹਕੀਕਤ ਰਾਏ ਨੂੰ ਫ਼ਾਰਸੀ ਸਿੱਖਣ ਲਈ ਮਦਰੱਸੇ ਭੇਜ ਦਿੱਤਾ ਜਿਥੇ ਹਕੀਕਤ ਰਾਏ ਨੇ ਆਪਣੀ ਤੀਖਣ ਬੁੱਧੀ ਨਾਲ ਜਲਦੀ ਸਿੱਖ ਲਿਆ ਅਤੇ ਪਹਿਲੇ ਦਰਜੇ 'ਤੇ ਆਉਣਾ ਸ਼ੁਰੂ ਕਰ ਦਿੱਤਾ। ਜਿਸ ਕਾਰਨ ਮੁਸਲਮਾਨ ਬੱਚੇ ਇਸ ਨਾਲ ਈਰਖਾ ਕਰਨ ਲੱਗ ਜਾਂਦੇ ਹਨ।

ਇਸੇ ਦੌਰਾਨ ਇੱਕ ਦਿਨ ਮਦਰੱਸੇ ਵਿੱਚ ਕੋਈ ਮੌਲਵੀ ਨਹੀਂ ਸੀ ਆਏ ਤਾਂ ਮੁਸਲਮਾਨ ਬੱਚਿਆਂ ਨੇ ਮਾਂ ਭਗਵਤੀ ਨੂੰ ਹਕੀਕਤ ਦੇ ਸਾਹਮਣੇ ਗਾਲ੍ਹਾਂ ਕੱਢੀਆਂ, ਜਿਸ ਨੂੰ ਬਰਦਾਸ਼ਤ ਕਰਨਾ ਅਸੰਭਵ ਸੀ ਤਾਂ ਹਕੀਕਤ ਨੇ ਸਿਰਫ਼ ਇਹ ਵੀ ਕਿਹਾ ਕਿ ਜੇ ਮੈਂ ਬੀਬੀ ਫਾਤਿਮਾ ਨੂੰ ਵੀ ਇਹੀ ਕਹਾਂ? ਇਸ ਨਾਲ ਮੁਸਲਮਾਨ ਬੱਚੇ ਭੜਕ ਗਏ ਅਤੇ ਮੌਲਵੀ ਜੀ ਦੇ ਆਉਣ 'ਤੇ ਜਮਾਤੀਆਂ ਨੇ ਇਹ ਗੱਲ ਉਨ੍ਹਾਂ ਨੂੰ ਵਧਾ ਚੜ੍ਹਾ ਕੇ ਸਿਖਾਈ ਜਿਸ ਨਾਲ ਮੌਲਵੀ ਗੁੱਸੇ ਵਿਚ ਆ ਗਿਆ ਅਤੇ ਇਹ ਮਾਮਲਾ ਸਿਆਲਕੋਟ ਵਿਚ ਮਿਰਜ਼ਾ ਬੇਗ਼ ਦੇ ਦਰਬਾਰ ਵਿਚ ਲੈ ਗਿਆ। ਉੱਥੇ ਵੀ ਹਕੀਕਤ ਨੇ ਸਹੀ ਗੱਲ ਦੱਸੀ, ਜਿਸ ਕਾਰਨ ਮਿਰਜ਼ਾ ਵੀ ਨਾਰਾਜ਼ ਹੋ ਗਿਆ ਅਤੇ ਉਸਨੇ ਸ਼ਾਹੀ ਕਾਜ਼ੀ ਸੁਲੇਮਾਨ ਦੀ ਸਲਾਹ ਲਈ, ਜਿਸ ਨੇ ਹਕੀਕਤ ਨੂੰ ਆਪਣੀ ਜਾਨ ਬਚਾਉਣ ਲਈ ਮੁਸਲਮਾਨ ਬਣਨ ਲਈ ਕਿਹਾ ਪਰ ਹਕੀਕਤ ਦੇ ਮਨ੍ਹਾਂ ਕਰਨ 'ਤੇ ਕੇਸ ਲਾਹੌਰ ਭੇਜ ਦਿੱਤਾ ਗਿਆ। ਉੱਥੇ ਉਹਨਾਂ ਕਿਹਾ ਕਿ "ਇਸਲਾਮੀ ਸ਼ਰ੍ਹਾ ਦੇ ਅਨੁਸਾਰ ਇਸਦੀ ਸਜ਼ਾ ਸਿਰਫ਼ ਮੌਤ ਜਾਂ ਇਸਲਾਮ ਕਬੂਲ ਕਰਨਾ ਹੈ"। ਹਕੀਕਤ ਨੇ ਹਾਕਮ ਨੂੰ ਕਿਹਾ ਕਿ ਜੇਕਰ ਉਸ ਨੇ ਮਰਨਾ ਹੀ ਹੈ ਤਾਂ ਹਿੰਦੂ ਹੀ ਕਿਉਂ ਨਹੀਂ ਮਰਨਾ ਚਾਹੀਦਾ, ਜਿਸ 'ਤੇ ਹਾਕਮ ਨੂੰ ਗੁੱਸਾ ਆ ਗਿਆ ਅਤੇ ਹਕੀਕਤ ਨੂੰ ਮੌਤ ਦੀ ਸਜ਼ਾ ਸੁਣਾਈ ਗਈ। 4 ਫਰਵਰੀ, 1734 ਨੂੰ ਬਸੰਤ ਪੰਚਮੀ ਦੇ ਦਿਨ, ਜਲਾਦ ਨੇ ਬਾਲ ਵੀਰ ਹਕੀਕਤ ਰਾਏ ਦਾ ਸਿਰ ਤਲਵਾਰ ਨਾਲ ਕਲਮ ਕਰ ਦਿੱਤਾ। ਲਾਹੌਰ ਦੇ ਹਿੰਦੂਆਂ ਨੇ ਸ਼ਾਲੀਮਾਰ ਬਾਗ ਦੇ ਨੇੜੇ ਉਸਦਾ ਸਸਕਾਰ ਕੀਤਾ ਅਤੇ ਇੱਕ ਮਕਬਰਾ ਬਣਾਇਆ। ਹਰ ਸਾਲ ਬਸੰਤ ਪੰਚਮੀ ਨੂੰ ਪੰਜਾਬ ਵਿੱਚ ਸੂਰਬੀਰਤਾ ਦੇ ਸ਼ਹੀਦੀ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। ਬਟਾਲਾ ਵਿਖੇ ਉਨ੍ਹਾਂ ਦੀ ਯਾਦ ਵਿਚ ਹਰ ਸਾਲ ਵੱਡਾ ਬਸੰਤ ਪੰਚਮੀ ਨੂੰ ਮੇਲਾ ਲੱਗਦਾ ਹੈ।

ਬਟਾਲਾ, ਪੰਜਾਬ
94170-71341

# ਗੁਰੂ ਨਾਨਕ ਬਾਣੀ : ਵਾਤਾਵਰਣਿਕ ਪੱਖ



ਜਸਵੰਤ ਕੌਰ ਮਣੀ

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ॥

ਗੁਰਬਾਣੀ ਦੇ ਇਸ ਮਹਾਂਵਾਕ ਵਿਚ ਓਨੀ ਹੀ ਸਚਾਈ ਹੈ ਜਿੰਨੀ ਸਚਾਈ ਦਿਨ ਤੇ ਰਾਤ ਬਦਲਣ ਵਿੱਚ, ਸੂਰਜ ਚੜ੍ਹਨ ਤੇ ਛਿਪਣ ਵਿਚ ਹੈ। ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਇਸ ਧਰਤੀ 'ਤੇ ਅਵਤਾਰ ਧਾਰਿਆ ਤਾਂ ਉਦੋਂ ਹਰ ਪਾਸੇ ਊਚ-ਨੀਚ, ਜਾਤ-ਪਾਤ, ਲੋਭ ਹੰਕਾਰ, ਵਹਿਮ-ਭਰਮ ਆਦਿ ਦਾ ਪਸਾਰਾ ਸੀ ਪਰ ਗੁਰੂ ਜੀ ਦੇ ਆਗਮਨ ਨਾਲ ਸਾਰੀਆਂ ਬੁਰਾਈਆਂ ਖ਼ਤਮ ਹੋਣੀਆਂ ਸ਼ੁਰੂ ਹੋਈਆਂ ਤੇ ਚਾਰੇ ਪਾਸੇ ਆਪਸੀ ਮੋਹ-ਪਿਆਰ, ਭਾਈਚਾਰਾ, ਅਪਣੱਤ ਦਾ ਪਸਾਰਾ ਹੋਣਾ ਪਾਸਾਰ ਹੋ ਗਿਆ।

ਜਦੋਂ ਵੀ ਅਸੀਂ ਭਾਰਤੀ ਚਿੰਤਨ ਦਾ ਅਧਿਐਨ ਕਰਦੇ ਹਾਂ ਤਾਂ ਇਹ ਗੱਲ ਪ੍ਰਤੱਖ ਤੌਰ 'ਤੇ ਪ੍ਰਤੀਤ ਹੁੰਦੀ ਹੈ ਕਿ ਜਦੋਂ-ਜਦੋਂ ਮਨੁੱਖੀ ਜੀਵਨ ਗਿਰਾਵਟ ਦੇ ਰਸਤੇ ਜਾਂਦਾ ਹੈ ਤਾਂ ਉਦੋਂ ਹੀ ਇਸ ਗਿਰਾਵਟ ਤੋਂ ਮੁਕਤੀ ਲਈ ਸੰਤਾਂ ਮਹਾਂਪੁਰਖਾਂ ਦਾ ਸੰਸਾਰ 'ਤੇ ਆਗਮਨ ਹੋਇਆ। ਜਿਸ ਸਮੇਂ ਗੁਰੂ ਨਾਨਕ ਦੇਵ ਜੀ ਦਾ ਸੰਸਾਰ ਆਗਮਨ ਹੋਇਆ ਉਸ ਸਮੇਂ ਵੀ ਭਾਰਤ ਦੇ ਸਭਿਆਚਾਰ, ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਹਾਲਤਾਂ ਇੱਥੋਂ ਤੱਕ ਕਿ ਵਾਤਾਵਰਨਿਕ ਹਾਲਤਾਂ ਵਿੱਚ ਵੀ ਗਿਰਾਵਟ ਆ ਚੁੱਕੀ ਸੀ। ਗੁਰੂ ਸਾਹਿਬ ਜੀ ਨੇ ਅਜਿਹੇ ਧਰਮ ਦੀ ਨੀਂਹ ਰੱਖੀ, ਜਿਸ ਨੇ 'ਸੱਭੇ ਸਾਂਝੀਵਾਲ ਸਦਾਇਨਿ' ਦਾ ਇਲਾਹੀ ਨਾਦ ਪੂਰੀ ਦੁਨੀਆਂ ਵਿੱਚ ਗੂੰਜਾ ਦਿੱਤਾ। ਗੁਰੂ ਸਾਹਿਬ ਜੀ ਨੇ ਆਪਣੀ ਤਮਾਮ ਉਮਰ ਮਨੁੱਖ ਨੂੰ ਜ਼ਿੰਦਗੀ ਵਿੱਚ ਸਹੀ ਮਾਰਗ ਦਿਖਾਉਣ ਲਈ ਅਰਪਣ ਕਰ ਦਿੱਤੀ ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ। ਆਪ ਜੀ ਸਮਾਜ ਸੁਧਾਰਕ ਤਾਂ ਸਨ। ਇਸ ਦੇ ਨਾਲ ਬੜੇ ਪ੍ਰਬੁੱਧ ਲੇਖਕ ਵੀ ਸਨ। ਆਪ ਜੀ ਦੀਆਂ ਸਾਰੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਦਰਜ ਹਨ। ਜੋ ਗੁਣਾਤਮਿਕ ਤੇ ਗਿਣਾਤਮਿਕ ਦੋਵਾਂ ਪੱਖਾਂ ਤੋਂ ਹੀ ਸੰਸਾਰ ਲਈ ਮਹੱਤਵਪੂਰਨ ਹਨ। ਜਿਨ੍ਹਾਂ ਉੱਤੇ ਚੱਲਣਾ ਤੇ ਖ਼ਰੇ ਉੱਤਰਨਾ ਸਾਡਾ ਫ਼ਰਜ਼ ਬਣਦਾ ਹੈ।

ਗੁਰੂ ਸਾਹਿਬ ਦੀਆਂ ਮਹਾਨ ਕ੍ਰਿਤਾਂ ਵਿਚੋਂ ਵਾਤਾਵਰਣਿਕ ਪੱਖਾਂ ਦੀ ਪੇਸ਼ਕਾਰੀ ਮਿਲਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਕਾਦਰ ਦੀ ਕੁਦਰਤ ਨਾਲ ਮਿਲਾਪ ਤੇ ਇਕਮਿਕ ਹੋਣ ਦਾ ਜਿਹੜਾ ਸੁਨੇਹਾ ਦਿੱਤਾ ਹੈ ਉਸਦਾ ਰਹਿੰਦੀ ਦੁਨੀਆਂ ਤੱਕ ਵੀ ਕੋਈ ਬਦਲ ਪੈਦਾ ਨਹੀਂ ਹੋ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਸਲੋਕ ਦੇ ਸਿਰਫ਼ ਸੱਤ ਅੱਖਰ ਹੀ ਗਲੋਬਲ ਵਾਰਮਿੰਗ ਦਾ ਪੱਕੇ ਹੱਲ ਕਰਨ ਦੇ ਸਮਰੱਥ ਹਨ। ਇਸ ਨੂੰ ਦੁਨੀਆਂ ਅੱਜ ਮੰਨ ਲਵੇ ਜਾਂ ਕੱਲ੍ਹ ਮੰਨ ਲਵੇ। ਧਰਤੀ ਦਾ ਹਿਰਦਾ ਠਾਰਨ ਲਈ ਇਹਨਾਂ ਸੱਤਾਂ ਅੱਖਰਾਂ ਵਿੱਚੋਂ ਹੀ ਹੋ ਕੇ ਲੰਘਣਾ ਪਵੇਗਾ। ਇਸ ਸਲੋਕ ਦੇ ਇਹ ਸੱਤ ਸ਼ਬਦ ਹਨ:

'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥'

ਗੁਰੂ ਜੀ ਦੀ ਬਾਣੀ ਵਿੱਚ ਸਾਰੀ ਕਾਇਨਾਤ ਦਾ ਵੀ ਸੱਚ ਹੈ। ਗੁਰੂ ਜੀ ਦੇ ਸ਼ਬਦਾਂ ਵਿੱਚ ਦੁਨੀਆਂ ਵਿੱਚ ਵੱਸਦੇ ਕਿਸੇ ਮਨੁੱਖ ਲਈ ਕੋਈ ਵੀ ਸ਼ਬਦ ਓਪਰਾ ਨਹੀਂ ਹੈ। ਜੇ ਏਨੇ ਸੌਖੇ ਸ਼ਬਦਾਂ ਦੇ ਅਰਥ ਵੀ ਅਸੀਂ ਨਹੀਂ ਸਮਝਾਂਗੇ ਤਾਂ ਫਿਰ ਕੁਦਰਤ ਦੇ ਨਾਲ ਨੇੜਤਾ ਕਿਵੇਂ ਬਣੇਗੀ। ਸਾਨੂੰ ਜਿੱਥੇ ਆਪਣੇ ਆਪ ਨੂੰ ਕੁਦਰਤ ਨਾਲ ਫਿਰ ਤੋਂ ਜੋੜਨਾ ਪਵੇਗਾ ਅਤੇ ਉੱਥੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਕੁਦਰਤ ਦਾ ਸਤਿਕਾਰ ਕਰਨ ਅਤੇ ਕੁਦਰਤ ਦੇ ਅਨੁਕੂਲ ਚੱਲਣ ਲਈ ਪ੍ਰੇਰਨਾ ਪਵੇਗਾ। ਗੁਰੂ ਨਾਨਕ ਦੇਵ ਜੀ ਸੱਚੇ ਅਰਥਾਂ ਵਿੱਚ ਵਾਤਾਵਰਨ ਪ੍ਰੇਮੀ ਸਨ। ਜਿੱਥੇ ਉਹਨਾਂ ਨੇ ਵਾਤਾਵਰਨ ਸੰਬੰਧੀ ਧਾਰਨਾਵਾਂ ਪੇਸ਼ ਕੀਤੀਆਂ ਉੱਥੇ ਨਾਲ ਹੀ ਆਪਣੇ ਦੁਆਰਾ ਉਸਾਰੇ ਗਏ ਸਿਧਾਂਤਾਂ 'ਤੇ ਅਮਲ ਵੀ ਕੀਤਾ। ਗੁਰੂ ਜੀ ਦੀ ਬਾਣੀ ਵਿੱਚ ਵਾਤਾਵਰਨ ਸੰਬੰਧੀ ਪੱਖ ਤੇ ਸੁਨੇਹੇ ਬਹੁਤ ਨੇੜੇ ਹੋ ਕੇ ਉੱਭਰਦੇ ਹਨ। ਉਹਨਾਂ ਦੀ ਬਾਣੀ ਵਿੱਚ ਥਾਂ-ਥਾਂ 'ਤੇ ਵਾਤਾਵਰਨ ਤੇ ਕੁਦਰਤ ਦਾ ਸੰਕਲਪ ਪੈਦਾ ਹੁੰਦਾ ਹੈ। ਨਾਨਕ ਬਾਣੀ ਨੇ ਕੁਦਰਤ ਅਤੇ ਮਨੁੱਖ ਦਾ ਮੁੱਢ

ਕਦੀਮੀ ਰਿਸ਼ਤਾ ਪ੍ਰਚੱਲਿਤ ਦ੍ਰਿਸ਼ਟੀਕੋਣ ਤੋਂ ਵੱਖਰੇ ਰੂਪ ਵਿੱਚ ਪੇਸ਼ ਕੀਤਾ ਹੈ। ਗ੍ਰਿਹਸਥ ਵਿੱਚ ਪਾਣੀ, ਹਵਾ, ਬਨਸਪਤੀ,ਅਗਨੀ, ਦਰਿਆ, ਪਰਬਤ ਅਤੇ ਮਿੱਟੀ ਹਨ। ਗੁਰਬਾਣੀ ਵਿੱਚ ਹਵਾ ਵਾਤਾਵਰਨ ਦੇ ਬੁਨਿਆਦੀ ਤੱਤ ਵਜੋਂ ਉੱਭਰਦਾ ਹੈ। ਜੀਵ ਸਿਰਜਣਾ ਵਿੱਚ ਇਸ ਮੂਲ ਤੱਤ ਦੇ ਮਹੱਤਵ ਨੂੰ ਸਵੀਕਾਰ ਵੀ ਕੀਤਾ ਗਿਆ ਹੈ। ਮਾਨਵ ਜੀਵਨ ਦਾ ਵਜੂਦ ਹੀ ਪਵਨ ਮੰਨਿਆ ਗਿਆ ਹੈ ਜਿਸਦੀ ਅਣਹੋਂਦ ਵਿੱਚ ਜੀਵਨ ਦੀ ਕਲਪਨਾ ਵੀ ਅਸੰਭਵ ਹੈ। ਜੀਵ ਓਨੀ ਦੇਰ ਹੀ ਸੰਜੀਵ ਹੈ ਜਦੋਂ ਤੱਕ ਸਵਾਸਾਂ ਦਾ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। ਮਨੁੱਖ ਦਰਅਸਲ ਸਾਰੀ ਕੁਦਰਤੀ ਵਿਵਸਥਾ ਦਾ ਸਿਖ਼ਰਲਾ ਡੰਡਾ ਹੈ।

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧॥
ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ ॥ ੧॥ ਰਹਾਉ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥

(ਗੁਰੂ ਗ੍ਰੰਥ ਸਾਹਿਬ, ਅੰਗ ਸਾਹਿਬ-13.)

ਇਸ ਸ਼ਬਦ ਰਾਹੀਂ ਗੁਰੂ ਜੀ ਕਰਮ ਕਾਂਡੀ ਆਰਤੀ ਦੀ ਥਾਂ ਸਹਿਜ ਆਰਤੀ ਦਾ ਮਹੱਤਵ ਦ੍ਰਿੜ੍ਹ ਕਰਵਾ ਕੇ ਗੁਰੂ ਜੀ ਨੇ ਸਭ ਨੂੰ ਪ੍ਰਭਾਵਿਤ ਕਰ ਦਿੱਤਾ । ਸਾਰੇ ਨਗਰ ਵਿੱਚ ਗੁਰੂ ਜੀ ਦੀ ਵਡਿਆਈ ਹੋਈ। ਇਸ ਆਰਤੀ ਵਿੱਚ ਗੁਰੂ ਜੀ ਵਾਤਾਵਰਨ ਨਾਲ ਸੰਬੰਧਿਤ ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਕਰਦੇ ਹਨ। ਗੁਰੂ ਜੀ ਪਦਾਰਥਵਾਦੀ ਵਸਤਾਂ ਨਾਲ ਕੀਤੀ ਜਾ ਰਹੀ ਆਰਤੀ ਨੂੰ ਵਿਅਰਥ ਮੰਨਦੇ ਹਨ। ਕੁਦਰਤ ਤਾਂ ਆਪ ਮੁਹਾਰੇ ਹੀ ਉਸ ਪਰਵਦਗਾਰ ਦੀ ਆਰਤੀ ਪ੍ਰਕਿਰਤਿਕ ਨਜ਼ਾਰਿਆਂ ਨਾਲ ਕਰ ਰਹੀਂ ਹੈ। ਇਸ ਵਿੱਚ ਕਿਸੇ ਦਿਖਾਵੇ ਦੀ ਲੋੜ ਨਹੀਂ ਬਲਕਿ ਸਾਰੀ ਕੁਦਰਤ ਤਾਂ ਕਦ ਤੋਂ ਇਸਦੀ ਆਰਤੀ ਕਰਨ ਵਿੱਚ ਲੱਗੀ ਹੋਈ ਹੈ। ਇਹ ਵਾਤਾਵਰਨ ਨਾਲ ਸੰਬੰਧਿਤ ਅਜਿਹਾ ਪੱਖ ਹੈ ਜਿਸ ਵਿੱਚ ਵਾਤਾਵਰਨ ਵਿੱਚੋਂ ਭਿੰਨ-ਭਿੰਨ ਪ੍ਰਤੀਕਾਂ, ਬਿੰਬਾਂ, ਅਲੰਕਾਰਾਂ ਆਦਿ ਰਾਹੀਂ ਚਿਤਰਿਆ ਗਿਆ ਹੈ।

ਕੁਦਰਤਿ ਪਉਣ ਪਾਣੀ ਬੈਸੰਤਰ ਕੁਦਰਤਿ ਧਰਤੀ ਖਾਕੁ ॥

(ਮ.੧, ਰਾਗੁ ਆਸਾ)

ਪ੍ਰਕ੍ਰਿਤੀ ਚਿਤਰਨ ਲਈ ਭਾਵ ਲਹਿਰ ਦੀ ਅਜਿਹੀ ਤੀਬਰਤਾ ਉਸ ਸਮੇਂ ਵਿਸਮਾਦਮਈ ਰਹੱਸ ਪ੍ਰਗਟਾਉਂਦੀ ਹੈ। ਜਦੋਂ ਪਉਣ, ਪਾਣੀ ,ਅਗਨੀ, ਧਰਤੀ, ਪਰਾਣੀ ਆਦਿ ਸਾਰੀ ਪ੍ਰਕ੍ਰਿਤੀ ਵਿਸਮਾਦ ਹੋ ਜਾਂਦੀ ਹੈ। ਸੋ ਇਹ ਹੈ, ਕਾਵਿ-ਅਨੁਭਵ ਦੀ ਅਲੌਕਿਕਤਾ ਜਿਸ ਨੂੰ ਗੁਰੂ ਨਾਨਕ ਦੇਵ ਚੋਜ ਰੂਪ ਵਿੱਚ ਚਿਤਰਦੇ ਹਨ।

ਵਾਤਾਵਰਨ ਸੰਬੰਧੀ ਪਿਆਰ ਗੁਰੂ ਸਾਹਿਬ ਅੰਦਰ ਮੌਜੂਦ ਹੈ। ਉਹਨਾਂ ਨੇ ਵਾਤਾਵਰਨ ਦਾ ਭਰਪੂਰ ਵਰਣਨ ਆਪਣੀ ਬਾਣੀ ਵਿੱਚ ਕੀਤਾ ਹੈ। ਆਸਾ ਦੀ ਵਾਰ ਅੰਦਰ ਵਾਤਾਵਰਨ ਸੰਬੰਧੀ ਪੂਰਨ ਰੂਪ ਵਿੱਚ ਮਿਲਦਾ ਹੈ:-

ਭੈ ਵਿਚਿ ਪਵਣੁ ਵਹੈ ਸਦਾ ਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥

(ਆਸਾ ਦੀ ਵਾਰ)

ਗੁਰੂ ਜੀ ਅੰਦਰ ਵਾਤਾਵਰਨ ਲਈ ਅਥਾਹ ਪਿਆਰ ਸੀ। ਆਪ ਜੀ ਨੇ ਵਾਤਾਵਰਨ ਦੇ ਮਾਲਕ ਨੂੰ ਪ੍ਰਕਿਰਤੀ ਅੰਦਰ ਹੀ ਦੇਖਿਆ ਅਤੇ ਇਸ ਪਿਆਰ ਅਤੇ ਸਤਿਕਾਰ ਵਜੋਂ ਗੁਰੂ ਜੀ ਪੁਕਾਰ ਉੱਠੇ:-

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰਿਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥

( ਜਪੁਜੀ ਸਾਹਿਬ )

ਗੁਰੂ ਜੀ ਵਾਤਾਵਰਨ ਅੰਦਰ ਕਾਦਰ ਨੂੰ ਵੇਖਦੇ ਸਨ। ਵਾਤਾਵਰਨ ਦੇ ਕਣ-ਕਣ ਵਿੱਚ ਉਸ ਪਰਮਾਤਮਾ ਦਾ ਵਾਸਾ ਹੈ। ਕੁਦਰਤ ਨਾਲ ਪਿਆਰ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੈ। ਗੁਰੂ ਜੀ ਦੁਆਰਾ ਉਚਾਰੀ ਆਰਤੀ ਵੀ ਇਸ ਗੱਲ ਦੀ ਗਵਾਹੀ ਦਿੰਦੀ ਹੈ। ਗੁਰੂ ਜੀ ਅਨੁਸਾਰ ਜੋ ਵਿਅਕਤੀ ਵਾਤਾਵਰਨ ਨਾਲ ਪਿਆਰ ਕਰਦਾ ਹੈ, ਇਸਦੇ ਨੇੜੇ ਰਹਿੰਦਾ ਹੈ, ਉਹ ਪ੍ਰਮਾਤਮਾ ਤੱਕ ਜ਼ਰੂਰ ਪਹੁੰਚਦਾ ਹੈ। ਗੁਰੂ ਜੀ ਨੇ ਵਾਤਾਵਰਨ ਦੇ ਵਿਗਿਆਨਕ ਪੱਖ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ। ਉਹਨਾਂ ਨੇ ਲੱਖਾਂ ਆਕਾਸ਼ਾਂ ਅਤੇ ਲੱਖਾਂ ਪਾਤਾਲਾਂ ਦੀ ਗੱਲ ਕੀਤੀ ਹੈ। ਇਹ ਗੱਲ ਵਿਗਿਆਨਕ ਤੌਰ 'ਤੇ ਸਹੀ ਹੈ। ਗੁਰੂ ਜੀ ਦਾ ਵਾਤਾਵਰਨ ਸੰਬੰਧੀ ਪਿਆਰ ਪ੍ਰਕਿਰਤੀ ਬਾਰੇ ਨੀਝ ਤੇ ਵਿਸ਼ਾਲ ਦ੍ਰਿਸ਼ਟੀ ਦਾ ਅੰਦਾਜ਼ਾ

ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਉਹ ਕਿਧਰੇ ਵਾਤਾਵਰਨਿਕ ਵਸਤੂਆਂ ਦੇ ਰੰਗੀਨ ਫੁੱਲਾਂ ਦਾ ਇੱਕੋ ਸ਼ਬਦ ਵਿੱਚ ਗੁਲਦਸਤਾ ਤਿਆਰ ਕਰ ਵਿਖਾਉਂਦੇ ਹਨ। ਉਹ ਵਾਤਾਵਰਨ ਦੀ ਰਮਣੀਕ ਗੋਦੀ ਵਿੱਚੋਂ ਰੰਗ-ਬਿਰੰਗੇ ਤੇ ਵੰਨ ਸੁਵੰਨੇ ਟਹਿਕਣੇ ਫੁੱਲ ਪੇਸ਼ ਕਰਦੇ ਹਨ। ਉਹ ਫੁੱਲ ਹਨ- ਜਲ ਤੇ ਕੰਵਲ ਦਾ ਪਿਆਰ, ਮਛਲੀ ਤੇ ਨੀਰ ਦਾ ਰਿਸ਼ਤਾ, ਚਾਤ੍ਰਿਕ ਤੇ ਮੀਂਹ ਦੀ ਖਿੱਚ, ਚਕਵੀ ਦਾ ਸੂਰਜ ਲਈ ਮੋਹ, ਨੱਚਦੇ ਕੁੱਦਦੇ ਪੰਛੀ ਆਦਿ ਜਿਹਨਾਂ ਦੇ ਜ਼ਿਕਰ ਰਾਹੀਂ ਉਹ ਉਸ ਮਹਾਨ ਰਮਜ਼ ਦੇ ਮਹੱਤਵ ਨੂੰ ਉਜਾਗਰ ਕਰ ਜਾਂਦੇ ਹਨ। ਗੁਰੂ ਜੀ ਨੇ ਵਾਤਾਵਰਨ ਸੰਬੰਧੀ ਹਰੇਕ ਪੱਖ ਨੂੰ ਆਪਣੀ ਬਾਣੀ ਵਿੱਚ ਲਿਆ ਹੈ। ਵਾਤਾਵਰਨ ਦਾ ਹਰੇਕ ਪੱਖ ਹਰੇਕ ਰੂਪ ਉਹਨਾਂ ਦੀ ਬਾਣੀ ਅੰਦਰ ਮੌਜੂਦ ਹੈ। ਉਹਨਾਂ ਨੇ ਵਾਤਾਵਰਨ ਨੂੰ ਅਧਿਆਪਕ ਵਜੋਂ ਵੀ ਪੇਸ਼ ਕੀਤਾ ਹੈ। ਅਰਥਾਤ ਆਪ ਕਈ ਥਾਵਾਂ 'ਤੇ ਵਾਤਾਵਰਨ ਤੋਂ ਮਨੁੱਖ ਮਾਤਰ ਨੂੰ ਸਿੱਖਿਆਵਾਂ ਦੇਣ ਦਾ ਵੀ ਕੰਮ ਲੈਂਦੇ ਹਨ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦੀ ਬਾਣੀ ਵਿੱਚ ਵਾਤਾਵਰਨ ਵਿਸ਼ੇਸ਼ ਤੌਰ 'ਤੇ ਪ੍ਰਗਟਿਆ ਹੈ। ਗੁਰੂ ਜੀ ਦੀ ਬਾਣੀ ਵਿੱਚ ਵਾਤਾਵਰਨ ਨੂੰ ਪਰਮਾਤਮਾ ਪ੍ਰਤੱਖਣ ਵਜੋਂ ਬਿਆਨ ਕੀਤਾ ਗਿਆ ਹੈ। ਵਾਤਾਵਰਨ ਦੀ ਸੁੱਚਤਾ, ਸੰਭਾਲ ਹੀ ਅਸਲ ਵਿੱਚ ਪਰਮਾਤਮਾ ਦੀ ਪ੍ਰਾਪਤੀ ਹੈ। ਕਾਦਰ ਕੁਦਰਤ ਵਿੱਚ ਵੱਸਦਾ ਹੈ ਅਤੇ ਕੁਦਰਤ ਦੀ ਉਪਾਸਨਾ ਹੀ ਪਰਮਾਤਮਾ ਦੀ ਉਪਾਸਨਾ ਹੈ। ਇਸ ਲਈ ਕਿਸੇ ਵਿਖਾਵੇ, ਪਾਖੰਡਾਂ ਜਾਂ ਕਰਮ-ਕਾਂਡਾਂ ਵਾਲੀ ਆਰਤੀ ਦੀ ਜ਼ਰੂਰਤ ਨਹੀਂ ਸਗੋਂ ਸੱਚੇ ਮਨ ਨਾਲ ਕੁਦਰਤ ਨਾਲ ਪ੍ਰੇਮ ਦੀ ਲੋੜ ਹੈ।

ਖੋਜਾਰਥੀ ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ
98888-70822

**ਜਿਸ ਆਦਮੀ ਨੇ ਕਦੇ ਕੋਈ ਗਲਤੀ ਨਹੀਂ ਕੀਤੀ,**
**ਉਸਨੇ ਜ਼ਿੰਦਗੀ ਚ ਕਦੇ ਕੁਝ ਨਵਾਂ**
**ਕਰਨ ਦੀ ਕੋਸ਼ਿਸ਼ ਨਹੀਂ ਕੀਤੀ।**
**ਅਲਬਰਟ ਆਈਨਸਟਾਈਨ**



## ਛਣਿਆ ਚਾਨਣ

**ਅਨਿਲ ਖਿਆਲ**

ਡੁੱਬਦਾ ਤਾਰਾ
ਤਰਦੇ ਤਾਰੇ ਨਾਲੋਂ
ਕਿਤੇ ਵੱਧ ਰੌਸ਼ਨ ਹੁੰਦੈ,
ਤੇ ਉਸ ਤੋਂ ਵੀ ਕਿਤੇ ਵੱਧ
ਰੌਸ਼ਨ ਹੁੰਦੈ ਪਟਬੀਜਣਾ।
ਡੁੱਬਦਾ ਤਾਰਾ ਡੁੱਬ ਜਾਂਦੈ
ਪਟਬੀਜਣਾ ਬੁਝ ਜਾਂਦੈ
ਪਰ ਤਰਦਾ ਤਾਰਾ
ਤਰਦਾ ਹੈ ਤਰਦਾ ਹੀ ਰਹਿੰਦੈ
ਸਿਰ ਚੁੱਕ ਕੇ ਫ਼ਖਰ ਨਾਲ
ਮਾਣਦਾ ਰਹਿੰਦੈ
ਤੇ ਮਨਵਾਉਂਦਾ ਵੀ ਰਹਿੰਦੈ
ਆਪਣੇ ਛਣਦੇ ਰਹਿੰਦੇ
ਚਾਨਣ ਦਾ ਮਾਣ।
ਪਟਬੀਜਣੇ
ਅਤੇ ਡੁੱਬਦੇ ਤਾਰੇ
ਕਿਸੇ ਵੀ ਰੌਸ਼ਨੀ ਦੀ
ਜੱਦ ਵਿੱਚ ਆਉਣ ਤੋਂ ਬਚਦੇ
ਲੱਭਦੇ ਰਹਿੰਦੇ ਨੇ
ਕੋਈ ਲੁਕੇ ਰਹਿਣ ਦੀ ਥਾਂ।

ਮ.ਨੰ. 45/3 ਏ,
ਏਅਰਪੋਰਟ ਰੋਡ, ਕਰਨਾਲ।
94670-88688

# ਨੇਤਾ ਜੀ ਸੁਭਾਸ਼ ਚੰਦਰ ਬੋਸ



ਰਘਬੀਰ ਸਿੰਘ ਈਸਰ

ਸਾਡਾ ਦੇਸ਼ ਕਾਫ਼ੀ ਦੇਰ ਅੰਗਰੇਜ਼ਾਂ ਦਾ ਗ਼ੁਲਾਮ ਰਿਹਾ। ਇਸ ਨੂੰ ਆਜ਼ਾਦ ਕਰਵਾਉਣ ਲਈ ਹਰ ਕਿਸਮ ਦੇ ਲੋਕਾਂ ਦਾ ਆਪੋ ਆਪਣਾ ਰੋਲ ਸੀ। ਉਨ੍ਹਾਂ ਵਿੱਚੋਂ ਪੰਡਿਤ ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ ਵਰਗੇ ਲੋਕ ਸ਼ਾਤ ਸੁਭਾਅ ਤੇ ਸਬਰ ਸੰਤੋਖ ਵਾਲੇ ਸਨ ਜਦਕਿ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਊਧਮ ਸਿੰਘ ਕੰਬੋਜ, ਚੰਦਰ ਸ਼ੇਖਰ ਆਜ਼ਾਦ, ਮਦਨ ਲਾਲ ਢੀਂਗਰਾ ਤੇ ਸੁਖਦੇਵ ਥਾਪਰ ਵਰਗੇ ਲੋਕ ਲੰਮੀ ਉਡੀਕ ਕਰਨ ਵਾਲੇ ਨਹੀਂ ਸਨ। ਰਾਜਗੁਰੂ ਤੇ ਬਟੁਕੇਸ਼ਵਰ ਦੱਤ ਵੀ ਇਨ੍ਹਾਂ ਦੇ ਹੀ ਸਾਥੀ ਸਨ। ਪਰ ਸੁਭਾਸ਼ ਚੰਦਰ ਬੋਸ ਇਨ੍ਹਾਂ ਵਿੱਚ ਅਵੱਲ ਸਨ। ਹਿੰਮਤ, ਹੱਠ ਤੇ ਹੌਸਲੇ ਵਿੱਚ ਨੇਤਾ ਜੀ ਦਾ ਕੋਈ ਸਾਨੀ ਨਹੀਂ ਸੀ। ਦੇਸ਼ ਨੂੰ ਆਜ਼ਾਦ ਕਰਨ ਵਾਸਤੇ ਉਹ ਕਈ ਦੇਸ਼ਾਂ ਵਿੱਚ ਗਏ ਤੇ ਹਰ ਹੀਲਾ ਵਰਤਿਆ।

ਉਨ੍ਹਾਂ ਦਾ ਜਨਮ ਦਿਨ ਸ਼ਨੀਵਾਰ 23 ਜਨਵਰੀ 1897 ਨੂੰ ਉੜੀਸਾ ਦੇ ਇੱਕ ਨਿੱਕੇ ਜਿਹੇ ਸ਼ਹਿਰ ਕੱਟਕ ਵਿੱਚ ਹੋਇਆ। ਘਰ ਵਿੱਚ ਕਿਸੇ ਕਿਸਮ ਦੀ ਘਾਟ ਨਹੀਂ ਸੀ। ਜਾਨਕੀ ਨਾਥ ਬੋਸ ਉਨ੍ਹਾਂ ਦੇ ਪਿਤਾ ਜੀ ਸਨ ਤੇ ਪ੍ਰਭਾਵਤੀ ਜੀ ਮਾਤਾ ਜੀ ਸਨ। ਉੜੀਸਾ ਦੀ ਰਾਜਧਾਨੀ ਬਣਨ ਵਾਲਾ ਕੱਟਕ ਸ਼ਹਿਰ ਉਸ ਵੇਲੇ ਨਿੱਕਾ ਜਿਹਾ ਕਸਬਾ ਹੀ ਸੀ। ਉਨ੍ਹਾਂ ਦੇ ਪਿਤਾ ਜੀ ਪੇਸ਼ੇ ਪੱਖੋਂ ਸਰਕਾਰੀ ਵਕੀਲ ਸਨ। ਉਹ ਬੰਗਾਲ ਵਿਧਾਨ ਸਭਾ ਦੇ ਮੈਂਬਰ ਵੀ ਸਨ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ਰਾਏ ਬਹਾਦਰ ਦਾ ਖ਼ਿਤਾਬ ਵੀ ਦਿੱਤਾ ਹੋਇਆ ਸੀ। ਸੰਨ 1930 ਵਿੱਚ ਜਦ ਗਾਂਧੀ ਜੀ ਨੇ ਨਾ-ਮਿਲਵਰਤਣ ਲਹਿਰ ਚਲਾਈ ਸੀ ਤਾਂ ਉਨ੍ਹਾਂ ਰਾਏ ਬਹਾਦਰ ਦਾ ਖ਼ਿਤਾਬ ਵਾਪਸ ਕਰ ਦਿੱਤਾ ਸੀ। ਉਨ੍ਹਾਂ ਦੇ ਮਾਤਾ ਜੀ ਕਲਕੱਤਾ ਦੇ ਦੱਤ ਪਰਿਵਾਰ ਵਿੱਚੋਂ ਸਨ। ਇਹ ਪਰਿਵਾਰ ਕਾਫ਼ੀ ਪ੍ਰਭਾਵਸ਼ਾਲੀ ਪਰਿਵਾਰ ਸੀ। ਨੇਤਾ ਜੀ ਅੱਠ ਭਰਾ ਤੇ ਛੇ ਭੈਣਾਂ ਸਨ। ਆਜ਼ਾਦੀ ਵਾਸਤੇ ਸ਼ਰਦ ਤੇ ਸੁਭਾਸ਼ ਦੋਹਾਂ ਭਰਾਵਾਂ ਨੇ ਜਦੋਂ ਜਹਿਦ ਕੀਤੀ। ਬਚਪਨ ਤੋਂ ਹੀ ਉਨ੍ਹਾਂ ਦਾ ਦਿਮਾਗ਼ ਬਹੁਤ ਤੇਜ਼ ਸੀ। ਉਨ੍ਹਾਂ ਨੂੰ ਇੱਕ ਅੰਗਰੇਜ਼ੀ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਨੇ ਆਪਣੀ ਅਧੂਰੀ ਆਤਮ ਕਥਾ “An Indian pilgrim” 1937 ਵਿੱਚ ਲਿਖੀ ਜਦ ਉਹ ਵੈਡਗੈਸਟੀਨ (ਆਸਟਰੇਲੀਆ) ਵਿੱਚ ਸਨ। 15 ਸਾਲ ਦੀ ਉਮਰ ਵਿੱਚ ਜਦ ਉਨ੍ਹਾਂ ਸਵਾਮੀ ਵਿਵੇਕਾਨੰਦ ਨੂੰ ਪੜ੍ਹਿਆ ਤਾਂ ਉਨ੍ਹਾਂ ’ਤੇ ਬਹੁਤ ਅਸਰ ਹੋਇਆ। ਉਨ੍ਹਾਂ ਦੇ ਵਿਚਾਰਾਂ ਵਿੱਚ ਬਹੁਤ ਤਬਦੀਲੀ ਆਈ। ਫੇਰ ਉਹ ਸਵਾਮੀ ਰਾਮ ਕ੍ਰਿਸ਼ਨ ਦੇ ਪ੍ਰਭਾਵ ਵਿੱਚ ਆਏ। ਮਾਰਚ 1913 ਵਿੱਚ ਉਨ੍ਹਾਂ ਬੜੇ ਚੰਗੇ ਨੰਬਰਾਂ ਨਾਲ ਦਸਵੀਂ ਪਾਸ ਕੀਤੀ। ਉਸ ਤੋਂ ਬਾਅਦ ਉਹ ਕਲਕੱਤਾ ਚਲੇ ਗਏ। ਕਾਲਜ ਵਿੱਚ ਇੱਕ ਪ੍ਰੋਫ਼ੈਸਰ ਦੇ ਮਾੜੇ ਵਰਤਾਉ ਦਾ ਵਿਰੋਧ ਕਰਨ ਕਰਕੇ ਉਹਨਾਂ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਗਿਆ। ਫੇਰ ਜੁਲਾਈ 1917 ਵਿੱਚ ਉਨ੍ਹਾਂ ਨੂੰ ਸਕਾਟਿਸ਼ ਚਰਚ ਕਾਲਜ ਵਿੱਚ ਦਾਖ਼ਲਾ ਮਿਲਿਆ। ਉਨ੍ਹਾਂ ਬੜੀ ਮਿਹਨਤ ਨਾਲ ਪੜ੍ਹਾਈ ਕੀਤੀ ਤੇ ਬੀ.ਏ. ਪਹਿਲੇ ਦਰਜੇ ਨਾਲ ਪਾਸ ਕੀਤੀ। ਅਗਲੀ ਪੜ੍ਹਾਈ ਉਹ ਕੈਂਬਰਿਜ ਗਏ ਤੇ ਆਈ.ਸੀ.ਐਸ. ਦੀ ਤਿਆਰੀ ਕੀਤੀ। ਸੰਨ 1920 ਵਿੱਚ ਉਨ੍ਹਾਂ ਇਹ ਇਮਤਿਹਾਨ ਪਾਸ ਕਰ ਲਿਆ ਪਰ ਉਹ ਅੰਦਰੋਂ ਖ਼ੁਸ਼ ਨਹੀਂ ਸਨ ਕਿਉਂਕਿ ਦੇਸ਼ ਸੇਵਾ ਤੇ ਸਮਾਜ ਸੇਵਾ ਵਿੱਚ ਹੀ ਉਨ੍ਹਾਂ ਦਾ ਦਿਲ ਲਗਦਾ ਸੀ। ਉਨ੍ਹਾਂ ਦੇ ਕਈ ਸਾਥੀ ਚਾਹੁੰਦੇ ਸਨ ਕਿ ਉਹ ਅੰਗਰੇਜ਼ਾਂ ਦੀ ਨੌਕਰੀ ਕਰਨ ਪਰ ਕਈ ਮਹੀਨਿਆਂ ਦੀ ਦੁਚਿੱਤੀ ਤੋਂ ਬਾਅਦ ਉਨ੍ਹਾਂ ਇਸ ਤੋਂ ਅਸਤੀਫ਼ਾ ਦੇ ਦਿੱਤਾ। ਉਹ ਅੰਗਰੇਜ਼ਾਂ ਦੀ ਗ਼ੁਲਾਮੀ ਕਰਨ ਲਈ ਤਾਂ ਜੰਮੇ ਹੀ ਨਹੀਂ ਸਨ।

ਉਹ ਬੰਬਈ ਚਲੇ ਗਏ ਤੇ 20 ਜੁਲਾਈ 1921 ਨੂੰ ਮਹਾਤਮਾ ਗਾਂਧੀ ਜੀ ਨੂੰ ਜਾ ਕੇ ਮਿਲੇ। ਗਾਂਧੀ ਜੀ ਨੇ ਉਨ੍ਹਾਂ ਨੂੰ ਕਲੱਕਤਾ ਜਾ ਕੇ ਦੇਸ਼ਬੰਧੂ ਚਿਤਰੰਜਨ ਦਾਸ ਬਾਬੂ ਨਾਲ

ਮਿਲ ਕੇ ਕੰਮ ਕਰਨ ਨੂੰ ਕਿਹਾ ਤੇ ਨੇਤਾ ਜੀ ਕਲਕੱਤੇ ਚਲੇ ਗਏ। 1922 ਈ. ਵਿੱਚ ਦਾਸ ਬਾਬੂ ਨੇ 'ਸਵਰਾਜ ਪਾਰਟੀ' ਬਣਾਈ ਅਤੇ ਕਲਕੱਤਾ ਮਹਾਂਪਾਲਿਕਾ ਦੀਆਂ ਚੋਣਾਂ ਜਿੱਤ ਕੇ ਪ੍ਰਧਾਨ ਚੁਣੇ ਗਏ। ਉਸ ਤੋਂ ਬਾਅਦ ਨੇਤਾ ਜੀ ਨੇ ਨੌਜਵਾਨਾਂ ਨਾਲ ਮਿਲ ਕੇ 'ਇੰਡੀਪੈਂਡੈਂਸ ਲੀਗ' ਬਣਾਈ। ਦੇਸ਼ ਵਿੱਚ ਵੱਧ ਰਹੇ ਰੋਸ ਨੂੰ ਦੇਖਦਿਆਂ ਅੰਗਰੇਜ਼ਾਂ ਨੇ ਭਾਰਤੀਆਂ ਨੂੰ ਕੁੱਝ ਰਿਆਇਤਾਂ ਦੇ ਕੇ ਠੰਡਾ ਕਰਨ ਵਾਸਤੇ ਇੱਕ ਸੱਤ ਮੈਂਬਰੀ ਕਮਿਸ਼ਨ ਭਾਰਤ ਭੇਜਿਆ। ਸਾਈਮਨ ਨਾਂ ਦਾ ਅੰਗਰੇਜ਼ ਇਸ ਦਾ ਮੁਖੀ ਸੀ ਪਰ ਇਨ੍ਹਾਂ ਸੱਤਾਂ ਮੈਂਬਰਾਂ ਵਿੱਚ ਕੋਈ ਵੀ ਭਾਰਤੀ ਨਹੀਂ ਸੀ। ਇਸ ਕਮਿਸ਼ਨ ਦੀ ਜ਼ਬਰਦਸਤ ਵਿਰੋਧਤਾ ਸ਼ੁਰੂ ਹੋ ਗਈ।

ਸੰਨ 1928 ਵਿੱਚ ਇਸ ਦੀ ਆਮਦ 'ਤੇ ਸਾਰੇ ਦੇਸ਼ ਵਿੱਚ ਜ਼ਬਰਦਸਤ ਮੁਜ਼ਾਹਰੇ ਸ਼ੁਰੂ ਹੋ ਗਏ। 26 ਜਨਵਰੀ, 1931 ਨੂੰ ਕਲਕੱਤੇ ਵਿੱਚ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਜਦ ਨੇਤਾ ਜੀ ਨੇ ਤਕਰੀਰ ਸ਼ੁਰੂ ਕੀਤੀ ਤਾਂ ਪੁਲਿਸ ਨੇ ਲਾਠੀਚਾਰਜ ਸ਼ੁਰੂ ਕਰ ਦਿੱਤਾ। ਜਿਸ ਨਾਲ ਨੇਤਾ ਜੀ ਜ਼ਖ਼ਮੀ ਹੋ ਗਏ ਤੇ ਜੇਲ੍ਹ ਵਿੱਚ ਕੈਦ ਕਰ ਦਿੱਤੇ ਗਏ। ਨੇਤਾ ਜੀ ਚਾਹੁੰਦੇ ਸਨ ਕਿ ਗਾਂਧੀ ਜੀ ਭਗਤ ਸਿੰਘ ਹੋਰਾਂ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਵਾਉਣ ਲਈ ਅੰਗਰੇਜ਼ ਸਰਕਾਰ 'ਤੇ ਜ਼ੋਰ ਪਾਉਣ ਪਰ ਗਾਂਧੀ ਜੀ ਨਾ ਮੰਨੇ। 23 ਮਾਰਚ, 1931 ਦੀ ਸ਼ਾਮ ਨੂੰ ਸੱਤ ਵੱਜ ਕੇ 33 ਮਿੰਟ ਤੇ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਲਾਹੌਰ ਦੇ ਸ਼ਾਦਮਾਨ ਚੌਕ ਵਿੱਚ ਫਾਂਸੀ ਦੇ ਦਿੱਤੀ ਗਈ ਤੇ ਰਾਤ ਨੂੰ ਚੁੱਪਚਾਪ ਹੁਸੈਨੀਵਾਲਾ ਲਾਸ਼ਾਂ ਲਿਆ ਕੇ ਸਤਲੁਜ ਦੇ ਕੰਢੇ 'ਤੇ ਸਸਕਾਰ ਕਰ ਦਿੱਤਾ ਗਿਆ। ਅੱਧਸੜੀਆਂ ਲਾਸ਼ਾਂ ਨੂੰ ਦਰਿਆ ਵਿੱਚ ਰੋੜ੍ਹ ਦਿੱਤਾ ਗਿਆ। ਜਦ ਦੇਸ਼ਵਾਸੀਆਂ ਨੂੰ ਪਤਾ ਲੱਗਾ ਤਾਂ ਜ਼ਬਰਦਸਤ ਰੋਹ ਫੈਲ ਗਿਆ। ਨੇਤਾ ਜੀ ਨੂੰ ਇਨ੍ਹਾਂ ਤਿੰਨਾਂ ਦੀ ਫਾਂਸੀ ਦਾ ਬਹੁਤ ਦੁੱਖ ਹੋਇਆ। ਸਰਕਾਰ ਨੂੰ ਪੂਰਾ-ਪੂਰਾ ਸ਼ੱਕ ਸੀ ਕਿ ਨੇਤਾ ਜੀ ਅੰਦਰਖਾਤੇ ਬਾਗੀਆਂ ਦੀ ਮਦਦ ਕਰ ਰਹੇ ਹਨ। ਇਸ ਲਈ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਬਰਮਾ ਦੀ ਮਾਂਡਲੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਜੇਲ੍ਹ ਦੇ ਅਤਿ ਮਾੜੇ ਹਾਲਾਤਾਂ ਕਰਕੇ ਉਨ੍ਹਾਂ ਨੂੰ ਤਪਦਿਕ ਹੋ ਗਈ। ਜ਼ਿਆਦਾ ਹਾਲਾਤ ਖ਼ਰਾਬ ਹੋਣ ਕਰਕੇ ਸਰਕਾਰ ਡਰ ਗਈ ਤੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਬਾਅਦ ਵਿੱਚ ਫੇਰ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਰੋਕਣ ਵਾਸਤੇ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਤੇ ਦੁਬਾਰਾ ਜੇਲ੍ਹ ਵਿੱਚ ਰਹਿੰਦਿਆਂ ਹੀ ਉਹ ਕਲਕੱਤੇ ਦੇ ਮੇਅਰ ਚੁਣੇ ਗਏ। ਮਜ਼ਬੂਰ ਹੋ ਕੇ ਸਰਕਾਰ ਨੇ ਫਿਰ ਰਿਹਾਅ ਕਰ ਦਿੱਤਾ। 1932 ਵਿੱਚ ਫੇਰ ਕੈਦ ਕਰਕੇ ਅਲਮੋੜਾ ਜੇਲ੍ਹ ਭੇਜ ਦਿੱਤਾ ਗਿਆ। ਆਪਣੀ ਜ਼ਿੰਦਗੀ ਵਿੱਚ ਉਹ 11 ਵਾਰ ਜੇਲ੍ਹ ਗਏ। ਬਾਹਰ ਜਾ ਕੇ ਉਨ੍ਹਾਂ ਦੇ ਮੇਲ ਇਟਲੀ ਦੇ ਮੁਸੋਲਿਨੀ ਨਾਲ ਹੋਇਆ।

ਤਿੰਨ ਸਾਲ ਯੂਰਪ ਵਿੱਚ ਰਹਿ ਕੇ ਉਨ੍ਹਾਂ ਆਪਣਾ ਇਲਾਜ ਕਰਵਾਇਆ। ਵਿੱਠਲ ਭਾਈ ਪਟੇਲ ਨਾਲ ਵੀ ਮੁਲਾਕਾਤ ਹੋਈ। 1934 ਈ: ਵਿੱਚ ਉਨ੍ਹਾਂ ਦੇ ਪਿਤਾ ਜੀ ਦੀ ਮੌਤ ਹੋ ਗਈ। ਜਦ ਉਹ ਆਸਟ੍ਰੀਆ ਵਿੱਚ ਰਹਿ ਰਹੇ ਸਨ ਤਾਂ ਉਨ੍ਹਾਂ ਦਾ ਮੇਲ 'ਏਮਿਲੀ ਸ਼ੈਂਕਲ' ਨਾਂ ਦੀ ਕੁੜੀ ਨਾਲ ਹੋਇਆ। ਨੇਤਾ ਜੀ ਨੂੰ ਉਹ ਕੁੜੀ ਪਸੰਦ ਆ ਗਈ। 1942 ਈ. ਵਿੱਚ ਦੋਹਾਂ ਦਾ ਵਿਆਹ ਹਿੰਦੂ ਧਰਮ ਦੀਆਂ ਰੀਤਾਂ ਅਨੁਸਾਰ 'ਬਾਡ ਗਾਸਟਿਨ' ਨਾਂ ਦੀ ਥਾਂ 'ਤੇ ਹੋ ਗਿਆ। ਆਸਟ੍ਰੀਆ ਦੀ ਰਾਜਧਾਨੀ ਵਿਆਨਾ ਵਿੱਚ ਉਸ ਨੇ ਇੱਕ ਕੁੜੀ ਨੂੰ ਜਨਮ ਦਿੱਤਾ। ਜਿਸ ਦਾ ਨਾਂ ਅਨੀਤਾ ਬੋਸ ਰੱਖਿਆ ਗਿਆ।

ਸੰਨ 1938 ਵਿੱਚ ਜਦ ਕਾਂਗਰਸ ਦਾ ਸਾਲਾਨਾ ਇਜਲਾਸ ਹਰੀਪੁਰਾ ਵਿੱਚ ਹੋਇਆ ਤਾਂ ਨੇਤਾ ਜੀ ਨੂੰ ਕਾਂਗਰਸ ਦਾ ਪ੍ਰਧਾਨ ਚੁਣ ਲਿਆ ਗਿਆ ਪਰ ਗਾਂਧੀ ਜੀ ਨੂੰ ਨੇਤਾ ਜੀ ਦਾ ਕੰਮ ਕਰਨ ਦਾ ਤਰੀਕਾ ਪਸੰਦ ਨਾ ਆਇਆ। ਇਸੇ ਕਰਕੇ ਸੰਨ 1939 ਵਿੱਚ ਗਾਂਧੀ ਜੀ ਨੇ 'ਪੱਟਾਭੀ ਸੀਤਾ ਰਮਈਆ' ਨੂੰ ਅੱਗੇ ਲਿਆਂਦਾ ਪਰ ਆਮ ਲੋਕ ਨੇਤਾ ਜੀ ਦੇ ਹੱਕ ਵਿੱਚ ਸਨ। ਜਦ ਵੋਟਾਂ ਪਈਆਂ ਤਾਂ ਨੇਤਾ ਜੀ ਨੂੰ 1580 ਵੋਟ ਮਿਲੇ ਜਦਕਿ ਪੱਟਾਭੀ ਨੂੰ ਸਿਰਫ 1377 ਵੋਟਾਂ ਹੀ ਪਈਆਂ। ਨੇਤਾ ਜੀ 203 ਵੋਟਾਂ ਨਾਲ ਜਿੱਤ ਗਏ। ਬਾਕੀ ਨਾਲ ਦੇ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ ਤੇ ਨੇਤਾ ਜੀ ਨਾਲ ਸਿਰਫ਼ ਇੱਕ ਮੈਂਬਰ ਹੀ ਰਹਿ ਗਿਆ । ਆਖ਼ਰਕਾਰ ਮਜ਼ਬੂਰ ਹੋ ਕੇ ਨੇਤਾ ਜੀ ਨੇ 29 ਅਪ੍ਰੈਲ 1939 ਨੂੰ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ। ਜਦ 3 ਮਈ 1939 ਨੂੰ ਨੇਤਾ ਜੀ ਨੇ "ਫਾਰਵਰਡ ਬਲਾਕ" ਨਾਂਅ

ਦਾ ਸੰਗਠਨ ਬਣਾ ਲਿਆ ਤਾਂ ਕਾਂਗਰਸ ਨੇ ਉਨ੍ਹਾਂ ਨੂੰ ਪਾਰਟੀ ਵਿੱਚੋਂ ਹੀ ਖ਼ਾਰਜ ਕਰ ਦਿੱਤਾ। ਨੇਤਾ ਜੀ ਦੀ ਰਾਹ ਕਾਂਗਰਸ ਨਾਲੋਂ ਵੱਖ ਹੋ ਗਈ।

ਜੁਲਾਈ 1940 ਵਿੱਚ ਨੇਤਾ ਜੀ ਦੇ ਜੋਸ਼ੀਲੇ ਕਾਰਕੁੰਨਾਂ ਨੇ ਕਲਕੱਤੇ ਵਿੱਚ ਗ਼ੁਲਾਮੀ ਦੇ ਪ੍ਰਤੀਕ 'ਹਾਲਵੇਟ ਸਤੰਭ' ਨੂੰ ਰਾਤੋ-ਰਾਤ ਢਾਹ ਦਿੱਤਾ ਤੇ ਉਸ ਦਾ ਸਾਰਾ ਮਲਬਾ ਵੀ ਹਟਾ ਦਿੱਤਾ। ਅੰਗਰੇਜ਼ ਸਰਕਾਰ ਨੇ ਫ਼ਾਰਵਰਡ ਬਲਾਕ ਦੇ ਸਾਰੇ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ। ਬਾਅਦ ਵਿੱਚ ਰਿਹਾਅ ਕਰਕੇ ਘਰਾਂ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। 1939 ਈ. ਵਿੱਚ ਦੂਜੀ ਸੰਸਾਰ ਜੰਗ ਸ਼ੁਰੂ ਹੋ ਗਈ। ਨੇਤਾ ਜੀ ਜੇਲ੍ਹ ਵਿੱਚ ਨਹੀਂ ਰਹਿਣਾ ਚਾਹੁੰਦੇ ਸਨ। 16 ਜਨਵਰੀ 1941 ਈ: ਨੂੰ ਇੱਕ ਪਠਾਣ ਮੁਹੰਮਦ ਜ਼ਿਆਉਦੀਨ ਦੇ ਭੇਸ ਵਿੱਚ ਰਾਤ ਨੂੰ ਘਰੋਂ ਨਿਕਲ ਤੁਰੇ। ਸ਼ਰਦ ਬਾਬੂ ਦੇ ਵੱਡੇ ਪੁੱਤਰ ਸ਼ਿਸ਼ਰ ਬੋਸ ਨੇ ਉਨ੍ਹਾਂ ਨੂੰ ਆਪਣੀ ਗੱਡੀ ਵਿਚ ਬਿਠਾ ਕੇ 'ਗੋਮੋਹ' ਰੇਲਵੇ ਸਟੇਸ਼ਨ 'ਤੇ ਛੱਡ ਦਿੱਤਾ। ਉੱਥੋਂ ਉਹ ਰਾਤ ਨੂੰ ਫ਼ਰੰਟੀਅਰ ਮੇਲ 'ਤੇ ਬਹਿ ਕੇ ਪੇਸ਼ਾਵਰ ਪਹੁੰਚ ਗਏ। ਉੱਥੇ ਉਨ੍ਹਾਂ ਦਾ ਮੇਲ ਮੀਆਂ ਅਕਬਰ ਸ਼ਾਹ ਤੇ ਭਗਤ ਰਾਮ ਤਲਵਾੜ ਨਾਲ ਹੋਇਆ। ਔਖੇ ਪਹਾੜੀ ਰਸਤਿਆਂ ਤੋਂ ਪੈਦਲ ਤੁਰਦੇ ਉਹ ਭਗਤ ਰਾਮ ਤਲਵਾੜ ਨਾਲ ਕਾਬਲ ਪਹੁੰਚ ਗਏ। ਉੱਥੋਂ ਉਹ ਆਰਲੈਂਡ ਮੈਜੋਂਟਾ ਦੇ ਫ਼ਰਜ਼ੀ ਨਾਂਅ ਨਾਲ ਇਟਲੀ ਦੇ ਸ਼ਹਿਰੀ ਬਣ ਕੇ ਮਾਸਕੋ ਹੁੰਦੇ ਹੋਏ ਜਰਮਨੀ ਦੀ ਰਾਜਧਾਨੀ ਬਰਲਿਨ ਪਹੁੰਚ ਗਏ। 29 ਮਈ 1942 ਨੂੰ ਉਨ੍ਹਾਂ ਦੀ ਮੁਲਾਕਾਤ ਜਰਮਨੀ ਦੇ ਤਾਨਾਸ਼ਾਹ ਐਡੋਲਫ਼ ਹਿਟਲਰ ਨਾਲ ਹੋਈ ਪਰ ਉਸ ਨੇ ਨੇਤਾ ਜੀ ਦੀ ਕੋਈ ਬਹੁਤੀ ਮਦਦ ਨਾ ਕੀਤੀ। ਜਦ ਨੇਤਾ ਜੀ ਨੂੰ ਅਹਿਸਾਸ ਹੋ ਗਿਆ ਕਿ ਜਰਮਨੀ ਤੋਂ ਉਨ੍ਹਾਂ ਨੂੰ ਕੁਝ ਮਿਲਣ ਵਾਲਾ ਨਹੀਂ ਤਾਂ ਆਖਿਰ 8 ਮਾਰਚ 1943 ਨੂੰ ਜਰਮਨੀ ਦੀ ਕੀਲ ਬੰਦਰਗਾਹ ਤੋਂ ਉਹ ਆਪਣੇ ਸਾਥੀ ਆਬਿਦ ਹਸਨ ਸਫ਼ਰਾਨੀ ਨਾਲ ਇੱਕ ਜਰਮਨ ਪਣਡੁੱਬੀ ਵਿੱਚ ਬਹਿ ਕੇ 'ਮੈਡਗਾਸਕਰ' ਪਹੁੰਚ ਗਏ। ਉੱਥੋਂ ਇਹ ਸਮੁੰਦਰ ਵਿੱਚ ਤੈਰ ਕੇ ਇੱਕ ਜਾਪਾਨੀ ਪਣਡੁੱਬੀ ਤੱਕ ਪਹੁੰਚੇ। ਉਸ ਪਣਡੁੱਬੀ ਦੀ ਮਦਦ ਨਾਲ ਉਹ ਇੰਡੋਨੇਸ਼ੀਆ ਦੀ ਬੰਦਰਗਾਹ ਪਾਚਾਂਗ ਚਲੇ ਗਏ।

ਸੰਨ 1942 ਵਿੱਚ ਉਨ੍ਹਾਂ ਆਜ਼ਾਦ ਹਿੰਦ ਫੌਜ ਦੀ ਸਥਾਪਨਾ ਕੀਤੀ। ਇਸ ਦੇ ਮੁਖੀ ਜਨਰਲ ਮੋਹਨ ਸਿੰਘ ਸਨ। ਜਾਪਾਨ ਦੇ ਪ੍ਰਧਾਨ ਮੰਤਰੀ 'ਹਿਦੇਕੀ ਤੋਜੋ' ਨੇ ਨੇਤਾ ਜੀ ਦੀ ਪੂਰੀ ਹਮਾਇਤ ਕੀਤੀ। ਨੇਤਾ ਜੀ ਨੇ ਜਾਪਾਨ ਦੀ ਪਾਰਲੀਮੈਂਟ 'ਡਾਯਟ' ਵਿੱਚ ਵੀ ਤਕਰੀਰ ਕੀਤੀ। 21 ਅਕਤੂਬਰ 1943 ਨੂੰ ਸਿੰਘਾਪੁਰ ਵਿੱਚ ਆਜ਼ਾਦ ਭਾਰਤ ਦੀ ਆਰਜ਼ੀ ਹਕੂਮਤ ਕਾਇਮ ਕੀਤੀ। ਨੇਤਾ ਜੀ ਇਸ ਸਰਕਾਰ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਬਣੇ। ਇਸ ਆਰਜ਼ੀ ਹਕੂਮਤ ਨੂੰ ਨੌਂ ਦੇਸ਼ਾਂ ਨੇ ਮਾਨਤਾ ਦਿੱਤੀ। ਆਜ਼ਾਦ ਹਿੰਦ ਫੌਜ ਵਿੱਚ ਬਾਰ੍ਹਾਂ ਹਜ਼ਾਰ ਉਹ ਕੈਦੀ ਸਨ ਜੋ ਚਾਲ੍ਹੀ ਹਜ਼ਾਰ ਭਾਰਤੀ ਜੰਗੀ ਕੈਦੀਆਂ ਵਿੱਚੋਂ ਫੜੇ ਗਏ ਸਨ ਜਾਂ ਭਗੌੜੇ ਸਨ। ਇਨ੍ਹਾਂ ਭਾਰਤੀ ਫੌਜੀਆਂ ਨੂੰ ਜਪਾਨੀਆਂ ਨੇ ਆਜ਼ਾਦ ਹਿੰਦ ਫੌਜ ਵਿੱਚ ਸ਼ਾਮਿਲ ਕੀਤਾ ਸੀ। ਜਨਰਲ ਮੋਹਨ ਸਿੰਘ ਬ੍ਰਿਟਿਸ਼ ਭਾਰਤੀ ਫੌਜ ਦੇ ਅਫ਼ਸਰ ਸਨ। ਕੁੜੀਆਂ ਲਈ ਰਾਣੀ ਝਾਂਸੀ ਰਜਮੈਂਟ ਵੀ ਬਣਾਈ ਗਈ। ਕੈਪਟਨ ਡਾਕਟਰ ਲਕਸ਼ਮੀ ਸਹਿਗਲ ਇਸ ਦੇ ਮੁਖੀ ਸਨ।

ਸੰਨ 1942 ਵਿੱਚ ਨੇਤਾ ਜੀ ਨੇ ਆਜ਼ਾਦੀ ਦੇ ਪ੍ਰਚਾਰ ਵਾਸਤੇ ਬਰਲਿਨ ਵਿੱਚ ਆਜ਼ਾਦ ਹਿੰਦ ਰੇਡੀਓ ਵੀ ਚਾਲੂ ਕੀਤਾ ਸੀ। ਜਦ ਅਪ੍ਰੈਲ 1943 ਵਿੱਚ ਜਪਾਨੀਆਂ ਦੀ ਹਾਰ ਸ਼ੁਰੂ ਹੋ ਗਈ ਤਾਂ ਨੇਤਾ ਜੀ ਰਾਣੀ ਝਾਂਸੀ ਰਜਮੈਂਟ ਦੀਆਂ ਕੁੜੀਆਂ ਨਾਲ ਸੈਂਕੜੇ ਮੀਲ ਪੈਦਲ ਤੁਰੇ। ਹਿੰਮਤ ਤੇ ਹੱਠ ਵਿੱਚ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਸੀ। 6 ਜੁਲਾਈ 1944 ਨੇਤਾ ਜੀ ਨੇ ਆਜ਼ਾਦ ਹਿੰਦ ਰੇਡੀਓ ਤੋਂ ਜਾਪਾਨ ਬਾਰੇ ਤੇ ਆਜ਼ਾਦ ਹਿੰਦ ਫੌਜ ਸਮੇਤ ਸਾਰੇ ਵਿਸ਼ਿਆਂ ਬਾਰੇ ਪੂਰੇ ਵੇਰਵੇ ਦੇਸ਼ ਵਾਸੀਆਂ ਨੂੰ ਦੱਸੇ। ਆਰਜ਼ੀ ਹਕੂਮਤ ਬਾਰੇ ਵੀ ਦੱਸਿਆ ਗਿਆ। ਇਸ ਵੇਲੇ ਸੰਸਾਰ ਜੰਗ ਪੂਰੇ ਜ਼ੋਰਾਂ 'ਤੇ ਸੀ। ਜਾਪਾਨ ਨੂੰ ਤਬਾਹ ਕਰਨ ਲਈ ਅਮਰੀਕਾ ਨੇ 6 ਅਗਸਤ 1945 ਨੂੰ ਸਵੇਰੇ ਅੱਠ ਵੱਜ ਕੇ ਵੀਹ ਮਿੰਟ 'ਤੇ ਪਹਿਲਾ ਪਰਮਾਣੂ ਬੰਬ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਤੇ ਸੁੱਟਿਆ। 1650 ਫੁੱਟ ਦੀ ਉਚਾਈ ਤੋਂ ਸੁੱਟਿਆ ਗਿਆ ਇਹ ਬੰਬ 22000 ਟਨ ਦੀ ਸਮਰੱਥਾ ਵਾਲਾ ਸੀ। ਇਸ ਨਾਲ ਡੇਢ ਲੱਖ ਦੇ ਕਰੀਬ ਲੋਕ ਮਾਰੇ ਗਏ। ਦੂਜਾ ਪਰਮਾਣੂ ਬੰਬ 9 ਅਗਸਤ 1945 ਨੂੰ ਸਵੇਰੇ 11 ਵਜ ਕੇ ਦੋ ਮਿੰਟ 'ਤੇ

ਨਾਗਾਸਾਕੀ ਸ਼ਹਿਰ ’ਤੇ ਸੁੱਟਿਆ ਗਿਆ। ਜਿਸ ਨਾਲ ਚਾਲੀ ਹਜ਼ਾਰ ਲੋਕ ਮਾਰੇ ਗਏ। ਇਸ ਬੰਬਾਰੀ ਨਾਲ ਜਾਪਾਨ ਦਾ ਲੱਕ ਟੁੱਟ ਗਿਆ। ਦੂਜੀ ਸੰਸਾਰ ਜੰਗ ਖ਼ਤਮ ਹੋ ਗਈ। ਇਨ੍ਹਾਂ ਬੰਬਾਂ ਦਾ ਅਸਰ ਬਹੁਤ ਦੇਰ ਤੱਕ ਆਉਣ ਵਾਲੀਆਂ ਪੀੜੀਆਂ ’ਤੇ ਵੀ ਪਿਆ। ਜਾਪਾਨ ਤੋਂ ਆਜ਼ਾਦ ਹਿੰਦ ਫੌਜ ਤੇ 37 ਕੈਦੀਆਂ ਨੂੰ ਜਹਾਜ਼ ਰਾਹੀ ਦਿੱਲੀ ਲਿਆਂਦਾ ਗਿਆ ਤੇ ਲਾਲ ਕਿਲ੍ਹੇ ਵਿੱਚ ਰੱਖਿਆ ਗਿਆ। ਬਾਅਦ ਵਿੱਚ ਪੰਡਤ ਨਹਿਰੂ, ਭੋਲਾ ਭਾਈ ਦੇਸਾਈ ਤੇ ਕਾਟਜੂ ਵਰਗੇ ਵਕੀਲਾਂ ਨੇ ਇਨ੍ਹਾਂ ਦਾ ਕੇਸ ਲੜਿਆ ਤੇ ਫਾਂਸੀ ਦੀ ਸਜ਼ਾ ਮਾਫ਼ ਹੋ ਗਈ।

ਜਾਪਾਨ ਦੀ ਹਾਰ ਨਾਲ ਦੂਜੀ ਸੰਸਾਰ ਜੰਗ ਖ਼ਤਮ ਹੋ ਚੁੱਕੀ ਸੀ। ਜਾਪਾਨ ਬੁਰੀ ਤਰ੍ਹਾਂ ਬਰਬਾਦ ਹੋ ਗਿਆ ਸੀ। ਨੇਤਾ ਜੀ ਨੂੰ ਰੂਸ ਤੋਂ ਮਦਦ ਮਿਲਣ ਦੀ ਆਸ ਸੀ। ਇਸ ਲਈ 18 ਅਗਸਤ 1945 ਨੂੰ ਨੇਤਾ ਜੀ ਇੱਕ ਬੰਬਾਰ ਜਹਾਜ਼ ਵਿੱਚ ਬੈਠ ਕੇ ਮੰਚੂਰੀਆ ਜਾ ਰਹੇ ਸਨ। ਪਰ ਰਾਹ ਵਿੱਚ ਹੀ ਤਾਈ ਹੋਕੂ ਹਵਾਈ ਅੱਡੇ ਨੇੜੇ ਇਹ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ। ਟੋਕੀਓ ਰੇਡੀਓ ਨੇ 23 ਅਗਸਤ, 1945 ਨੂੰ ਦੱਸਿਆ ਕਿ ਇਹ ਬੰਬਾਰ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਹੈ। ਜਾਪਾਨੀ ਜਨਰਲ ਸ਼ੋਦੇਈ ਅਤੇ ਪਾਇਲਟ ਸਮੇਤ ਕਈ ਹੋਰ ਲੋਕ ਵੀ ਮਾਰੇ ਗਏ ਹਨ। ਨੇਤਾ ਜੀ ਬੁਰੀ ਤਰ੍ਹਾਂ ਝੁਲਸ ਗਏ ਸਨ। ਉਨ੍ਹਾਂ ਨੂੰ ਤਾਈਹੋਕੂ ਦੇ ਫੌਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਜਿਥੇ ਉਹ ਦਮ ਤੋੜ ਗਏ। ਉਨ੍ਹਾਂ ਦਾ ਅੰਤਮ ਸੰਸਕਾਰ ਤਾਈਹੋਕੂ ਵਿੱਚ ਹੀ ਕਰ ਦਿੱਤਾ ਗਿਆ। ਸਤੰਬਰ 1945 ਵਿੱਚ ਉਨ੍ਹਾਂ ਦੀਆਂ ਅਸਥੀਆਂ ਟੋਕੀਓ ਦੇ ਰੈਨਕੋਜ਼ੀ ਮੰਦਰ ਵਿੱਚ ਰੱਖ ਦਿੱਤੀਆਂ ਗਈਆਂ। ਪਰ ਉਨ੍ਹਾਂ ਦੀ ਮੌਤ ਦਾ ਰਹੱਸ 74 ਸਾਲ ਬਾਅਦ ਵੀ ਖੁੱਲ੍ਹ ਨਹੀਂ ਸਕਿਆ। ਕਈ ਕਮਿਸ਼ਨ ਤੇ ਕਮੇਟੀਆਂ ਬਣਾਈਆਂ ਗਈਆਂ ਪਰ ਅੱਜ ਤੱਕ ਜਾਪਾਨ ਵੱਲੋਂ ਕੋਈ ਪੁਖ਼ਤਾ ਸਬੂਤ ਸਾਹਮਣੇ ਨਹੀਂ ਆਇਆ। ਦੇਸ਼ ਦਾ ਇਹ ਬਹਾਦਰ ਸਪੂਤ ਹਰ ਭਾਰਤ ਵਾਸੀ ਦੇ ਦਿਲ ਵਿੱਚ ਹਮੇਸ਼ਾ-ਹਮੇਸ਼ਾ ਜਿੰਦਾ ਰਹੇਗਾ।

ਪਿੰਡ- ਫ਼ਕੀਰ ਮਾਜਰਾ
ਜ਼ਿਲ੍ਹਾ- ਯਮੁਨਾਨਗਰ, ਹਰਿਆਣਾ- 135103
94160-05777



## ਰੁੱਤ ਸੀ ਬਸੰਤ ਦੀ

**ਸਰਬਜੀਤ ਸੰਗਰੂਰਵੀ**

ਰੁੱਤ ਸੀ ਬਸੰਤ ਦੀ, ਤੇ ਉੱਡਦੇ ਪੰਤਗ ਸੀ,
ਫਿਜ਼ਾ ਵਿੱਚ ਗੂੰਜਦੀ, ਸੰਗੀਤ ਦੀ ਤਰੰਗ ਸੀ।

ਮੰਗਵਾਏ ਕਿਸੇ ਕੁਲਚੇ, ਕਿਸੇ ਮੰਗਵਾਏ ਸਮੋਸੇ ਸੀ,
ਕੋਈ ਗਿਆ ਮੰਨ, ਤੇ ਕਿਸੇ ਮਨ ਅੰਦਰ ਰੋਸੇ ਸੀ।
ਕੋਈ ਹੱਸਦਾ ਸੀ ਖੁੱਲ੍ਹ, ਕੋਈ ਨੱਚਦਾ ਨਿਸੰਗ ਸੀ,
ਰੁੱਤ ਸੀ ਬੰਸਤ ਦੀ, ਤੇ ਉੱਡਦੇ ਪੰਤਗ ਸੀ।

ਬਣਾਇਆ ਹਲਵਾ ਕਿਸੇ, ਬਣਾਏ ਕਿਸੇ ਪੀਲੇ ਚੌਲ ਸੀ,
ਹੱਸਦਾ ਸੀ ਬੈਠਾ, ਪਿਆਰਾ ਜਿਸ ਕੋਲ ਸੀ।
ਬੇਸ਼ਕ ਹਵਾ ਕਿਸੇ ਨੂੰ, ਕਰਦੀ ਧੁੱਪ ਤੰਗ ਸੀ,
ਰੁੱਤ ਸੀ ਬੰਸਤ ਦੀ, ਤੇ ਉੱਡਦੇ ਪੰਤਗ ਸੀ।

ਛੱਤ ਉੱਤੇ ਕਿਸੇ, ਡੀ.ਜੇ. ਲੱਗਵਾਇਆ ਸੀ,
ਛੱਤ ਉੱਤੋਂ ਦੇਖ ਕਿਸੇ ਨੂੰ, ਕੋਈ ਮੁਸਕਾਇਆ ਸੀ।
ਹਾਸੀ ਜਿਸਦੀ ਨੇ, ਕਰਿਆ ਮਲੰਗ ਸੀ,
ਰੁੱਤ ਸੀ ਬੰਸਤ ਦੀ, ਤੇ ਉੱਡਦੇ ਪੰਤਗ ਸੀ।

ਹੱਸਦੇ ਸੀ ਸਾਰੇ, ‘ਸੰਗਰੂਰਵੀ’ ਉਦਾਸ ਸੀ,
ਮਾਰ ਗੇੜੇ ਗਲੀ, ਰਿਹਾ ਕਰਦਾ ਤਲਾਸ਼ ਸੀ।
ਨਾਲੇ ਨੈਣੀ ਜੋਤੀ ਤਾਂ, ਨਾ ‘ਉੱਪਲ’ ਦੇ ਸੰਗ ਸੀ,
ਰੁੱਤ ਸੀ ਬੰਸਤ ਦੀ, ਤੇ ਉੱਡਦੇ ਪੰਤਗ ਸੀ।

ਪੁਰਾਣੀ ਅਨਾਜ ਮੰਡੀ,
ਸੰਗਰੂਰ (ਪੰਜਾਬ)
94631-62463

# ਯੁੱਗ ਪੁਰਸ਼ ਸ. ਸਾਧੂ ਸਿੰਘ ਹਮਦਰਦ ਨੂੰ ਯਾਦ ਕਰਦਿਆਂ



ਦਰਸ਼ਨ ਸਿੰਘ ਪ੍ਰੀਤੀਮਾਨ

ਕਈ ਮਨੁੱਖ ਆਪਣੇ ਤੱਕ ਤੇ ਆਪਣੇ ਪਰਿਵਾਰ ਤੱਕ ਹੀ ਸੀਮਤ ਰਹਿੰਦੇ ਹਨ ਪਰ ਕਈ ਅਜਿਹੇ ਮਨੁੱਖ ਦੁਨੀਆਂ 'ਤੇ ਜਨਮ ਲੈਂਦੇ ਹਨ ਕਿ ਉਨ੍ਹਾਂ ਦਾ ਨਾਂ ਲੋਕ ਸਦੀਆਂ ਤੱਕ ਲੈਂਦੇ ਰਹਿੰਦੇ ਹਨ। ਇਹ ਨਾਂ ਸਦੀਆਂ ਤੱਕ ਐਵੇਂ ਨਹੀਂ ਚਲਦੇ, ਨਾਮ ਉਨ੍ਹਾਂ ਮਨੁੱਖਾਂ ਦੇ ਚਲਦੇ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਸਖ਼ਤ ਘਾਲਣਾ ਘਾਲੀ ਹੁੰਦੀ ਹੈ। ਜ਼ਿੰਦਗੀ ਦਾ ਇਕ-ਇਕ ਪਲ ਸਮਾਜ ਲੇਖੇ ਲਾਇਆ ਹੁੰਦਾ ਹੈ ਜੋ ਆਪਣੇ ਲਈ ਨਹੀਂ ਸਮਾਜ ਲਈ ਜਿਉਂਦੇ ਹਨ, ਉਹ ਸਦਾ ਲਈ ਸਮਾਜ ਦੇ ਹੀ ਹੋ ਜਾਂਦੇ ਹਨ। ਆਪਣੇ ਸੁੱਖਾਂ ਨੂੰ ਤਿਆਗ, ਲੋਕ ਦੁੱਖਾਂ ਨੂੰ ਆਪਣਾ ਸਮਝਣ ਵਾਲੇ ਨੇਕ ਇਨਸਾਨ ਅਖਵਾਉਂਦੇ ਹਨ। ਸਮਾਜ ਵਿਚ ਕੀਤੀ ਨੇਕੀ ਹੀ ਉਨ੍ਹਾਂ ਨੂੰ ਸਦੀਆਂ ਤੱਕ ਜੀਵਤ (ਅਮਰ) ਰੱਖਦੀ ਹੈ। ਦੁਨੀਆਂ ਵਿਚ ਨੇਕੀ ਦਾ ਚਾਨਣ ਫੈਲਾਉਣ ਵਾਲੇ ਇਨਸਾਨ ਦਾ ਨਾਮ ਹੈ ਸਾਧੂ ਸਿੰਘ ਹਮਦਰਦ।

ਸਾਧੂ ਸਿੰਘ ਹਮਦਰਦ ਦਾ ਜਨਮ 1 ਜਨਵਰੀ, 1916 ਈ: ਵਿਚ ਮਾਤਾ ਖੁਸ਼ਹਾਲ ਕੌਰ ਦੀ ਕੁੱਖੋਂ, ਪਿਤਾ ਲੱਭੂ ਰਾਮ ਦੇ ਘਰ, ਪਿੰਡ ਪੱਦੀ ਮੱਟਵਾਲੀ, ਨੇੜੇ ਬੰਗਾ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਹਮਦਰਦ ਦਾ ਪਾਲਣ-ਪੋਸ਼ਣ ਆਮ ਬੱਚਿਆਂ ਵਾਂਗ ਹੀ ਹੋਇਆ। ਉਹ ਪਿੰਡ ਦੀਆਂ ਗਲੀਆਂ ਵਿਚ ਬੱਚਿਆਂ ਨਾਲ ਹੱਸਦੇ-ਖੇਡਦੇ ਜਵਾਨ ਹੋਏ ਪਰ ਉਨ੍ਹਾਂ ਨੇ ਪੜ੍ਹਾਈ ਨੂੰ ਬਚਪਨ ਤੋਂ ਹੀ ਵੱਧ ਤਰਜੀਹ ਦਿੱਤੀ, ਇਸ ਕਰਕੇ ਹੀ ਉਨ੍ਹਾਂ ਨੇ ਉੱਚ ਵਿੱਦਿਆ ਐੱਮ.ਏ, ਐੱਲ.ਐੱਲ.ਬੀ, ਪੀ.ਐੱਚ.ਡੀ. ਤੱਕ ਦੀ ਪੜ੍ਹਾਈ ਹਾਸਲ ਕੀਤੀ।

ਉਨ੍ਹਾਂ ਦੀਆਂ ਇਨਕਲਾਬੀ ਸਰਗਰਮੀਆਂ ਨੌਵੀਂ ਜਮਾਤ ਵਿਚ ਪੜ੍ਹਦਿਆਂ ਹੀ ਸ਼ੁਰੂ ਹੋ ਗਈਆਂ, ਸਿਰਫ਼ 13 ਸਾਲ ਦੀ ਉਮਰ ਵਿਚ ਚੌਧਰੀ ਸ਼ੇਰ ਜੰਗ ਦੀ ਇਨਕਲਾਬੀ ਪਾਰਟੀ ਵਿਚ ਸ਼ਾਮਲ ਹੋਏ। ਸੰਨ 1939 ਤੋਂ 1940 ਤੱਕ ਗਿਆਨੀ ਹਰਬੰਸ ਸਿੰਘ ਸਰਾਹਲਾ ਖ਼ੁਰਦ (ਜ਼ਿਲ੍ਹਾ ਹੁਸ਼ਿਆਰਪੁਰ) ਦੇ 'ਜੁੱਗ ਪਲਟਾਊ ਦਲ' ਵਿਚ ਪ੍ਰਚਾਰ-ਸਾਹਿਤ ਲਿਖਣ ਅਤੇ ਵੰਡਣ ਦੀ ਸੇਵਾ ਕੀਤੀ। ਸੰਨ 1942 ਦੇ 'ਭਾਰਤ ਛੱਡੋ' ਅੰਦੋਲਨ ਵਿਚ ਭਾਗ ਲਿਆ।

ਹਮਦਰਦ ਕਿਸੇ ਪਾਰਟੀ ਦੇ ਅਹੁਦੇਦਾਰ ਨਹੀਂ ਬਣੇ ਪਰ ਦਿਲਚਸਪੀ ਜ਼ਰੂਰ ਰੱਖਦੇ ਸਨ। ਉਨ੍ਹਾਂ ਦਾ ਨਾਂ ਸਮਕਾਲੀ ਲੀਡਰਾਂ ਵਿਚ ਬੜੇ ਅਦਬ ਨਾਲ ਲਿਆ ਜਾਂਦਾ ਸੀ। ਸੰਨ 1942 ਤੋਂ 1947 ਤੱਕ ਦੇਸ਼ ਦੀ ਅਜ਼ਾਦੀ ਦਾ ਦੌਰ ਪੂਰੇ ਜ਼ੋਰਾਂ 'ਤੇ ਸੀ, ਉਸ ਸਮੇਂ ਹਮਦਰਦ ਨੇ ਸਿੱਖ ਕੌਮ ਦੇ ਭਵਿੱਖ ਨੂੰ ਬਰਕਰਾਰ ਰੱਖਣ ਲਈ ਗਿਆਨੀ ਕਰਤਾਰ ਸਿੰਘ ਨਾਲ ਰਾਇ-ਮਸ਼ਵਰਾ ਕਰਕੇ ਉਸ ਸਮੇਂ ਕਈ ਯੋਜਨਾਵਾਂ ਜਿਵੇਂ ਹਿੰਦੂ-ਸਿੱਖ ਸੂਬਾ ਆਜ਼ਾਦ, ਪੰਜਾਬ, ਪੰਜਾਬ ਦੀ ਵੰਡ ਅਤੇ ਸਿੱਖ ਸਟੇਟ ਦੀਆਂ ਮੰਗਾਂ ਉਲੀਕੀਆਂ, ਜਿਨ੍ਹਾਂ ਦਾ ਸਿਹਰਾ ਗਿਆਨੀ ਕਰਤਾਰ ਸਿੰਘ ਤੇ ਸਾਧੂ ਸਿੰਘ ਹਮਦਰਦ ਨੂੰ ਜਾਂਦਾ ਹੈ।

**ਪੱਤਰਕਾਰੀ ਦਾ ਅਰੰਭ :-** ਹਮਦਰਦ ਸਾਹਿਬ ਨੇ ਸੰਨ 1935 ਤੋਂ 1936 ਤੱਕ ਵਿਹਾਰ ਸੁਧਾਰ (ਮੀਆਂ ਚੰਨੂੰ) ਦੇ ਮਾਸਿਕ ਅਤੇ ਸਪਤਾਹਿਕ 'ਪ੍ਰਕਾਸ਼' ਤੇ 'ਉਪਕਾਰ' (ਮਿੰਟਗੁਮਾਰੀ) ਦੇ ਸੰਪਾਦਕੀ ਸਟਾਫ਼ ਵਿਚ ਕੰਮ ਕੀਤਾ। ਸੰਨ 1937 ਈ; ਵਿਚ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਹਫ਼ਤੇ ਵਿਚ ਤਿੰਨ ਦਿਨ ਛਪਣ ਵਾਲੇ ਪੱਤਰ 'ਖ਼ਾਲਸਾ ਐਂਡ ਖ਼ਾਲਸਾ' ਐਡਵੋਕੇਟ ਦੇ ਪ੍ਰਬੰਧਕੀ ਸਟਾਫ਼ ਵਿਚ ਰਹੇ। ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਗੁਰਦੁਆਰਾ ਵਿਖੇ ਆਪ ਨੇ ਇੰਸਪੈਕਟਰ ਅਤੇ ਪਬਲਿਸਿਟੀ ਇੰਚਾਰਜ ਵਜੋਂ ਸੇਵਾ ਨਿਭਾਈ। ਉੱਥੇ ਹੀ 'ਗੁਰਦੁਆਰਾ ਗਜ਼ਟ' ਦੇ ਐਡੀਟਰ ਨਿਯੁਕਤ ਹੋਏ।

**ਸ਼ਾਇਰੀ ਅਤੇ ਸਾਹਿਤਕਾਰ:-** ਸਾਧੂ ਸਿੰਘ ਹਮਦਰਦ ਸੱਤਵੇਂ ਤੇ ਅੱਠਵੇਂ ਦਹਾਕੇ ਵਿਚ ਕਵਿਤਾ ਤੇ ਪੰਜਾਬੀ ਗ਼ਜ਼ਲ ਦੇ ਮੋਹਰੀ ਤੇ ਮੁੱਦਈ ਰਹੇ। ਉਨ੍ਹਾਂ ਦੀਆਂ ਪ੍ਰਕਾਸ਼ਿਤ ਪੁਸਤਕਾਂ- ਗ਼ਜ਼ਲ (1963), ਮਾਡਰਨ ਗ਼ਜ਼ਲ (1968), ਕਾਕਟੇਲ (1972), ਰੰਗ ਸੁਗੰਧ (1974), ਗ਼ਜ਼ਲ ਦੇ ਰੰਗ (1974), ਵਾਸ ਸੁਵਾਸ (1977), ਇਤਿਹਾਸਿਕ ਨਾਵਲ: ਜ਼ੀਨਤ ਬਘੇਲ ਸਿੰਘ (1960), ਟੱਕਰ

(1974), ਅਣਖ (1976) ਤੇ ਦੋ ਹੋਰ ਇਤਿਹਾਸਕ ਨਾਵਲ 'ਕੁਰਬਾਨੀ' ਅਤੇ 'ਸਟੈਲਾ ਬਹਾਦਰ ਸਿੰਘ' ਅਜੀਤ ਅਖ਼ਬਾਰ 'ਚ ਲੜੀਵਾਰ ਛਪੇ ਪਰ ਪੁਸਤਕ ਰੂਪ 'ਚ ਨਹੀਂ ਆਏ। ਇਸੇ ਤਰ੍ਹਾਂ ਹਮਦਰਦ ਸਾਹਿਬ ਦੇ ਦੋ ਹੋਰ ਨਾਵਲ 'ਸ਼ਹੀਦ' ਤੇ 'ਵਫ਼ਾਦਾਰੀ' ਵੀ ਕੁਝ ਕਿਸ਼ਤਾਂ ਅਜੀਤ ਅਖ਼ਬਾਰ ਦੀਆਂ ਸੁਗੰਧੀਆਂ ਬਣੀਆਂ ਪਰ ਇਹ ਨਾਵਲ ਵੀ ਕਿਤਾਬੀ ਰੂਪ ਨਹੀਂ ਲੈ ਸਕੇ। 'ਮੇਕ-ਅੱਪ' (1976), 'ਜਾਸੂਸੀ' ਨਾਵਲ, 'ਗੰਧਰਵ ਵਿਆਹ' ਕਹਾਣੀ ਸੰਗ੍ਰਹਿ (1976), 'ਅੱਖੀਂ ਡਿੱਠਾ ਰੂਸ (1971), ਸਫ਼ਰਨਾਮਾ, 'ਕਾਵਿ ਨਿਰਣੈ' (1976) ਆਲੋਚਨਾ, 'ਗ਼ਜ਼ਲ' ਜਨਮ ਤੇ ਵਿਕਾਸ (1985, ਪੀ.ਐੱਚ.ਡੀ. ਥੀਸਿਸ), 'ਯਾਦ ਬਣੀ ਇਤਿਹਾਸ' (2003), ਸਵੈਜੀਵਨੀ ਆਦਿ। ਇਸੇ ਤਰ੍ਹਾਂ ਹਮਦਰਦ ਨੇ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਉਰਦੂ ਜ਼ਬਾਨ ਵਿਚ ਤਿੰਨ ਰਾਜਨੀਤਕ ਕਿਤਾਬਚੇ ਪ੍ਰਕਾਸ਼ਿਤ ਕੀਤੇ। 'ਪੰਜਾਬ ਤਕਸੀਮ ਕੀ ਤਸ਼ਰੀਹ ਮੇਂ (1942), ਆਜ਼ਾਦ ਪੰਜਾਬ (1943) ਦੋ ਐਡੀਸ਼ਨ, ਪੰਥ ਆਜ਼ਾਦ (1946) ਵਿਚ ਛਪੇ।

**ਅਜੀਤ ਅਖ਼ਬਾਰ ਦਾ ਮੁੱਢ ਤੇ ਤਰੱਕੀ:-** ਅਜੀਤ ਹਫ਼ਤਾਵਾਰੀ ਉਰਦੂ ਵਿਚ ਪਹਿਲਾਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਛਪਦਾ ਸੀ। ਕੁਝ ਸਮਾਂ ਹਮਦਰਦ ਨੇ ਇਸ ਦੀ ਸੰਪਾਦਨਾ ਕੀਤੀ। ਇਕ ਨਵੰਬਰ, 1942 ਨੂੰ 'ਦੀ ਪੰਜਾਬ ਨਿਊਜ਼ ਪੇਪਰਜ਼' ਲਿਮਟਿਡ' ਦੇ ਪ੍ਰਬੰਧ ਅਧੀਨ ਲਾਹੌਰ ਤੋਂ ਰੋਜ਼ਾਨਾ 'ਅਜੀਤ' (ਉਰਦੂ) ਵਿਚ ਤਬਦੀਲ ਕਰ ਦਿੱਤਾ ਗਿਆ। ਉਸ ਸਮੇਂ ਇਸ ਅਖ਼ਬਾਰ ਦੇ ਸਬ ਐਡੀਟਰ 'ਹਮਦਰਦ' ਸਨ ਅਤੇ ਮੁੱਖ ਸੰਪਾਦਕ ਲਾਲ ਸਿੰਘ ਕਮਲਾ ਅਕਾਲੀ ਸਨ। ਸੰਨ 1944 ਵਿਚ ਲਾਲ ਸਿੰਘ ਨੇ ਅਸਤੀਫ਼ਾ ਦੇ ਦਿੱਤਾ ਅਤੇ 'ਹਮਦਰਦ' ਇਸ ਅਖ਼ਬਾਰ ਦੇ ਮੁੱਖ ਸੰਪਾਦਕ ਨਿਯੁਕਤ ਹੋ ਗਏ। ਸੰਨ 1947 'ਚ ਦੇਸ਼ ਦੇ ਬਟਵਾਰੇ ਤੋਂ ਬਾਅਦ ਰੋਜ਼ਾਨਾ 'ਅਜੀਤ' ਅਖ਼ਬਾਰ ਦਾ ਦਫ਼ਤਰ ਜਲੰਧਰ ਆ ਗਿਆ। ਇਸ ਤਰ੍ਹਾਂ ਇਹ ਅਖ਼ਬਾਰ 1957 ਤੱਕ ਛਪਦਾ ਰਿਹਾ। ਸੰਨ 1950 ਤੋਂ 1952 ਤੱਕ 'ਪ੍ਰਭਾਤ' (ਉਰਦੂ) ਦੇ ਹਮਦਰਦ ਐਡੀਟਰ ਰਹੇ। ਇਸੇ ਤਰ੍ਹਾਂ ਸਾਧੂ ਸਿੰਘ 'ਹਮਦਰਦ' ਦੀ ਸੰਪਾਦਨਾ ਹੇਠ 1 ਨਵੰਬਰ, 1955 ਨੂੰ ਜਲੰਧਰ ਤੋਂ ਰੋਜ਼ਾਨਾ 'ਅਜੀਤ' (ਪੰਜਾਬੀ) ਵਿਚ ਛਪਣਾ ਸ਼ੁਰੂ ਹੋ ਗਿਆ ਤੇ 17 ਜਨਵਰੀ, 1959 ਤੋਂ 'ਅਜੀਤ' ਪੱਤ੍ਰਿਕਾ ਕੇਵਲ 'ਅਜੀਤ' ਦੇ ਨਾਂਅ ਹੇਠ ਛਪਣਾ ਸ਼ੁਰੂ ਹੋਇਆ। ਇਸ ਦੇ ਮੁੱਖ ਸੰਪਾਦਕ ਸਾਧੂ ਸਿੰਘ ਹਮਦਰਦ ਹੀ ਸਨ। ਹਫ਼ਤਾਵਾਰੀ 'ਅਜੀਤ' (ਅੰਗਰੇਜ਼ੀ) ਵਿਚ 16 ਅਪ੍ਰੈਲ, 1983 ਤੋਂ 9 ਮਾਰਚ, 1984 ਤੱਕ ਛਪਦਾ ਰਿਹਾ। ਸਾਧੂ ਸਿੰਘ ਹਮਦਰਦ ਟਰੱਸਟ ਦੇ ਪ੍ਰਬੰਧ ਅਧੀਨ ਹਮਦਰਦ ਇਸ ਦੇ ਐਡੀਟਰ ਤੇ ਪ੍ਰਿਥੀਪਾਲ ਸਿੰਘ 'ਕਪੂਰ' ਐਸੋਸੀਏਟ ਐਡੀਟਰ ਸਨ। ਇਸੇ ਤਰ੍ਹਾਂ ਮਾਰਚ 1963 ਤੋਂ 1984 ਤੱਕ ਹਮਦਰਦ ਮਾਸਿਕ ਫ਼ਿਲਮ ਪੱਤਰ 'ਤਸਵੀਰ' ਦੇ ਸੰਪਾਦਕ ਰਹੇ ਤੇ ਅੱਜ-ਕੱਲ੍ਹ ਇਸ ਮਾਸਿਕ ਪੱਤਰ 'ਤਸਵੀਰ' ਦੇ ਐਡੀਟਰ ਬੀਬੀ ਪ੍ਰਕਾਸ਼ ਕੌਰ 'ਹਮਦਰਦ' ਹਨ। ਸਾਧੂ ਸਿੰਘ 'ਹਮਦਰਦ' ਅਜੀਤ ਅਖ਼ਬਾਰ ਦੀ ਲੰਬੀ ਉਮਰ ਦੇ ਚਾਹਵਾਨ ਸਨ, ਇਸ ਲਈ ਉਨ੍ਹਾਂ ਆਪਣੀ ਨਿੱਜੀ ਜਾਇਦਾਦ 'ਤੇ ਆਧਾਰਿਤ 'ਸਾਧੂ ਸਿੰਘ ਹਮਦਰਦ ਟਰੱਸਟ' ਬਣਾਇਆ। ਉਹ ਟਰੱਸਟ ਦੇ ਬਾਨੀ ਚੇਅਰਮੈਨ ਸਨ। ਅੱਜ-ਕੱਲ 'ਅਜੀਤ' ਡਾ. ਬਰਜਿੰਦਰ ਸਿੰਘ 'ਹਮਦਰਦ' ਦੀ ਸੰਪਾਦਨਾ ਹੇਠ ਅਤੇ ਟਰੱਸਟ ਦੇ ਪ੍ਰਬੰਧ ਹੇਠ ਆਪਣੀ ਮੰਜ਼ਿਲ ਵੱਲ ਵੱਧ ਰਿਹਾ ਹੈ।

ਹਮਦਰਦ ਸਾਹਿਬ ਨੇ ਕਈ ਦੇਸ਼ਾਂ ਦੀ ਯਾਤਰਾ ਕੀਤੀ ਜਿਵੇਂ ਇੰਗਲੈਂਡ, ਜਮਾਇਕਾ (ਵੈਸਟ ਇੰਡੀਜ਼) 1965 ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਗਏ ਭਾਰਤੀ ਐਡੀਟਰਾਂ ਦੇ ਅੱਠ ਮੈਂਬਰੀ ਵਫ਼ਦ ਨਾਲ ਸੋਵੀਅਤ ਯੂਨੀਅਨ ਦੀ ਪੰਜਾਹਵੀਂ ਵਰ੍ਹੇ-ਗੰਢ (ਰੂਸ) ਦਾ ਦੌਰਾ ਅਤੇ ਇਸੇ ਵਫ਼ਦ ਨਾਲ ਬਾਅਦ ਵਿਚ ਇੰਗਲੈਂਡ ਦੀ ਯਾਤਰਾ (1967) 'ਚ ਕੀਤੀ।

ਹਮਦਰਦ ਸਾਹਿਬ ਅਨੇਕਾਂ ਸੰਸਥਾਵਾਂ ਦੇ ਮੈਂਬਰ ਵੀ ਰਹੇ, ਮੁੱਖ ਅਹੁਦੇ ਵੀ ਸੰਭਾਲੇ ਤੇ ਆਪਣੀਆਂ ਜ਼ਿੰਮੇਵਾਰੀਆਂ ਵੀ ਬਾਖ਼ੂਬੀ ਨਿਭਾਈਆਂ। ਜਿਵੇਂ:- ਬਜ਼ਮ-ਇ-ਅਦਬ (ਉਰਦੂ) ਪੰਜਾਬ (1950) ਦੇ ਪ੍ਰਧਾਨ ਰਹੇ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) 1972 ਤੋਂ 1979 ਤੱਕ ਪ੍ਰਧਾਨ, ਆਲ ਇੰਡੀਆ ਨਿਊਜ਼ ਪੇਪਰਜ਼ ਐਡੀਟਰਜ਼ ਕਾਨਫ਼ਰੰਸ ਦੀ 22 ਵੀਂ ਕਾਨਫ਼ਰੰਸ ਜਲੰਧਰ ਦੀ ਸਵਾਗਤੀ ਕਮੇਟੀ (1973) 'ਚ ਚੇਅਰਮੈਨ, ਇੰਡੋ-ਸੋਵੀਅਤ

ਫਰੈਂਡਸ਼ਿਪ ਸੁਸਾਇਟੀ, ਪੰਜਾਬ (ਮੀਤ ਪ੍ਰਧਾਨ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਫੈਲੋ ਅਤੇ ਸੈਨੇਟ ਮੈਂਬਰ), ਆਲ ਇੰਡੀਆ ਨਿਊਜ਼ ਪੇਪਰਜ਼ ਐਡੀਟਰਜ਼ ਕਾਨਫਰੰਸ (ਵਿਸ਼ੇਸ਼ ਨਿਮੰਤਰਿਤ ਮੈਂਬਰ), ਪ੍ਰੈੱਸ ਸਲਾਹਕਾਰ ਕਮੇਟੀ ਸੰਯੁਕਤ ਪੰਜਾਬ ਸੰਨ 1944 ਤੋਂ 1947 ਤੱਕ ਮੈਂਬਰ, ਸਾਹਿਤ ਅਕਾਦਮੀ, ਨਵੀਂ ਦਿੱਲੀ ਸੰਨ 1973 ਤੋਂ 1978 ਤੱਕ ਮੈਂਬਰ, ਅਕੈਡਮੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਸੰਨ 1944 ਤੋਂ 1954 ਤੱਕ ਮੈਂਬਰ, ਸਲਾਹਕਾਰ ਕਮੇਟੀ ਟੈਲੀਵਿਜ਼ਨ ਕੇਂਦਰ ਅੰਮ੍ਰਿਤਸਰ-ਜਲੰਧਰ (ਪੰਜਾਬ ਸਰਕਾਰ) ਮੈਂਬਰ, ਪ੍ਰੋਗਰਾਮ ਐਡਵਾਈਜ਼ਰੀ ਕਮੇਟੀ ਆਲ ਇੰਡੀਆ ਰੇਡੀਓ, ਜਲੰਧਰ (ਮੈਂਬਰ), ਕੇਂਦਰੀ ਸਲਾਹਕਾਰ ਕਮੇਟੀ ਟੈਲੀਵਿਜ਼ਨ ਕੇਂਦਰ, ਅੰਮ੍ਰਿਤਸਰ, ਜਲੰਧਰ (ਭਾਰਤ ਸਰਕਾਰ) (ਮੈਂਬਰ), ਪੱਤਰਕਾਰ ਮਾਨਤਾ ਕਮੇਟੀ ਪੰਜਾਬ ਸਰਕਾਰ (ਮੈਂਬਰ), ਪ੍ਰੈੱਸ ਸਲਾਹਕਾਰ ਕਮੇਟੀ ਪੰਜਾਬ ਸਰਕਾਰ ਮੈਂਬਰ, ਸਲਾਹਕਾਰ ਬੋਰਡ ਭਾਸ਼ਾ ਵਿਭਾਗ ਪੰਜਾਬ (ਮੈਂਬਰ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਪ੍ਰਕਾਸ਼ਨ ਕਮੇਟੀ (ਮੈਂਬਰ), ਲਾਇਬਰੇਰੀ ਕਮੇਟੀ ਅਤੇ ਕਈ ਹੋਰ ਕਮੇਟੀਆਂ ਦੇ ਮੈਂਬਰ ਵੀ ਰਹੇ।

ਸਾਧੂ ਸਿੰਘ ਹਮਦਰਦ ਨੂੰ ਮਾਨ-ਸਨਮਾਨ ਵੀ ਬਹੁਤ ਮਿਲੇ ਜਿਵੇਂ ਕੁਝ ਇਸ ਪ੍ਰਕਾਰ ਹਨ। 'ਗ਼ਜ਼ਲ' (ਗ਼ਜ਼ਲ ਸੰਗ੍ਰਹਿ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ, 'ਗਿਆਨੀ' ਵਿਚ ਪਾਠ-ਪੁਸਤਕ ਨਿਯੁਕਤ। 'ਗ਼ਜ਼ਲ ਦੇ ਰੰਗ' (ਗ਼ਜ਼ਲ ਸੰਗ੍ਰਹਿ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੰਮੂ ਯੂਨੀਵਰਸਿਟੀ, ਜੰਮੂ ਅਤੇ ਦਿੱਲੀ ਯੂਨੀਵਰਸਿਟੀ ਵੱਲੋਂ ਐੱਮ.ਏ. (ਪੰਜਾਬੀ) ਵਿਚ ਪਾਠ-ਪੁਸਤਕ ਨਿਯੁਕਤ ਕੀਤੀ ਗਈ। 'ਗ਼ਜ਼ਲ' (ਗ਼ਜ਼ਲ ਸੰਗ੍ਰਹਿ) ਨੂੰ ਡਾ. ਤਰਲੋਕ ਸਿੰਘ ਟਰੱਸਟ ਵੱਲੋਂ ਵੀ ਇਨਾਮ ਦਿੱਤਾ ਗਿਆ। 'ਗ਼ਜ਼ਲ' (ਗ਼ਜ਼ਲ ਸੰਗ੍ਰਹਿ) ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸਰਵੋਤਮ ਕਾਵਿ ਪੁਸਤਕ ਇਨਾਮ (1963) ਵਿਚ, 'ਅੱਖੀਂ ਡਿੱਠਾ ਰੂਸ' ਸਫ਼ਰਨਾਮਾ ਨੂੰ ਪੰਜਾਬ ਸਰਕਾਰ ਵੱਲੋਂ, 'ਸ਼੍ਰੋਮਣੀ ਪੱਤਰਕਾਰ' ਸਨਮਾਨ (1982) ਵਿਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ, 'ਪਦਮ ਸ਼੍ਰੀ' ਸਨਮਾਨ (ਜਨਵਰੀ 1984) ਵਿਚ ਭਾਰਤ ਸਰਕਾਰ ਵੱਲੋਂ, ਇਹ 'ਪਦਮ ਸ਼੍ਰੀ' ਸਨਮਾਨ ਸੰਨ 1984 ਵਿਚ, 'ਸਾਕਾ ਨੀਲਾ ਤਾਰਾ' ਵਿਰੁੱਧ ਰੋਸ ਵਜੋਂ ਹਮਦਰਦ ਸਾਹਿਬ ਨੇ ਵਾਪਸ ਕਰ ਦਿੱਤਾ।


ਸਾਧੂ ਸਿੰਘ 'ਹਮਦਰਦ' ਨੇ ਬਿਨਾਂ ਸਿਫ਼ਾਰਸ਼, ਬਿਨਾਂ ਰਿਸ਼ਵਤ ਆਪਣੀ ਕਲਮ ਦੇ ਜ਼ੋਰ 'ਤੇ ਲੋਕਪ੍ਰਿਅਤਾ ਖੱਟੀ ਹੈ। ਉਨ੍ਹਾਂ ਦੀ ਯਾਦਦਾਸ਼ਤ ਪੂਰੀ ਕਾਇਮ ਸੀ, ਬੋਲੀ ਵਿਚ ਮਿਠਾਸ ਸੀ, ਉਨ੍ਹਾਂ ਕੋਲ ਅਥਾਹ ਗਿਆਨ ਸ਼ਬਦਾਂ ਦਾ ਭੰਡਾਰ (ਖ਼ਜ਼ਾਨਾ) ਸੀ, ਆਸ਼ਾਵਾਦੀ ਹੋਣ ਕਰਕੇ ਹਮੇਸ਼ਾ ਪੂਰੀ ਲਗਨ ਨਾਲ ਕੰਮ ਕਰਦੇ ਸਨ, ਅੱਕਣਾ, ਥੱਕਣਾ, ਜੱਕਣਾ ਕਦੇ ਉਨ੍ਹਾਂ ਦੀ ਜ਼ਿੰਦਗੀ 'ਚ ਰੋੜਾ ਨਹੀਂ ਸੀ ਬਣਿਆ। ਚਾਨਣ ਦੇ ਵਣਜਾਰੇ ਦੀਆਂ ਨੇਕੀ ਦੀਆਂ ਗੱਲਾਂ ਹੱਟੀ, ਭੱਠੀ, ਸੱਥੀਂ ਸਦਾ ਚਲਦੀਆਂ ਹੀ ਰਹਿੰਦੀਆਂ ਸਨ। ਉਨ੍ਹਾਂ ਦੀ ਕਲਮ ਦਾ ਇੱਕ-ਇੱਕ ਸ਼ਬਦ ਲਿਖਿਆ ਲੋਕ, ਪਾਠਕ ਵਾਰ-ਵਾਰ ਦੁਹਰਾਉਂਦੇ ਰਹਿੰਦੇ ਸਨ। ਉਨ੍ਹਾਂ ਦੇ ਲਿਖੇ ਸ਼ਬਦ, ਵਾਕ ਲੋਕ ਜ਼ੁਬਾਨ 'ਤੇ ਆਪ-ਮੁਹਾਰੇ ਚੜ੍ਹਦੇ ਸਨ। ਇਹ ਉਨ੍ਹਾਂ ਦੀ ਲਗਨ, ਸ਼ੌਕ, ਦ੍ਰਿੜ੍ਹਤਾ, ਮਿਹਨਤ ਦਾ ਫ਼ਲ ਸੀ ਜੋ ਉਨ੍ਹਾਂ ਨੂੰ ਪ੍ਰਸ਼ੰਸਾ ਦੇ ਰੂਪ 'ਚ ਜ਼ਿੰਦਗੀ ਦੇ ਨਾਲ-ਨਾਲ ਮਿਲਦਾ ਰਿਹਾ। ਲੋਕਾਂ ਦੇ ਮਿਲੇ ਪਿਆਰ ਸਤਿਕਾਰ ਨਾਲ ਉਨ੍ਹਾਂ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ। ਪੰਜਾਬ ਅਤੇ ਪੰਜਾਬੀਅਤ ਨਾਲ ਉਨ੍ਹਾਂ ਦੀ ਗੂੜ੍ਹੀ ਸਾਂਝ ਸੀ। ਉਹ ਆਪਣੀਆਂ ਲਿਖਤਾਂ ਵਿਚ ਜਨ-ਜੀਵਨ ਦੇ ਦਰਸ਼ਨ ਕਰਵਾਉਂਦੇ ਸਨ। ਲੋਕਾਂ ਦੀ ਰਹਿਣੀ-ਬਹਿਣੀ, ਰਸਮੋ-ਰਿਵਾਜ਼, ਖ਼ੁਸ਼ੀਆਂ-ਗ਼ਮੀਆਂ ਹਮਦਰਦ ਦੀਆਂ ਲਿਖਤਾਂ ਵਿਚ ਆਮ ਝਲਕਦੀਆਂ ਹਨ। ਹਰ ਗੱਲ ਸਪੱਸ਼ਟ ਆਖਣ ਵਾਲੇ ਦੀ ਬੋਲੀ ਢੁਕਵੀਂ-ਫੱਬਵੀਂ, ਸੋਹਣੀ ਤੇ ਬੌਧਿਕ ਗੁਣਾਂ ਨਾਲ ਭਰਪੂਰ ਹੈ। ਹਮਦਰਦ ਸਾਹਿਬ ਦੂਰ ਤੱਕ ਵੇਖਣ, ਪਰਖਣ ਦੀ ਸੋਝੀ ਰੱਖਦੇ ਸਨ। ਉਹ ਆਪਣੀਆਂ ਲਿਖਤਾਂ ਵਿਚ ਕੁਦਰਤੀ ਸੁੰਦਰਤਾ ਤੇ ਮਨੁੱਖੀ ਸੁੰਦਰਤਾ ਦੇ ਵਧੀਆ ਤੋਂ ਵਧੀਆ ਨਮੂਨੇ ਆਪਣੀਆਂ 'ਗ਼ਜ਼ਲਾਂ' ਵਿਚ ਪੇਸ਼ ਕਰਦੇ ਸਨ।

ਹਮਦਰਦ ਸਾਹਿਬ ਲਿਖਣ ਵਿਚ ਬਹੁਤ ਹੀ ਜ਼ਿਆਦਾ ਮਿਹਨਤ ਕਰਦੇ ਸਨ। ਇਸ ਕਰਕੇ ਹੀ ਉਹ ਲੋਕ ਦਿਲਾਂ ਨੂੰ ਭਾਏ ਸਨ ਉਨ੍ਹਾਂ ਸਮਾਜ ਨੂੰ ਬਹੁਤ ਵੱਡੀ ਦੇਣ ਦਿੱਤੀ, ਇਸ ਲਈ ਸਮਾਜ ਵੀ ਉਨ੍ਹਾਂ ਨੂੰ ਕਦੇ ਨਹੀਂ ਭੁਲਾਉਂਦਾ। ਕੁਦਰਤ ਨੇ ਹਮਦਰਦ ਸਾਹਿਬ ਨੂੰ ਅਜਿਹੇ

ਦਿਮਾਗ਼ ਦੀ ਬਖ਼ਸ਼ਿਸ਼ ਕੀਤੀ ਸੀ, ਜਿਸ ਸਦਕਾ ਉਨ੍ਹਾਂ ਪੰਜਾਬੀ ਸਾਹਿਤ ਵਿਚ ਅਜਿਹੀਆਂ ਵਿਲੱਖਣ ਪੈੜਾਂ ਪਾਈਆਂ ਕਿ ਅੱਜ ਵੀ ਹਮਦਰਦ ਸਾਹਿਬ ਦਾ ਨਾਂ ਸੰਸਾਰ ਵਿਚ ਧਰੂ-ਤਾਰੇ ਵਾਂਗ ਚਮਕਦਾ ਹੈ। ਉਨ੍ਹਾਂ ਸਮਾਜ ਦੀਆਂ ਅਜਿਹੀਆਂ ਅਟੱਲ ਸੱਚਾਈਆਂ ਨੂੰ ਲੋਕਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਜੋ ਅੱਜ ਵੀ ਅਟੱਲ ਹਨ।

ਸਾਧੂ ਸਿੰਘ ਹਮਦਰਦ ਸਿੱਖ ਪੰਥ ਨੂੰ ਬਹੁਤ ਪਿਆਰ ਕਰਦੇ ਸਨ। ਸਿੱਖ ਕੌਮ ਤਾਂ ਉਨ੍ਹਾਂ ਦੀ ਜਿੰਦ-ਜਾਨ ਸੀ। ਜਦ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ 'ਸਾਕਾ ਨੀਲਾ ਤਾਰਾ' ਵਾਪਰਿਆ ਤਾਂ ਹਮਦਰਦ ਤੋਂ ਇਹ ਅਤਿਅੰਤ ਦੀ ਦਿਲ ਦਹਿਲਾਉਣ ਵਾਲੀ ਘਟਨਾ ਦਾ ਦੁਖਾਂਤ ਸਹਾਰਿਆ ਨਾ ਗਿਆ। ਉਸ ਸਮੇਂ ਹਮਦਰਦ ਦਾ ਅਜੀਤ ਦੇ ਸੰਪਾਦਕੀ ਲੇਖਾਂ ਵਿਚ ਇਕ-ਇਕ ਸ਼ਬਦ ਲਿਖਿਆ ਪੜ੍ਹਨ ਯੋਗ ਸੀ ਜੋ ਮਨ ਨੂੰ ਟੁੰਬਦਾ ਸੀ। 'ਸਾਕਾ ਨੀਲਾ ਤਾਰਾ' ਦੀ ਅਤਿਅੰਤ ਦੁਖਦਾਈ ਘਟਨਾ ਨੇ ਉਨ੍ਹਾਂ ਦੇ ਦਿਲ ਨੂੰ ਵਲੂੰਧਰਿਆ ਕਿ ਹਮਦਰਦ ਸਾਹਿਬ 29 ਜੁਲਾਈ, 1984 ਨੂੰ 66 ਸਾਲ ਦੀ ਉਮਰ ਭੋਗ ਕੇ ਦੁਨੀਆਂ ਨੂੰ ਅਲਵਿਦਾ ਆਖ ਗਏ। ਭਾਵੇਂ ਅੱਜ ਸ. ਸਾਧੂ ਸਿੰਘ 'ਹਮਦਰਦ' ਸਾਡੇ ਵਿਚਕਾਰ ਤਾਂ ਨਹੀਂ ਰਹੇ ਪਰ ਉਨ੍ਹਾਂ ਦੀਆਂ ਸਦੀਵੀ ਲਿਖਤਾਂ ਉਨ੍ਹਾਂ ਦੀ ਯਾਦ ਨੂੰ ਸਦਾ ਤਰੋ-ਤਾਜ਼ਾ ਰੱਖ ਰਹੀਆਂ ਹਨ। 'ਸਾਧੂ ਸਿੰਘ ਹਮਦਰਦ ਟਰੱਸਟ' ਦਾ ਪ੍ਰਬੰਧਕੀ ਬੋਰਡ, ਸਮੂਹ ਸਟਾਫ਼ ਅਤੇ ਉਨ੍ਹਾਂ ਦੇ ਲਾਡਲੇ ਸਪੁੱਤਰ ਡਾ. ਬਰਜਿੰਦਰ ਸਿੰਘ ਹਮਦਰਦ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਖਰੇ ਉਤਰ ਰਹੇ ਹਨ। ਅੱਜ ਸਾਧੂ ਸਿੰਘ ਹਮਦਰਦ ਟਰੱਸਟ ਸਮਾਜ ਲਈ ਚਾਨਣ ਮੁਨਾਰਾ ਬਣਿਆ ਹੋਇਆ ਹੈ ਆਪਣੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਅ ਰਹੇ ਹਨ। ਇਸੇ ਤਰ੍ਹਾਂ ਹੀ ਪੰਜਾਬੀ ਬੋਲੀ ਦੇ ਲਾਡਲੇ ਸਪੁੱਤਰ ਸ: ਸਾਧੂ ਸਿੰਘ 'ਹਮਦਰਦ' ਜੀ ਦਾ ਨਾਂ ਰਹਿੰਦੀ ਦੁਨੀਆਂ ਤੱਕ ਅਮਰ ਰਹੇਗਾ।

ਪਿੰਡ ਤੇ ਡਾਕ- ਰਾਮਪੁਰਾ
ਜ਼ਿਲ੍ਹਾ ਬਠਿੰਡਾ (ਪੰਜਾਬ)-151103
98786-06963



## ਨਵੇਂ ਸਾਲ ਦਿਆ ਸੂਰਜਾ

**ਬਲਵਿੰਦਰ ਸਿੰਘ ਜੰਮੂ**

ਚੜ੍ਹ ਆ ਚੜ੍ਹ ਆ ਨਵੇਂ ਸਾਲ ਦਿਆ ਸੂਰਜਾ।
ਮਹਿਕਾਂ ਖਿੰਡਾ ਨਵੇਂ ਸਾਲ ਦਿਆ ਸੂਰਜਾ।
ਮੁਹੱਬਤਾਂ ਦੇ ਬੁੱਝੇ ਦੀਵਿਆਂ ਨੂੰ ਜਗਾ ਦੇ,
ਇਹ ਕਰਮ ਕਮਾ ਨਵੇਂ ਸਾਲ ਦਿਆ ਸੂਰਜਾ।
ਮਹਿਫ਼ਲਾਂ ਸਜਾ ਗ਼ਮ ਪੀੜਾਂ ਨੂੰ ਹਟਾ,
ਰੁੱਸੇ ਮਨਾਅ ਨਵੇਂ ਸਾਲ ਦਿਆ ਸੂਰਜਾ।
ਮਨ ਦੀਆਂ ਮੁਰਾਦਾਂ ਸੱਭੇ ਹੋਣ ਪੂਰੀਆਂ,
ਮੰਜ਼ਿਲਾਂ ਰੁਸ਼ਨਾ ਨਵੇਂ ਸਾਲ ਦਿਆ ਸੂਰਜਾ।
ਘਰ-ਘਰ ਖ਼ੁਸ਼ੀਆਂ ਦੀ ਵੰਝਲੀ ਵਜਾਈਂ ,
ਪ੍ਰੀਤਾਂ ਖਿੰਡਾ ਨਵੇਂ ਸਾਲ ਦਿਆ ਸੂਰਜਾ।
ਬੰਦ ਬੂਹੇ ਕਿਸਮਤਾਂ ਦੇ ਖੋਲ੍ਹ ਦੇਈਂ ਸਾਰੇ ,
ਰਾਹਾਂ ਰੁਸ਼ਨਾ ਨਵੇਂ ਸਾਲ ਦਿਆ ਸੂਰਜਾ।
ਵੰਡੀਏ ਪਿਆਰ ਦੇਈਏ ਵੱਡਿਆਂ ਨੂੰ ਸਤਿਕਾਰ ,
ਇਹ ਸਭ ਨੂੰ ਸਿਖਾ ਨਵੇਂ ਸਾਲ ਦਿਆ ਸੂਰਜਾ।
ਆਸਾਂ ਹੋਣ ਪੂਰੀਆਂ ਵੰਡੀਏ ਚੂਰੀਆਂ।
ਦੂਰੀਆਂ ਮਿਟਾ ਨਵੇਂ ਸਾਲ ਦਿਆ ਸੂਰਜਾ।
ਹੱਸੀਏ ਖੇਡੀਏ ਤੇ ਖ਼ੁਸ਼ੀਆਂ ਮਨਾਈਏ,
ਕਰੀਏ ਵਫ਼ਾ ਨਵੇਂ ਸਾਲ ਦਿਆ ਸੂਰਜਾ।
ਸਰਹੱਦਾਂ 'ਤੇ ਝੰਡਾ ਅਮਨ ਦਾ ਝੁੱਲਦਾ ਰਵੇ,
'ਬਲਵਿੰਦਰ' ਕਰੇ ਦੁਆ ਨਵੇਂ ਸਾਲ ਦਿਆ ਸੂਰਜਾ।

ਪਿੰਡ ਤੇ ਡਾਕ: ਮੀਰਾ ਸਾਹਿਬ
ਤਹਿ ਤੇ ਜ਼ਿਲ੍ਹਾ- ਜੰਮੂ ਸਾਊਥ।
94196-36562

# ਅੱਜ ਦੇ ਸਮੇਂ ਦਾ ਮਾਨਸਿਕ ਤਣਾਓ



ਕੰਵਲਜੀਤ ਕੌਰ ਜੁਨੇਜਾ

ਲੱਗਦਾ ਹੈ ਕਿ ਜਿਵੇਂ ਅਸੀਂ ਓਪਰਾ ਜਿਹਾ ਜਿਊਣਾ ਸ਼ੁਰੂ ਕਰ ਦਿੱਤਾ ਹੈ, ਫੇਸਬੁੱਕ ’ਤੇ ਸੁਨੇਹੇ ਪਾਉਂਦੇ ਹਾਂ ਅੱਜ ਮੇਰਾ ਜਾਂ ਫਲਾਣੇ ਰਿਸ਼ਤੇਦਾਰ ਦਾ ਜਨਮ ਦਿਨ ਹੈ ਵਧਾਈਆਂ ਦਿਓ, ਅਸੀਂ ਕੁਦਰਤੀ ਜਿਊਣਾ ਕਿਉਂ ਭੁੱਲਦੇ ਜਾ ਰਹੇ ਹਾਂ। ਇਨ੍ਹਾਂ ਚੀਜ਼ਾਂ ਨਾਲ ਅਪਣੱਤ ਬਹੁਤ ਦੂਰ ਹੁੰਦੀ ਜਾ ਰਹੀ ਹੈ, ਬਸ ਦਿਖਾਵੇ ਹੀ ਦਿਖਾਵੇ ਰਹਿ ਗਏ ਹਨ, ਜਨਮ ਦਿਨ ਸਾਲ-ਗਿਰ੍ਹਾ ਤਾਂ ਅੱਗੇ ਵੀ ਹੁੰਦੀਆਂ ਸਨ ਪਰ ਕਦੇ ਕਿਸੇ ਨੇ ਫੋਨ ਤੇ ਇਹ ਨਹੀਂ ਸੀ ਕਿਹਾ ਕਿ ਮੈਨੂੰ ਵਧਾਈਆਂ ਦਿਓ, ਇਹ ਚੀਜ਼ਾਂ ਡਿਪਰੈਸ਼ਨ ਦਾ ਕਾਰਨ ਬਣ ਰਹੀਆਂ ਹਨ, ਬੰਦੇ ਨੂੰ ਹਰ ਵੇਲੇ ਰੌਣਕ ਜਿਹੀ ਚੰਗੀ ਲੱਗਦੀ ਹੈ, ਥੋੜ੍ਹੀ ਦੇਰ ਕੋਈ ਸੁਨੇਹਾ ਨਾ ਆਵੇ ਤਾਂ ਉਹ ਆਪਣੇ ਆਪ ਨੂੰ ਇਕੱਲਾ ਸਮਝਣ ਲੱਗ ਜਾਂਦਾ ਹੈ, ਇਹ ਇਕੱਲਾਪਣ ਉਹਨੂੰ ਚਿੜ੍ਹਨ ਨੂੰ ਮਜਬੂਰ ਕਰ ਦਿੰਦਾ ਹੈ, ਬੰਦਾ ਅੱਜ ਦੇ ਸਮੇਂ ਵਿੱਚ ਅੰਦਰੋਂ ਖੁਸ਼ ਨਹੀਂ ਹੈ, ਉਹ ਖੁਸ਼ੀ ਬਾਹਰੋਂ ਭਾਲ ਰਿਹਾ ਹੈ।

ਬਹੁਤ ਦੂਰ ਨਾ ਜਾਵਾਂ ਅੱਜ ਕੱਲ੍ਹ ਦੇ ਨੌਜਵਾਨ ਹੀ ਵੇਖ ਲਓ ਬਾਹਰ ਜਾਣ ਲਈ ਤੱਤਪਰ ਹੈ, ਉਹ ਘਰ ਰਹਿ ਕੇ ਕੰਮ ਨਹੀਂ ਕਰਨਾ ਚਾਹੁੰਦਾ, ਉਹ ਬਾਹਰ ਜਾ ਕੇ ਟੈਕਸੀ ਚਲਾਉਣ ਨੂੰ ਤਿਆਰ ਹੈ, ਇੱਕ ਰੀਸ ਦਾ ਦੌਰ ਹੈ ਤੇ ਇਕ ਬਹਾਨਾ ਵੀ ਹੈ ਇੱਥੇ ਕੰਮ ਕਾਰ ਕੋਈ ਨਹੀਂ, ਸਚਾਈ ਤੋਂ ਦੂਰ ਭੱਜਣਾ ਚਾਹੁੰਦਾ ਹੈ, ਮੁਸ਼ਕਲਾਂ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਚਾਹੁੰਦਾ, ਬਸ ਇੱਕੋ ਰਟ ਇੱਥੇ ਰੁਜ਼ਗਾਰ ਦੇ ਸਾਧਨ ਨਹੀਂ ਹਨ ਬਾਹਰ ਜਾ ਕੇ ਕੰਮ ਮਿਲ ਜਾਏਗਾ ਨਾ ਹੀ ਉੱਥੋਂ ਦੀਆਂ ਸਰਕਾਰਾਂ ਨੇ ਤੁਹਾਨੂੰ ਕੋਈ ਟਿਕਟਾਂ ਭੇਜ ਦੇਣੀਆਂ ਹਨ ਤੇ ਨਾ ਹੀ ਉੱਥੇ ਰਹਿਣ ਦਾ ਕਿਸੇ ਨੇ ਜਾਂਦਿਆਂ ਹੀ ਪ੍ਰਬੰਧ ਕਰ ਦੇਣਾ ਹੈ, ਮਾੜਾ ਮੋਟਾ ਬਸੇਰਾ ਛੱਡ ਕੇ ਜੇ ਕੋਈ ਅਸਮਾਨ ਦੇ ਥੱਲੇ ਆਪ ਸੌਣਾ ਚਾਹੇ ਤਾਂ ਕੋਈ ਕੀ ਕਰ ਸਕਦਾ ਹੈ, ਨਾ ਬਾਹਰ ਜਾ ਕੇ ਤੁਹਾਡੇ ਨਾਲ ਕਿਸੇ ਦੀ ਕੋਈ ਜਾਣ ਪਛਾਣ, ਨਾ ਕੋਈ ਕਿਸੇ ਦੇ ਆਵੇ ਨਾ ਜਾਵੇ, ਜੇ ਤੁਸੀਂ ਉੱਥੇ ਮੰਨ ਲਓ ਸੈੱਟ ਹੋ ਵੀ ਗਏ ਕੋਈ ਕੰਮ ਮਿਲ ਵੀ ਗਿਆ ਤਾਂ ਹਰਜਾਨਾ ਮਾਂ ਪਿਓ ਭਰਦੇ ਹਨ, ਤੁਹਾਨੂੰ ਕੋਈ ਕੰਮ ਵਾਸਤੇ ਉੱਥੇ ਮਿਲਦਾ ਨਹੀਂ ਤੇ ਤੁਸੀਂ ਕੰਮ ਵਾਸਤੇ ਮਾਂ-ਪਿਓ ਨੂੰ ਸੱਦ ਲੈਂਦੇ ਹੋ।

ਜੀਵਨ ਇਨ੍ਹਾਂ ਕਠਨ ਨਹੀਂ ਹੈ, ਜਿੰਨਾ ਸਭ ਨੇ ਰਲ ਕੇ ਬਣਾ ਲਿਆ ਹੈ, ਭਗਤੀ ਵੀ ਕਰੀ ਜਾਂਦੇ ਹਨ, ਭਗਤੀ ਦੇ ਰਾਹ ’ਤੇ ਚਲਦੇ ਵੀ ਨਹੀਂ, ਕਈ ਡਾਕਟਰ ਵੇਖੇ ਹਨ ਜੋ ਪ੍ਰਾਈਵੇਟ ਪ੍ਰੈਕਟਿਸ ਕਰਦੇ ਹਨ, ਬੱਚੇ ਉਨ੍ਹਾਂ ਦੇ ਬਾਹਰ ਸੈੱਟ ਹਨ। ਚਾਰ-ਚਾਰ, ਪੰਜ-ਪੰਜ ਕੋਠੀਆਂ ਦੇ ਮਾਲਕ ਹਨ ਇੱਥੇ, ਇਨ੍ਹਾਂ ਲਈ ਗ਼ਰੀਬ ਅਮੀਰ ਸਭ ਬਰਾਬਰ ਹਨ, ਕਦੀ ਇਨ੍ਹਾਂ ਨੂੰ ਕਿਸੇ ’ਤੇ ਦਇਆ ਨਹੀਂ ਆਈ ਕਿ ਜੇ ਕੋਈ ਫ਼ੀਸ ਨਹੀਂ ਭਰ ਸਕਦਾ, ਕੋਈ ਨੇਕ ਕੰਮ ਹੀ ਕਰ ਲਏ, ਫ਼ੀਸ ਹੀ ਅੱਧੀ ਲੈ ਲਏ, ਪਤਾ ਨਹੀਂ ਫਿਰ ਇਹ ਕਿਸ ਲਈ ਇੰਨਾ ਕੁਝ ਜੋੜ ਰਹੇ ਹਨ, ਬਸ ਇੱਕੋ ਅਰਦਾਸ ਪੂਜਾ ਹੁੰਦੀ ਹੈ ਰੱਬ ਹੋਰ ਦੇ, ਹੋਰ ਦੇ, ਇਹ ਕਹਿੰਦੇ ਕਦੇ ਨਹੀਂ ਸੁਣਿਆ ਕਿ ਇੰਨਾ ਦੇ ਕੇ ਮੈਂ ਕਿਸੇ ਜ਼ਰੂਰਤਮੰਦ ਦਾ ਸਹਾਰਾ ਬਣ ਸਕਾਂ।

ਆਪਣੇ ਬੱਚਿਆਂ ਨੂੰ ਜਨਮ ਦਿਨ ਆਦਿ ’ਤੇ ਮਹਿੰਗੀਆਂ-ਮਹਿੰਗੀਆਂ ਕਾਰਾਂ ਖ਼ਰੀਦ ਕੇ ਦੇ ਸਕਦੇ ਹੋ, ਗ਼ਰੀਬ ਦਾ ਬੱਚਾ ਮੰਨ ਲਓ ਤੁਹਾਡੇ ਆਪਣੇ ਘਰ ਕੋਈ ਨੌਕਰ ਜਾਂ ਨੌਕਰਾਣੀ ਕੰਮ ਕਰਦੀ ਹੈ, ਤੁਸੀਂ ਉਸ ਦੇ ਬੱਚੇ ਨੂੰ ਨਵੀਂ ਖਿਡੌਣੇ ਵਾਲੀ ਕਾਰ ਵੀ ਨਹੀਂ ਲੈ ਕੇ ਦੇ ਸਕਦੇ, ਹਾਂ ਜਦੋਂ ਤੁਹਾਡਾ ਬੱਚਾ ਰੱਜ ਜਾਂਦਾ ਹੈ ਖੇਡ ਕੇ ਫਿਰ ਤੁਸੀਂ ਚੁੱਕ ਕੇ ਫੜਾ ਦਿੰਦੇ ਹੋ।

ਨਾ ਬੱਚੇ ਬਚਪਨ ਮਾਣ ਰਹੇ ਹਨ, ਨਾ ਜਵਾਨ ਜਵਾਨੀ ਮਾਣ ਰਿਹਾ ਹੈ, ਬੁਢਾਪੇ ਬਾਰੇ ਕੁਝ ਆਖਣ ਦੀ ਲੋੜ ਹੀ ਨਹੀਂ, ਬੁਢਾਪਾ ਚੁੱਪ ਹੈ, ਬਸ ਦੇਖ ਰਿਹਾ ਹੈ, ਪਰ ਪ੍ਰੇਸ਼ਾਨ ਬਹੁਤ ਹੈ ਲਾਚਾਰ ਬਹੁਤ ਹੈ, ਬੇਬਸ ਹੈ, ਕੁਝ ਬੋਲ ਨਹੀਂ ਸਕਦਾ, ਸਮਝਾ ਨਹੀਂ ਸਕਦਾ, ਆਪਣੀ ਇੱਜ਼ਤ ਆਪਣੇ ਹੱਥ ਹੈ।

ਇਹ ਮਾਨਸਿਕ ਤਣਾਅ ਇੰਨਾ ਵਧ ਚੁੱਕਾ ਹੈ ਕਿ ਬੰਦਾ

ਆਪਣੇ ਆਪ ਤੋਂ ਪ੍ਰੇਸ਼ਾਨ ਹੈ, ਕਾਢਾਂ ਨਿਕਲਦੀਆਂ ਹਨ ਪਰ ਉਨ੍ਹਾਂ ਕਾਢਾਂ ਦਾ ਕੀ ਫ਼ਾਇਦਾ ਜਿਹਦੇ ਵਿਚ ਬੰਦਾ ਖੁੱਲ੍ਹ ਕੇ ਜੀਅ ਹੀ ਨਾ ਸਕੇ, ਘਰ ਟੁੱਟ ਰਹੇ ਹਨ, ਸ਼ੱਕ ਜਨਮ ਲੈ ਰਿਹਾ ਹੈ, ਸਦਵਰਤੋਂ ਘੱਟ ਦੁਰਵਰਤੋਂ ਸੁਵਰਤੋਂ ਹੋਈ ਹੈ।

'ਇਕ ਨੂੰ ਕੀ ਰੋਂਦੀ ਹੈਂ, ਊਤ ਗਿਆ ਆਵਾ' ਜਦ ਅਕਲ ਹੀ ਗਹਿਣੇ ਪੈ ਜਾਏ ਤਾਂ ਫੇਰ ਸਮਝਦਾਰੀ ਵੀ ਪਿੱਛੇ ਰਹਿ ਜਾਂਦੀ ਹੈ, ਮਾਨਸਿਕ ਤਣਾਅ ਵਿਚੋਂ ਨਿਕਲਣਾ ਬਹੁਤ ਜ਼ਰੂਰੀ ਹੈ, ਇਹ ਬਹੁਤ ਬਿਮਾਰੀਆਂ ਬੀ.ਪੀ., ਸ਼ੂਗਰ, ਸਰਵਾਈਕਲ ਨੂੰ ਜਨਮ ਦੇ ਰਿਹਾ ਹੈ, ਆਪਣੇ ਆਪ ਨੂੰ ਸਮਝੋ, ਦੂਜਿਆਂ ਨੂੰ ਸਮਝਾਓ। ਇਸ ਅੰਨ੍ਹੇ ਖੂਹ ਵਿੱਚੋਂ ਬਾਹਰ ਨਿਕਲਣ ਦਾ ਯਤਨ ਕਰੋ, ਸਮਾਂ ਤਾਂ ਲੱਗੇਗਾ ਪਰ ਨਤੀਜੇ ਬਹੁਤ ਸੋਹਣੇ ਤੇ ਆਸ਼ਾਵਾਦੀ ਸਾਹਮਣੇ ਆਉਣਗੇ।

370, ਸੈਕਟਰ-2, ਰੋਹਤਕ(ਹਰਿਆਣਾ)
92543-10659



## ਲੋਹੜੀ

ਮਲਕੀਅਤ ਬਸਰਾ

ਅੱਜ ਲੋਹੜੀ ਆਈ ਏ ਘਰ-ਘਰ ਹੋਣ ਖੁਸ਼ੀਆਂ।
ਬੜੀ ਖੁਸ਼ੀ ਮਨਾਈ ਏ ਘਰ-ਘਰ ਹੋਣ ਖੁਸ਼ੀਆਂ।
ਕੁੜੀਆਂ ਤੇ ਮੁੰਡੇ ਸਭ ਰਲ
ਮਿਲ ਗਾਂਵਦੇ... ਰਲ ਮਿਲ..
ਖੁਸ਼ੀ-ਖੁਸ਼ੀ ਨਾਲ ਲੋਕੀਂ
ਲੋਹੜੀਆਂ ਨੇ ਪਾਂਵਦੇ..
ਲੋਹੜੀਆਂ ਨੇ ਪਾਂਵਦੇ।
ਬੜੀ ਖੁਸ਼ੀ ਮਨਾਈ ਏ ਘਰ-ਘਰ..,
ਅੱਜ ਲੋਹੜੀ ਆਈ ਏ ਘਰ-ਘਰ..।
ਮੂੰਗਫਲੀ ਰਿਓੜੀਆਂ ਧੂਣੀ
ਲਾਗੇ ਖਾਂਵਦੇ.. ਧੂਣੀ ਲਾਗੇ..
ਈਸ਼ਰ ਆ ਦਲਿੱਦਰ ਜਾਹ
ਵੀ ਰਲ ਕੇ ਗਾਂਵਦੇ. ਰਲ ਕੇ..
ਖਿੱਲਾਂ ਗੱਚਕ ਵੀ ਵਰਤਾਈ ਏ ਘਰ ਘਰ ਹੋਣ
ਖੁਸ਼ੀਆਂ..
ਅੱਜ ਲੋਹੜੀ ਆਈ ਏ ਘਰ-ਘਰ
ਉੱਠੀ ਨੀ ਉੱਠੀ ਭਾਬੋ ਅੰਦਰ
ਨੂੰ ਜਾਈਂ ਤੂੰ.. ਅੰਦਰ ਨੂੰ
ਜਾਈਂ ਤੂੰ,
ਲੱਡੂਆਂ ਦਾ ਥਾਲ ਸਾਡੀ ਝੋਲੀ
ਵਿੱਚ ਪਾਈਂ ਤੂੰ.. ਝੋਲੀ ਵਿੱਚ..
ਭਾਬੋ ਗੀਗਾ ਲਿਆਈ ਏ ਘਰ
ਘਰ ਹੋਣ ਖੁਸ਼ੀਆਂ.....
ਅੱਜ ਲੋਹੜੀ ਆਈ ਏ ਘਰ-ਘਰ..।
ਕੁੜੀ ਅਤੇ ਮੁੰਡੇ ਵਿੱਚ ਫ਼ਰਕ
ਨਾ ਕੋਈ ਏ.. ਫ਼ਰਕ ਨਾ ਕੋਈ
ਕੁੜੀਆਂ ਦੀ ਲੋਹੜੀ ਵੀ
ਖੁਸ਼ੀਆਂ ਪਰੋਈ ਏ... ਖੁਸ਼ੀਆਂ..
'ਬਸਰਾ' ਗੁੜ ਰੋੜੀ ਭਰ ਲਿਆਈ
ਏ ਘਰ-ਘਰ ਹੋਣ ਖੁਸ਼ੀਆਂ...
ਅੱਜ ਲੋਹੜੀ ਆਈ ਏ ਘਰ-ਘਰ
ਹੋਣ ਖੁਸ਼ੀਆਂ... ਘਰ-ਘਰ ਹੋਣ ਖੁਸ਼ੀਆਂ...

#2097/44-ਸੀ, ਚੰਡੀਗੜ੍ਹ
94172-81854

# ਪਰਵਾਸੀ ਹੋਣ ਤੋਂ ਬਾਅਦ ਰਿਸ਼ਤਿਆਂ ਦੀ ਖਿੱਚ



ਦਿਲਬਾਗ ਸਿੰਘ

ਪਰਵਾਸ ਕਰਨਾ ਮਨੁੱਖ ਦੇ ਚਿਰਕਾਲੀਨ ਇਤਿਹਾਸ ਦਾ ਹਿੱਸਾ ਰਿਹਾ ਹੈ। ਪਰਵਾਸ ਕਰਦਾ ਹੋਇਆ ਮਨੁੱਖ ਹੀ ਮੌਜੂਦਾ ਰੂਪ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸੰਸਕ੍ਰਿਤੀਆਂ, ਸੱਭਿਆਚਾਰਾਂ ਅਤੇ ਸੰਸਥਾਵਾਂ ਨੂੰ ਵਿਕਸਿਤ ਕਰ ਸਕਿਆ ਹੈ। ਪਰਵਾਸ ਕਰਨ ਦੇ ਨਾਲ ਜਿੱਥੇ ਮਨੁੱਖ ਨੇ ਵਿਕਾਸ ਕੀਤਾ ਹੈ, ਉੱਥੇ ਹੀ ਉਹ ਸਮਾਜਿਕ ਤੰਦਾਂ ਦੀ ਵਿਸ਼ੇਸ਼ ਇਕਾਈ 'ਰਿਸ਼ਤਿਆਂ' ਤੋਂ ਦੂਰ ਹੋਇਆ ਹੈ। ਰਿਸ਼ਤੇ ਜਿੱਥੇ ਵਿਅਕਤੀ ਦੇ ਸਮਾਜਿਕ ਵਿਕਾਸ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ, ਉੱਥੇ ਵਿਅਕਤੀਤਵ ਵਿਕਾਸ ਦੇ ਲਈ ਰਿਸ਼ਤਿਆਂ ਦਾ ਅਹਿਮ ਮਹੱਤਵ ਹੈ। ਮੌਜੂਦਾ ਹਾਲਾਤਾਂ ਨਾਲ ਲੜਦਾ ਇਨਸਾਨ ਜੇ ਪਰਵਾਸੀ ਬਣਦਾ ਹੈ ਤਾਂ ਉਸ ਨੂੰ ਕਈ ਤਰ੍ਹਾਂ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਵਾਸੀ ਬਣਨਾ, ਜੋ ਉਹ ਖ਼ੁਦ ਚਾਹੁੰਦਾ ਵੀ ਨਹੀਂ ਹੈ ਪਰ ਸਮਾਜਿਕ ਨਜ਼ਰਾਂ ਵਿੱਚ ਉੱਚਾ ਉੱਠਣ ਲਈ ਉਹ ਪਰਵਾਸੀ ਬਣਨਾ ਪਸੰਦ ਕਰਦਾ ਹੈ। ਡਾਲਰਾਂ, ਦਨਾਰਾ ਵਿੱਚ ਜਾ ਕੇ ਪਰਵਾਸੀ ਰਿਸ਼ਤਿਆਂ ਨੂੰ ਕਿਸੇ ਹੋਰ ਨਜ਼ਰ ਨਾਲ ਦੇਖਣਾ ਸ਼ੁਰੂ ਕਰ ਦਿੰਦਾ ਹੈ। ਪਰ ਪਰਿਵਾਰ ਉਸ ਦੇ ਪੈਸੇ ਤੋਂ ਵੱਧ ਹੋਰ ਕੁਝ ਨਹੀਂ ਸੋਚਦੇ। ਰਿਸ਼ਤੇ ਉਸ ਤੋਂ ਕਾਫ਼ੀ ਦੂਰ ਹੋਣ ਕਰਕੇ ਵੀ ਉਸ ਲਈ ਹਮੇਸ਼ਾ ਖਿੱਚ ਦਾ ਕੇਂਦਰ ਬਣਦੇ ਰਹਿੰਦੇ ਹਨ। ਕੀ ਉਹ ਰਿਸ਼ਤਿਆਂ ਤੋਂ ਦੂਰ ਹੋ ਕੇ ਉਹ ਕੁਝ ਪ੍ਰਾਪਤ ਕਰ ਸਕਦਾ ਹੈ ਜੋ ਉਹ ਪਰਵਾਸੀ ਬਣ ਕੇ ਪਾ ਰਿਹਾ ਹੈ। ਇਸ ਉੱਪਰ ਵੀ ਗੰਭੀਰਤਾ ਨਾਲ ਵਿਚਾਰ ਕਰਨਾ ਬਣਦਾ ਹੈ।

ਜ਼ਿੰਦਗੀ ਰਿਸ਼ਤਿਆਂ ਦੀ ਸਿਰਜਣਾ ਅਤੇ ਸੰਭਾਲ ਦਾ ਵਿਸ਼ੇਸ਼ ਅਵਸਰ ਹੈ, ਪਰ ਜ਼ਿੰਦਗੀ ਦਾ ਕੀਮਤੀ ਪਲ ਉਹ ਪਦਾਰਥਕ ਮੋਹ ਵਿੱਚ ਫਸੇ ਲੋਕਾਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਪਹੁੰਚਾਉਂਦਾ ਹੈ। ਪਰ ਇੰਝ ਪ੍ਰਤੀਤ ਹੁੰਦਾ ਹੈ ਕਿ ਪਰਵਾਸੀ ਕਦੇ ਵੀ ਆਪਣੀ ਮੰਜ਼ਿਲ ਨੂੰ ਨਹੀਂ ਪਾ ਸਕਦਾ।

ਅੱਜ ਦੇ ਸਮੇਂ ਵਿੱਚ ਪਰਵਾਸੀ ਹੋਣਾ ਇੱਕ ਆਮ ਵਰਤਾਰਾ ਬਣ ਗਿਆ ਹੈ। ਜਿਸ ਵਿੱਚ ਅੱਜ ਦੀ ਨੌਜਵਾਨ ਜਵਾਨੀ ਆਪਣੇ ਬੁੱਢੇ ਮਾਂ-ਬਾਪ ਨੂੰ ਛੱਡ ਕੇ ਪਰਵਾਸੀ ਬਣ ਜਾਂਦੇ ਹਨ ਤੇ ਹਮੇਸ਼ਾ ਲਈ ਰਿਸ਼ਤਿਆਂ ਨੂੰ ਤਿਲਾਂਜਲੀ ਦੇ ਦਿੰਦੇ ਹਨ। ਨਵੀਂ ਗੱਡੀ, ਨਵੇਂ ਫੋਨ ਆਦਿ ਪਦਾਰਥ ਉਨ੍ਹਾਂ ਲਈ ਇੱਕ ਜ਼ਿੰਦਗੀ ਦੀ ਵੱਡੀ ਪ੍ਰਾਪਤੀ ਲੱਗਣ ਲੱਗ ਜਾਂਦੇ ਹਨ। ਸਮੇਂ ਦੇ ਚੱਕਰ ਵਿੱਚ ਚਲਦਿਆਂ ਉਨ੍ਹਾਂ ਦਾ ਆਪਣਾ ਮੌਜੂਦਾ ਸਮਾਂ ਸੁਨਹਿਰੀ ਲੱਗਣ ਜਾਂਦਾ ਹੈ। ਪੀ. ਆਰ. ਉਨ੍ਹਾਂ ਦੀ ਮੰਜ਼ਿਲ ਬਣ ਜਾਂਦੀ ਹੈ। ਤੇ ਡਾਲਰਾਂ ਦੇ ਪਿੱਛੇ ਭਜਦੇ ਉਹ ਰਿਸ਼ਤਿਆਂ ਨੂੰ ਕਾਫ਼ੀ ਪਿੱਛੇ ਛੱਡ ਆਉਂਦੇ ਹਨ। ਸਮੇਂ ਦੀ ਚਾਲ ਜਦੋਂ ਉਨ੍ਹਾਂ ਨੂੰ ਸਮਝ ਆਉਂਦੀ ਹੈ ਤਾਂ ਉਹ ਫਿਰ ਇਕੱਲੇ ਮਹਿਸੂਸ ਕਰਦੇ ਹਨ। ਫਿਰ ਰਿਸ਼ਤੇ ਲੱਭਦੇ ਹਨ, ਆਸਰਾ ਭਾਲਦੇ ਹਨ। ਆਪਣੀ ਪਤਨੀ, ਬੱਚਿਆਂ ਤੋਂ ਪਿਆਰ ਦੀ ਆਸ ਕਰਦੇ ਹਨ, ਉਸ ਤਰ੍ਹਾਂ ਦਾ ਸਤਿਕਾਰ ਭਾਲਦੇ ਹਨ ਜੋ ਕਾਫ਼ੀ ਸਮਾਂ ਡਾਲਰਾਂ ਦੇ ਮੋਹ ਕਾਰਨ ਉਹ ਪਿੱਛੇ ਛੱਡ ਆਉਂਦੇ ਹਨ। ਫਿਰ ਉਨ੍ਹਾਂ ਦੀ ਅੰਦਰਲੀ ਆਵਾਜ਼ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੋਈ ਨਹੀਂ ਸੁਣਦਾ।


ਇਕ ਪਰਵਾਸੀ ਹੋਇਆ ਮਨੁੱਖ ਫਿਰ ਉਸ ਜਗ੍ਹਾ ਵਿੱਚ ਆਪਣੇ-ਆਪ ਨੂੰ ਜ਼ਿੰਦਾ ਰੱਖਣ ਲਈ ਕਈ ਸਹਾਰੇ ਲੈਂਦਾ ਹੈ ਤੇ ਉਸ ਸਭਿਆਚਾਰ ਦੀ ਭਾਲ ਕਰਦਾ ਹੈ ਜੋ ਕਿ ਉਹ ਕਈ ਸਾਲ ਪਹਿਲਾਂ ਜਿਸ ਤੋਂ ਅੱਕ ਕੇ ਉਸ ਨੂੰ ਛੱਡ ਚੁੱਕਿਆ ਹੁੰਦਾ ਹੈ। ਫਿਰ ਉਹੀ ਵਿਦੇਸ਼ੀ ਘਰ ਉਸ ਨੂੰ ਕੈਦੀਆਂ ਵਾਲੀ ਜੇਲ੍ਹ ਲੱਗਣ ਲੱਗ ਜਾਂਦੀ ਹੈ ਤੇ ਡਾਲਰਾਂ ਵਿੱਚੋਂ ਉਸ ਨੂੰ ਆਪਣੀ ਮਿਹਨਤ ਦਾ ਪਸੀਨਾ ਨਹੀਂ ਆਪਣਾ ਲਹੂ ਦਿਸਣ ਲੱਗ ਜਾਂਦਾ ਹੈ।

ਪਰਵਾਸੀ ਬਣ ਕੇ ਮਨੁੱਖ ਨੇ ਪ੍ਰਾਪਤੀਆਂ ਤਾਂ ਹਾਸਿਲ ਕਰ ਲਈਆਂ ਪਰ ਮਾਂ-ਬਾਪ, ਭਰਾ, ਭੈਣ, ਸਾਕ ਸੰਬੰਧੀ ਸਭ ਕੁਝ ਉਸਦੀ ਜ਼ਿੰਦਗੀ ਵਿੱਚੋਂ ਅਲੋਪ ਹੋ ਜਾਂਦੇ ਹਨ। ਪਰਵਾਸ ਕਰਨਾ ਵੀ ਉਸ ਨੂੰ ਦੁਖਦਾਈ ਲਗਦਾ ਹੈ, ਕਿਉਂਕਿ ਜਿਨ੍ਹਾਂ ਨੂੰ ਉਹ ਛੱਡ ਕੇ ਗਿਆ ਸੀ ਉਹਨਾਂ ਵਿੱਚੋਂ ਕਈ ਬਸ ਫ਼ੋਟੋ ਦੇ ਫ਼ਰੇਮ ਵਿੱਚ ਹੀ ਦਿਸਦੇ ਹਨ। ਪਰਵਾਸੀ ਹੋਣ ਵਿੱਚ ਕੋਈ

ਹਰਜ਼ ਨਹੀਂ ਪਰ ਰਿਸ਼ਤਿਆਂ ਦੀ ਸਮਝ ਵਿੱਚ ਦੇਰੀ ਹੀ ਵਿਅਕਤੀ ਉੱਪਰ ਬੋਝ ਬਣ ਜਾਂਦੀ ਹੈ। ਉਨ੍ਹਾਂ ਨੂੰ ਫਿਰ ਲੱਭਦਾ-ਲੱਭਦਾ ਹੀ ਇਕ ਪਰਵਾਸੀ ਇਸ ਦੁਨੀਆਂ ਨੂੰ ਛੱਡ ਜਾਂਦਾ ਹੈ। ਜ਼ਿੰਦਗੀ ਦੀ ਦੌੜ ਜਾਂ ਸਮਾਜਿਕ ਨਜ਼ਰਾਂ ਵਿੱਚ ਵੀ ਉਹ ਸਫ਼ਲ ਹੁੰਦਾ ਹੈ ਪਰ ਉਹ ਆਪਣੀਆਂ ਨਜ਼ਰਾਂ ਵਿੱਚ ਅਸਫ਼ਲ ਹੀ ਮਹਿਸੂਸ ਕਰਦਾ ਹੈ।

ਬੇਸ਼ੱਕ ਮਨੁੱਖ ਆਪਣੀ ਪਰਵਾਸੀ ਹੋਣ ਦੀ ਪੁਰਾਣੀ ਖ਼ਸਲਤ ਨੂੰ ਛੱਡ ਨਹੀਂ ਸਕਦਾ, ਪਰ ਲੋੜ ਹੈ ਪਦਾਰਥਾਂ ਦੀ ਇਕੱਤਰਤਾ ਦੀ ਦੌੜ ਵਿੱਚ ਰਿਸ਼ਤੇ ਵੀ ਇਕ ਜੁੱਟ ਰਹਿਣ, ਤਾਂ ਜੋ ਇਕ ਪਰਵਾਸੀ ਸਮਾਜਿਕ ਤੰਦਾਂ ਦੇ ਮੁੱਖ ਅੰਗ 'ਰਿਸ਼ਤਿਆਂ' ਨਾਲ ਜੁੜਿਆ ਰਹੇ ਤੇ ਆਪਣੇ ਪਰਵਾਸੀ ਹੋਣ ਦੇ ਰੁਤਬੇ ਦੇ ਨਾਲ-ਨਾਲ ਆਪਣੀਆਂ ਮਾਨਵੀ ਰਹੁ-ਰੀਤਾਂ ਨੂੰ ਵੀ ਬਰਕਰਾਰ ਰੱਖ ਸਕੇ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
99155-76570



## ਉਲਟਾ ਦੌਰ

**ਜਸਵੀਰ ਸਿੰਘ ਮੌਜੀ**

ਜਗਮਗ ਜਗਦੇ ਦੀਵੇ ਦਿਲ ਦੇ,
ਕਾਹਨੂੰ ਛੱਡ ਕੇ ਰਿਸ਼ਮਾਂ ਬਹਿ ਗਏ।
ਅਸੀਂ ਨਿਹੱਥੇ ਬੁਜ਼ਦਿਲ ਹੋ ਗਏ,
ਜਾਂ ਫਿਰ ਡਾਕੂ ਲੁੱਟ ਕੇ ਲੈ ਗਏ।

ਐਂ ਕਿਉਂ ਦਿਲ ਦੇ ਟੁਕੜੇ ਕੱਢ ਕੇ,
ਇੱਕ-ਇੱਕ ਕਰਕੇ ਸੌਦੇ ਮਾਰੇ।
ਵਤਨੋਂ ਦੂਰ ਗਏ ਨਾ ਮੁੜਦੇ,
ਮਹਿਲ ਕੋਠੀਆਂ ਬੰਦ ਨੇ ਸਾਰੇ।

ਚੀਂ-ਚੀਂ ਕਰਦੀਆਂ ਚਿੜੀਆਂ ਦੇ ਝੁੰਡ,
ਪਾ-ਪਾ ਪਿੰਜਰੇ ਦੂਰ ਖਿਲਾਰੇ।
ਇਹ ਨਸਲਾਂ ਨੂੰ ਰਹਿਣ ਤਰਸਦੇ,
ਪ੍ਰਦੇਸ਼ ਗਏ ਨਾ ਆਉਣ ਦੁਬਾਰੇ।

ਚਾਚੀਆਂ ਤਾਈਆਂ ਮੁੱਕੀਆਂ ਭੂਆ,
ਚਾਚੇ ਤਾਏ ਵੀ ਨਾ ਰਹਿ ਗਏ।
ਦੇਸ਼ ਮੇਰੇ ਦੇ ਥੰਮ੍ਹ ਸੀ ਜਿਹੜੇ,
ਤੱਕਦੇ-ਤੱਕਦੇ ਪਲ ਵਿੱਚ ਢਹਿ ਗਏ।

ਨਵੀਂ ਜਵਾਨੀ ਹੱਥੋਂ ਖਿਸਕੀ,
ਨਾ ਸੱਥਾਂ ਨਾ ਤੀਆਂ ਰਹੀਆਂ।
ਇੱਕੋ ਇਸ਼ਕ ਵਿਦੇਸ਼ ਦਾ ਲੱਗਾ,
ਕਿਤੇ ਨਾ ਪਿੱਪਲੀ ਪੀਂਘਾਂ ਪਈਆਂ।

ਭੁੱਲੇ ਸਭ ਪੰਜਾਬੀ ਬਾਣੇ,
ਮਾਂ ਬੋਲੀ ਦੀਆਂ ਪਾੜੀਆਂ ਵਹੀਆਂ।
ਗੱਭਰੂ ਭੁੱਲੇ ਪੱਗ ਸਜਾਉਣੀ,
ਕੁੜੀਆਂ ਸਿਰ ਨਾ ਚੁੰਨੀਆਂ ਰਹੀਆਂ।

ਬਿਨਾਂ ਖਿੜੇ ਫੁੱਲ ਕੱਚੀਆਂ ਕਲੀਆਂ,
ਹੱਥੀ ਆਪ ਗਵਾ ਬੈਠੇ ਹਾਂ।
ਆਪਣੀ ਪੂੰਜੀ ਸਾਰੀ,
ਵਿਦੇਸ਼ ਦੇ ਲੇਖੇ ਲਾ ਬੈਠੇ ਹਾਂ।

ਮਹਿਲ ਕੋਠੀਆਂ ਸਾਰੇ ਛੱਡੇ,
ਧਰਤੀ ਗਹਿਣੇ ਪਾ ਬੈਠੇ ਹਾਂ।
ਸਵਰਗੋਂ ਸੋਹਣਾ ਦੇਸ਼ ਆਪਣਾ,
ਛੱਡ ਕੇ ਧੋਖਾ ਖਾ ਬੈਠੇ ਹਾਂ।

ਉੱਡਦਿਆਂ ਮਗਰ ਨਾ ਮੌਜੀ ਲੱਗੀਏ,
ਸੱਚ ਸਿਆਣੇ ਸਾਰੇ ਕਹਿ ਗਏ।
ਜਗਮਗ ਜਗਦੇ ਦੀਵੇ ਦਿਲ ਦੇ,
ਕਾਹਨੂੰ ਛੱਡ ਕੇ ਰਿਸ਼ਮਾਂ ਬਹਿ ਗਏ।

ਧਰਮਪੁਰਾ,
ਸਿਰਸਾ, (ਹਰਿਆਣਾ)
99928-64185

# ਰੂਪ



ਪਵਨਦੀਪ ਕੌਰ ਸੰਧੂ

17 ਵਰ੍ਹੇ ਹੋ ਗਏ ਸੀ ਵਿਆਹੀ ਨੂੰ 6 ਮਹੀਨੇ ਹੋ ਗਏ ਸੀ ਪਿਉ ਦੇ ਘਰ ਬੈਠੀ ਨੂੰ.... ਆਪਣਾ ਘਰ ਕਹਿ ਕੇ ਤੋਰਿਆ ਸੀ ਪਰ ਉਸ ਆਪਣੇ ਘਰ ਤੋਂ ਕੋਈ ਲੈਣ ਨਹੀਂ ਬਹੁੜਿਆ ਸੀ। ਸ਼ਾਇਦ ਉੱਥੇ ਕਿਸੇ ਨੂੰ ਲੋੜ ਨਹੀਂ ਸੀ ਉਸਦੀ...। ਜਿਸ ਨੇ ਲਾਵਾਂ ਲਈਆਂ ਸੀ, ਉਹ ਵੀ ਆਪਣਾ ਨਹੀਂ ਸੀ ਤੇ ਢਿੱਡੋਂ ਜੰਮੀਆਂ ਵੀ ਪਰਾਈਆਂ ਸੀ। ਦੁੱਖ ਤਾਂ ਬਹੁਤ ਸੀ ਇਸ ਗੱਲ ਦਾ ਕਿ ਬੱਚੇ ਵੀ ਮੂੰਹ ਮੋੜ ਗਏ ਸੀ.. ਪਰ ਸਮੇਂ ਨਾਲ ਉਹ ਕਠੋਰ ਹੋ ਗਈ ਸੀ। ਮਨ ਤਾਂ ਰੋਂਦਾ ਸੀ ਪਰ ਅੱਖ ਵਿੱਚੋਂ ਹੰਝੂ ਨਹੀਂ ਕਿਰਿਆ ਸੀ...। ਰੋਈ ਤਾਂ ਉਦੋਂ ਹੀ ਸੀ ਜਦ ਮਾਂ ਘਰੋਂ ਡੋਲੀ ਤੁਰੀ ਸੀ। ਹਰ ਕੁੜੀ ਵਾਂਗ ਉਸ ਨੂੰ ਵੀ ਵਿਆਹ ਨਾਲੋਂ ਜ਼ਿਆਦਾ ਗਹਿਣਿਆਂ ਦਾ, ਨਵੇਂ ਸੂਟਾਂ ਦਾ ਬਹੁਤ ਚਾਅ ਸੀ ਪਰ ਸਹੁਰੇ ਘਰ ਪਹੁੰਚ ਕੇ ਜਦ ਉਸ ਨੂੰ ਡੋਲੀ ਵਾਲੀ ਕਾਰ 'ਚੋਂ ਕਿਸੇ ਨੇ ਨਹੀਂ ਕੱਢਿਆ ਤਾਂ ਕਾਰ ਦੀ ਤਾਕੀ ਖੋਲ੍ਹ ਉਹ ਆਪ ਹੀ ਤੁਰ ਆਈ, ਵਿਹੜੇ ਵਿੱਚ ਪੂਰੀ ਰੌਣਕ ਸੀ। ਸਾਰਾ ਘਰ ਰੌਸ਼ਨੀ ਨਾਲ ਜਗਮਗਾ ਰਿਹਾ ਸੀ ਪਰ ਰੌਣਕ ਕਿਸ ਦੀ ਸੀ ਉਸਦੀ ਜਿਸਦਾ ਹੁਣੇ-ਹੁਣੇ ਵਿਆਹ ਹੋਇਆ ਸੀ ਕਿ ਉਸਦੇ ਜੇਠ ਦੇ ਵਿਆਹ ਦੀ ਜਿਸਦਾ 2 ਮਹੀਨੇ ਪਹਿਲਾ ਵਿਆਹ ਹੋਇਆ ਸੀ। ਸਾਰਾ ਮੇਲ਼ ਅਤੇ ਉਸਦੀ ਜੇਠਾਣੀ ਨਾਲ ਗਿੱਧੇ ਵਿੱਚ ਨੱਚ ਰਿਹਾ ਸੀ। ਇੰਨੇ ਨੂੰ ਇੱਕ ਮੇਲਣ ਨੇ ਉਸਨੂੰ ਦੇਖ ਲਿਆ ਤੇ ਬਾਂਹ ਤੋਂ ਫੜ ਕੇ ਕਮਰੇ ਵਿੱਚ ਬਿਠਾ ਦਿੱਤਾ....। ਬੈਠੀ ਬਾਹਰ ਗਿੱਧੇ ਵਿੱਚ ਪੈਂਦੀਆਂ ਬੋਲੀਆਂ ਸੁਣ ਰਹੀ ਸੀ ਪਰ ਕੋਈ ਨਾ ਉਸਦਾ ਮੂੰਹ ਮਿੱਠਾ ਕਰਾਉਣ ਆਇਆ, ਨਾ ਗਿੱਧੇ ਵਿੱਚ ਗੇੜਾ ਦਵਾਉਣ ਆਇਆ...। ''ਕਾਲੇ ਮੂੰਹ ਵਾਲੀ ਆਈ ਏ" ਇਹ ਸੁਣ ਰਿਹਾ ਸੀ ਉਸਨੂੰ।

ਅਗਲੇ ਦਿਨ ਸੱਸ ਨੇ ਲਾਗਣ ਨੂੰ ਹਟਾ ਦਿੱਤਾ ਤੇ ਵਿਆਹ ਵਾਲੇ ਸਾਰੇ ਕੱਪੜੇ ਉਸ ਅੱਗੇ ਧੋਣ ਨੂੰ ਸੁੱਟ ਦਿੱਤੇ। ਉਸ ਕੱਪੜੇ ਧੋਂਦੀ ਨੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰ-ਮਾਰ ਕੇ ਆਪਣੇ ਅੱਥਰੂ ਲੁਕਾਏ....। ਬਾਪ ਉਸਨੂੰ ਪਹਿਲੀ ਵਾਰ ਲੈਣ ਆਇਆ ਤਾਂ ਉਸਨੂੰ ਬਾਹਰਲੀ ਬੈਠਕ 'ਚ ਹੀ ਬਿਠਾ ਦਿੱਤਾ। ਜਦ ਉਸਨੇ ਵਿਹੜੇ ਵਿੱਚ ਚੁੱਲੇ 'ਤੇ ਕੰਮ ਕਰਦੀ ਨਵੀਂ ਵਿਆਹੀ ਧੀ ਨੂੰ ਦੇਖਿਆ ਤਾਂ ਉਸਦੇ ਪੈਰਾਂ ਥੱਲੋਂ ਜ਼ਮੀਨ ਨਿਕਲ ਗਈ ਅਜੇ ਚਾਰ ਤਾਂ ਦਿਨ ਹੋਏ ਸੀ ਉਸਨੂੰ ਵਿਆਹੀ ਨੂੰ........।

ਘਰ ਆ ਕੇ ਉਹ ਲੁਕ-ਲੁਕ ਕੇ ਬਹੁਤ ਰੋਈ ਅਖੇ ਘਰ ਦਾ ਕੰਮ ਤਾਂ ਮੈਂ ਆਪਣੀ ਮਰਜ਼ੀ ਨਾਲ ਹੀ ਕਰਨ ਲੱਗ ਪਈ ਸੀ। ਸਰਦਾਰ ਪਿਉ ਦੀ ਧੀ ਸੀ ਜੇ ਕਹਿੰਦੀ ਮੈਂ ਨਹੀਂ ਜਾਣਾ ਤਾਂ ਲੋਕ ਕੀ ਗੱਲਾਂ ਕਰਦੇ, ਉਸਦੇ ਪਿਉ ਦੀ ਕੀ ਇੱਜ਼ਤ ਰਹਿੰਦੀ...। ਸਹੁਰੇ ਘਰ ਜਾ ਕੇ ਹੁਣ ਉਸ ਨਾਲ ਮਾਰ ਕੁੱਟ ਵੀ ਸ਼ੁਰੂ ਹੋ ਗਈ ਸੀ। ਕਸੂਰ ਸੀ ਉਸਦਾ ਕਿ ਸੋਹਣੀ ਨਹੀਂ ਸੀ ਰੰਗ ਪੱਕਾ ਸੀ..। ਸਾਰਾ ਦਿਨ ਘਰ ਦਾ ਕੰਮ ਕਰਦੀ ਕਿਸੇ ਕੰਮ 'ਚ ਉਸਦੀ ਸਲਾਹ ਨਾ ਲਈ ਜਾਂਦੀ। ਕਦੇ-ਕਦੇ ਸੋਚਦੀ ਕਿ ਬਾਪੂ ਕਿਵੇਂ ਉਸਨੂੰ ਸਾਰਾ ਹਿਸਾਬ ਕਰਨ ਨੂੰ ਕਹਿੰਦਾ ਸੀ। ਕੀਹਨੂੰ ਕਿੰਨੇ ਪੈਸੇ ਦੇਣੇ ਆ, ਕਿਸ ਤੋਂ ਕਿੰਨੇ ਲੈਣੇ ਆਂ, ਕਿੰਨਾ ਵਿਆਜ ਬਣ ਗਿਆ, ਕਿਹੜੀ ਮੱਝ ਲਵੇਰੀ ਆ, ਕਿਹੜੀ ਪਹਿਲਣ ਆ ਸਭ ਜਾਣਦੀ ਸੀ ਤੇ ਨਵੇਂ ਪਰਿਵਾਰ 'ਚ ਉਨੀ ਹੀ ਬੇਕਦਰੀ ਸੀ।

ਸਮਾਂ ਪੈਂਦਿਆਂ ਧੀ ਨੇ ਉਸ ਘਰ ਜਨਮ ਲਿਆ ਹੁਣ ਉਸਨੂੰ ਮਾਰ ਰੋਜ਼ ਹੀ ਖਾਣੀ ਪੈਂਦੀ ਸੀ..। ਠੰਢਾਂ ਦੇ ਦਿਨ ਸੀ ਸਵੇਰੇ ਉੱਠੀ ਤਾਂ ਵਾਲਾਂ ਵਿੱਚ ਲਹੂ ਜੰਮਿਆਂ ਹੋਇਆ ਸੀ ਉਸਨੇ ਕੰਨ ਵੇਖਿਆ ਤਾਂ ਵਾਲੀ ਨਹੀਂ ਸੀ ਉਸ ਵਿੱਚ, ਜੋ ਕਿ ਰਾਤ ਉਸਨੂੰ ਕੁੱਟਦਿਆਂ ਘਰਵਾਲੇ ਦਾ ਕੜਾ ਅੜਨ ਕਰਕੇ ਕੰਨ ਪਾੜ ਕੇ ਕਿਧਰੇ ਗਵਾਚ ਗਈ ਸੀ ਪਰ ਹੁਣ ਉਸਨੂੰ ਫ਼ਰਕ ਨਹੀਂ ਸੀ ਪੈਂਦਾ। ਉਹ ਅਣਗਿਣਤ ਕੁੱਟਾਂ ਖਾ-ਖਾ ਕੇ

ਸਰੀਰ ਤੇ ਮਨ ਵੱਲੋਂ ਕਠੋਰ ਹੋ ਗਈ ਸੀ...। ਕਰੜੀ ਹੱਡੀ ਆ ਕੰਮ ਨੂੰ ਤਗੜੀ ਆ ਜੀ ਕੁੜੀ ਪਰ ਉਹਨਾਂ ਨੇ ਕੰਮ ਦੇ ਨਾਲ-ਨਾਲ ਕੁੱਟ ਖਾਣ ਵਿੱਚ ਵੀ ਤਗੜੀ ਬਣਾ ਲਈ ਸੀ। ਕਸੂਰ ਬੱਸ ਇਹ ਸੀ ਕਿ ਰੰਗ ਦੀ ਪੱਕੀ ਸੀ। ਬਾਕੀ ਪਿਉ ਨੇ ਦੇਣ ਵਿੱਚ ਕੋਈ ਕਸਰ ਨਹੀਂ ਛੱਡੀ ਸੀ ਪਰ ਕਿਸਮਤ ਸੀ ਜਿਸ ਅੱਗੇ ਪਿਉ ਦੇ ਦਿੱਤੇ ਨਾਲ ਵੀ ਕੁਝ ਨਾ ਹੋਇਆ..। ਰੋਂਦੀ ਜਦ ਤੁਰ ਗਈ ਮਾਂ ਦੇ ਪਿਆਰ ਦਾ ਨਿੱਘ ਚੇਤੇ ਆਉਂਦਾ। ਇੱਥੇ ਕੋਈ ਉਸਨੂੰ ਗਰਮੀ ਸਰਦੀ ਸੂਟ ਵੀ ਨਾ ਲੈ ਕੇ ਦਿੰਦਾ ਦੋ ਰੋਟੀਆਂ ਬਦਲੇ ਸਾਰਾ ਦਿਨ ਕੰਮ ਕਰਦੀ....। ਮਾਂ ਗਈ ਨੂੰ ਚਾਰ ਸਾਲ ਹੋ ਗਏ ਸੀ ਤੇ ਰੋਜ਼ ਵਾਂਗੂੰ ਸ਼ੀਸ਼ੇ ਅੱਗੇ ਵਾਲ ਵਾਂਉਦੀ ਨੇ ਆਪਣੇ ਆਪ ਨੂੰ ਅਵਾਜ਼ ਮਾਰੀ "ਰੂਪ''.... ਤੇ ਭੁੱਬਾਂ ਮਾਰ-ਮਾਰ ਰੋਈ ਮਾਂ ਦੇ ਜਾਣ ਤੋਂ ਬਾਅਦ ਕਿਸੇ ਨੇ ਉਹਨੂੰ ਨਾਂ ਲੈ ਕੇ ਨਹੀਂ ਬੁਲਾਇਆ ਸੀ ਤੇ ਉਹਨੂੰ ਅੱਜ ਤੱਕ ਸਮਝ ਨਹੀਂ ਆਈ ਸੀ ਕਿ ਮਾਂ ਨੇ ਉਸਦਾ ਨਾਂ "ਰੂਪ" ਕਿਉਂ ਰੱਖਿਆ ਸੀ।

68-ਸੀ, ਪ੍ਰੋਫੈਸਰ ਕਲੋਨੀ,
ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ
98140-10529



## ਤੇ ਨਰ ਦੋਜਕ ਜਾਹਿਗੇ...

**ਮਹਿੰਗਾ ਸਿੰਘ ਕਲਸੀ**

ਰੱਬ ਨੇ ਬਣਾਏ ਬੰਦੇ, ਬਿਨਾਂ ਭੇਦ ਵਿਚਾਰਦੇ।
ਨਰ ਉਹ ਦੋਜਕ ਜਾਂਦੇ, ਜੋ ਜਾਤ ਨੂੰ ਉਭਾਰਦੇ।
ਇਕੋ ਜਿਹੀਆਂ ਅੱਖਾਂ, ਕੰਨ ਨੱਕ ਨੇ ਮਨੁੱਖ ਦੇ।
ਜਿਵੇਂ ਹਰੇ ਹਰੇ ਪੱਤੇ, ਹਰ ਇੱਕ ਰੁੱਖ ਦੇ।
ਰੱਬ ਨੂੰ ਨਹੀਂ ਉਹ ਭਾਉਂਦੇ, ਜੋ ਜਾਤ ਨੂੰ ਚਿਤਾਰਦੇ।
ਰੱਬ ਨੇ......................................।

ਰੰਗ ਲਾਲ ਖ਼ੂਨ ਦਾ ਹੈ, ਗ਼ਰੀਬ ਤੇ ਅਮੀਰ ਦਾ।
ਇਕੋ ਜਿਹਾ ਦੁੱਖ ਹੋਵੇ, ਸਭ ਦੇ ਸਰੀਰ ਦਾ।
ਹੁੰਦੇ ਉਹ ਖ਼ੁਆਰ, ਜੋ ਉਚ ਨੀਚ ਨੂੰ ਪੁਕਾਰਦੇ।
ਰੱਬ ਨੇ.....................................।

ਪੁੱਤ ਜਿਸਦਾ ਹੋਵੇ ਤੰਗ, ਉਹਦੀ ਮਾਂ ਨੂੰ ਦੁੱਖ ਹੈ।
ਲੱਗਦੀ ਸਰੀਰ ਨੂੰ ਹੀ, ਇਕੋ ਜਿਹੀ ਭੁੱਖ ਹੈ।
ਸਭ ਦੇ ਲਈ ਖੁੱਲ੍ਹੇ ਹਨ, ਗੁਰੂ ਘਰ ਦੇ ਦੁਆਰ ਨੇ।
ਰੱਬ ਨੇ.....................................।

ਗੁਰੂ ਗ੍ਰੰਥ ਹੈ ਵਿਸ਼ਾਲ, ਵਿੱਚ ਭਗਤ ਸਮਾਏ ਨੇ।
ਰਵਿਦਾਸ, ਕਬੀਰ, ਨਾਮਦੇਵ, ਬਰਾਬਰ ਬਿਠਾਏ ਨੇ।
ਕਰੋ ਸਤਿਕਾਰ 'ਕਲਸੀ', ਜੋ ਰੱਬ ਨੂੰ ਪਿਆਰਦੇ।
ਰੱਬ ਨੇ ਬਣਾਏ ਬੰਦੇ, ਬਿਨਾਂ ਭੇਦ ਵਿਚਾਰ ਦੇ।

ਐਚ.ਐਲ.-127, ਫੇਜ਼-1,
ਮੁਹਾਲੀ-ਪੰਜਾਬ
94172-77387

**ਮਾਤਾ ਪਿਤਾ ਦੀ ਸੇਵਾ ਕਰਨ ਨਾਲ ਸਾਰੇ ਤੀਰਥਾਂ ਦਾ ਫਲ ਘਰ ਬੈਠਿਆਂ ਹੀ ਮਿਲ ਜਾਂਦਾ ਹੈ।**
**ਸਵਾਮੀ ਵਿਵੇਕਾਨੰਦ**

# ਇੱਕ ਪ੍ਰੈਸੈਂਟ



ਜਤਿੰਦਰ ਮੋਹਨ

.. ਤੇ ਆਖ਼ਰ ਜ਼ਿੰਦਗੀ ਦਾ ਆਖ਼ਰੀ ਪੈਂਡਾ ਮੁਕਾ ਕੇ ਗੁਰਦੇਵ ਕੌਰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। ਬਲਦੇਵ ਤੇ ਗੁਰਮੇਲ ਨਿਰਾਸ਼ ਹੋ ਕੇ ਬੈਠ ਗਏ। ਰੱਬ ਅੱਗੇ ਕੀਹਦਾ ਜ਼ੋਰ ਸੀ। ਦੋਵੇਂ ਪਿਉ ਪੁੱਤ ਉਸ ਨੂੰ ਯਾਦ ਕਰਕੇ ਰੋਂਦੇ ਰਹਿੰਦੇ ਪਰ ਹੁਣ ਉਸ ਨੇ ਵਾਪਸ ਥੋੜ੍ਹਾ ਆਉਣਾ ਸੀ। ਦਿਨ ਨਿਕਲਦੇ-ਨਿਕਲਦੇ ਮਹੀਨੇ ਵੀ ਨਿਕਲ ਗਏ। ਲੋਕਾਂ ਲਈ ਗੁਰਦੇਵ ਕੌਰ ਪੁਰਾਣੀ ਹੋ ਗਈ ਪਰ ਉਨ੍ਹਾਂ ਨੂੰ ਅਜੇ ਵੀ ਯਾਦ ਆਉਂਦੀ ਰਹਿੰਦੀ। ਭਾਵੇਂ ਵਕਤ ਨਿਕਲਣ ਤੇ ਦੁੱਖ ਘਟ ਗਿਆ ਸੀ। ਹੁਣ ਘਰ ਦੇ ਸਾਰੇ ਕੰਮ ਬਲਦੇਵ ਜਾਂ ਗੁਰਮੇਲ ਨੂੰ ਹੀ ਕਰਨੇ ਪੈਂਦੇ। ਚਾਹੇ ਘਰ ਦੀ ਸਫ਼ਾਈ ਹੋਵੇ ਜਾਂ ਰੋਟੀ ਟੁੱਕ ਤੋਂ ਲੈ ਕੇ, ਚਾਹ ਪਾਣੀ ਤੱਕ ਦੋਵੇਂ ਘਰ ਦੇ ਕੰਮਾਂ ਨੂੰ ਪੂਰੀ ਲਗਨ ਨਾਲ ਕਰਦੇ। ਹਾਂ ਕਦੇ-ਕਦੇ ਗ਼ਮ ਭੁਲਾਉਣ ਲਈ ਦੋਵੇਂ ਬੈਠ ਕੇ ਘੁੱਟ-ਘੁੱਟ ਸ਼ਰਾਬ ਵੀ ਪੀ ਲੈਂਦੇ ਪਰ ਉਨ੍ਹਾਂ ਦੇ ਦਿਨ ਦੋਹਾਂ ਦੇ ਆਪਸੀ ਸੁਰ ਕਾਰਨ ਸੋਹਣੇ ਨਿਕਲ ਰਹੇ ਸਨ। ਗੁਰਮੇਲ ਨੇ ਬੀ. ਏ. ਕਰ ਲਈ ਤੇ ਉਹ ਨੌਕਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਉਸ ਦੀ ਮਿਹਨਤ ਰੰਗ ਲਿਆਈ ਇੱਕ ਦਿਨ ਉਸਦੀ ਇੱਛਾ ਪੂਰੀ ਹੋ ਗਈ ਤੇ ਉਹ ਇੱਕ ਸਰਕਾਰੀ ਸਕੂਲ ਵਿੱਚ ਕਲਰਕ ਲੱਗ ਗਿਆ। ਗੁਰਮੇਲ ਸਕੂਲ ਚਲਾ ਜਾਂਦਾ ਤੇ ਬਲਦੇਵ ਘਰ ਦੇ ਕੰਮ-ਕਾਰ ਕਰਦਾ। ਕਦੇ-ਕਦੇ ਉਹ ਸ਼ਹਿਰ ਵੀ ਗੇੜਾ ਮਾਰਨ ਚਲਾ ਜਾਂਦਾ ਤੇ ਉੱਥੋਂ ਘਰ ਦਾ ਨਿੱਕਾ ਮੋਟਾ ਸਮਾਨ ਤੇ ਸਬਜ਼ੀ ਵਗ਼ੈਰਾ ਲੈ ਆਉਂਦਾ। ਦਿਨ ਨਿਕਲਦੇ ਕਿਹੜਾ ਦੇਰ ਲੱਗਦੀ ਹੈ। ਗੁਰਮੇਲ ਨੂੰ ਨੌਕਰੀ ਕਰਦਿਆਂ ਤਿੰਨ ਸਾਲ ਬੀਤ ਗਏ। ਕਈ ਰਿਸ਼ਤੇ ਗੁਰਮੇਲ ਲਈ ਆਏ ਪਰ ਇਹ ਦੋਵਾਂ ਪਿਉ ਪੁੱਤਾਂ ਦੇ ਹਿਸਾਬ 'ਚ ਨਾ ਆਉਣ ਕਾਰਨ ਸਿਰੇ ਨਾ ਚੜ੍ਹੇ।

ਇਕ ਦਿਨ ਦੋਵੇਂ ਪਿਓ-ਪੁੱਤ ਬੈਠੇ ਗੱਲਾਂ ਕਰ ਰਹੇ ਸਨ ਤਾਂ ਗੁਰਮੇਲ ਆਪਣੇ ਪਿਤਾ ਬਲਦੇਵ ਨੂੰ ਕਹਿਣ ਲੱਗਾ,

"ਪਾਪਾ ਜੀ, ਜੇ ਆਪਾਂ ਸ਼ਹਿਰ ਰਹਿਣ ਲੱਗ ਪਈਏ ?"

"ਕਿਉਂ?"

"ਦੇਖੋ ਨਾ ਤਾਂ ਆਪਣੇ ਕੋਲ ਕੋਈ ਜ਼ਮੀਨ ਐਂ ਨਾ ਕੋਈ ਪਿੰਡ 'ਚ ਕਾਰੋਬਾਰ। ਫੇਰ ਸ਼ਹਿਰ ਤੇ ਪਿੰਡ 'ਚ ਕੋਈ ਫ਼ਰਕ ਨਹੀਂ। ਪੈਸੇ ਦੇਣੇ ਨੇ ਭਾਵੇਂ ਸ਼ਹਿਰ ਹੋਵੇ ਜਾਂ ਪਿੰਡ।"

"ਹਾਂ , ਇਹ ਤਾਂ ਠੀਕ ਹੈ ਹੁਣ ਤਾਂ ਪਿੰਡਾਂ ਤੇ ਸ਼ਹਿਰਾਂ 'ਚ ਕੋਈ ਬਹੁਤਾ ਫ਼ਰਕ ਨਹੀਂ। ਸਾਰੀਆਂ ਚੀਜ਼ਾਂ ਈ ਮੁੱਲ ਵਿਕਦੀਆਂ ਨੇ।"

"ਫਿਰ ਕਿਉਂ ਨਾ ਆਪਾਂ ਸ਼ਹਿਰ ਚਲ ਪਈਏ ?"

"ਬਸ ਗੁਰਮੇਲ ਆਹ ਪਿੰਡ ਦਾ ਮੋਹ ਐ ਨਹੀਂ ਤਾਂ ਤੇਰੀ ਗੱਲ ਠੀਕ ਐ।"

"ਪਾਪਾ ਜੀ, ਉੱਥੇ ਵੀ ਮੋਹ ਪੈ ਜੂ।" ਗੁਰਮੇਲ ਨੇ ਹੱਸ ਕੇ ਕਿਹਾ।

"ਚੱਲ ਦੇਖ ਲੈ।" ਕਹਿਕੇ ਦੋਵੇਂ ਜਣੇ ਆਪੋ ਆਪਣੇ ਕੰਮ ਕਰਨ ਲੱਗ ਪਏ। ਗੁਰਮੇਲ ਘਰ ਸਾਫ਼ ਕਰਨ ਲੱਗਾ ਤੇ ਬਲਦੇਵ ਕੱਦੂ ਦੀ ਸਬਜ਼ੀ ਕੱਟਣ ਲੱਗ ਪਿਆ।

ਕੁਝ ਕੁ ਦਿਨ ਬੀਤੇ ਤਾਂ ਗੁਰਮੇਲ ਨੇ ਇਕ ਸ਼ਾਮ ਘਰ ਆ ਕੇ ਆਪਣੇ ਪਿਤਾ ਬਲਦੇਵ ਨੂੰ ਸ਼ਹਿਰ ਵਿਚ ਘਰ ਦੇਖਣ ਵਾਲੀ ਗੱਲ ਦੱਸੀ। ਬਲਦੇਵ ਦੇ ਘਰ ਪਸੰਦ ਆ ਗਿਆ ਤੇ ਉਨ੍ਹਾਂ ਨੇ ਉਹ ਘਰ ਕਿਰਾਏ ’ਤੇ ਲੈ ਲਿਆ। ਥੋੜ੍ਹੇ ਦਿਨਾਂ ਬਾਅਦ ਉਹ ਪਿੰਡ ਛੱਡ ਕੇ ਕਾਲਾਂਵਾਲੀ ਰਹਿਣ ਲੱਗ ਪਏ। ਇਹ ਸ਼ਹਿਰ ਉਨ੍ਹਾਂ ਦੇ ਘਰੋਂ ਕੋਈ ਪੰਦਰਾਂ ਕੁ ਕਿਲੋਮੀਟਰ ਦੂਰ ਸੀ। ਸ਼ਹਿਰ 'ਚ ਰਹਿੰਦਿਆਂ ਬਲਦੇਵ ਦੀ ਉੱਥੋਂ ਦੇ ਗੁਆਂਢੀਆਂ ਨਾਲ ਚੰਗੀ ਜਾਣ-ਪਛਾਣ ਹੋ ਗਈ। ਦੋਵੇਂ ਪਿਉ-ਪੁੱਤ ਦੇ ਚੰਗੇ ਸੁਭਾਅ ਕਾਰਨ ਉੱਥੇ ਵੀ ਉਹ ਲੋਕਾਂ ਵਿਚ

ਰਚ-ਮਿਚ ਗਏ। ਗੁਰਮੇਲ ਨੌਕਰੀ ਕਰਨ ਚਲਾ ਜਾਂਦਾ ਬਲਦੇਵ ਘਰ ਰਹਿੰਦਾ। ਕਦੇ-ਕਦੇ ਉਹ ਬਾਹਰ ਪਾਰਕ ਵਿੱਚ ਬੈਠੇ ਲੋਕਾਂ ਵਿਚ ਵੀ ਚਲਾ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਦੇ ਚੰਗੇ ਦਿਨ ਨਿਕਲਣ ਲੱਗੇ। ਇਕ ਦਿਨ ਦੋਵੇਂ ਪਿਉ-ਪੁੱਤ ਬੈਠੇ ਕਬੀਲਦਾਰੀ ਦੀਆਂ ਗੱਲਾਂ ਕਰ ਰਹੇ ਸਨ ਤਾਂ ਬਲਦੇਵ ਨੇ ਆਪਣੇ ਪੁੱਤਰ ਗੁਰਮੇਲ ਨੇ ਕਿਹਾ,

"ਗੁਰਮੇਲ ?"

"ਹਾਂ, ਪਾਪਾ ਜੀ।"

"ਜੇ ਤੂੰ ਕਹੇਂ ਤਾਂ ਮੈਂ ਦਿਨੇ ਕੋਈ ਕੰਮ ਕਰ ਲਿਆ ਕਰਾਂ ?"

"ਕਿਉਂ ?"

"ਨਾਲੇ ਤਾਂ ਟਾਈਮ ਪਾਸ ਹੋਜੂ ਨਾਲੇ ਦੋ ਰੁਪਈਏ ਆ ਜਾਣਗੇ। "

"ਮੈਂ ਕਮਾਈ ਤਾਂ ਜਾਨਾ।"

"ਨਹੀਂ ਆਪਾਂ ਨੇ ਘਰ ਵੀ ਖ਼ਰੀਦਣੈ ਜੇ ਚਾਰ ਪੈਸੇ 'ਕੱਠੇ ਹੋ ਗਏ ਤਾਂ ਸੌਖਾ ਹੋ ਜੂ।"

"ਕੀ ਕਰੋਂਗੇ ?"

"ਆਹ ਗੁਦਾਮ 'ਚ ਦਿਨੇ ਡਿਊਟੀ ਮਿਲਦੀ ਐ। "

"ਪਾਪਾ ਜੀ ਲੋਕ ਕੀ ਕਹਿਣਗੇ .....।"

"ਲੋਕਾਂ ਦੀ ਪਰਵਾਹ ਨਹੀਂ ਮੰਨੀਦੀ ਚੋਰੀ ਠੱਗੀ ਮਾੜੀ ਐ ਮਿਹਨਤ ਨਹੀਂ। "

"ਥੋਡੀ ਮਰਜੀ ਐ।"

"ਯਾਰ ਟਾਈਮ ਪਾਸ ਵੀ ਹੋ ਜੂ।"

"ਦੇਖ ਲੋ।"

ਬਲਦੇਵ ਵੀ ਇੱਕ ਗੁਦਾਮ ਦੀ ਰਾਖੀ ਕਰਨ ਦਿਨ ਵੇਲੇ ਜਾਣ ਲੱਗਾ। ਦੋਵੇਂ ਪਿਉ-ਪੁੱਤ ਕੰਮ 'ਤੇ ਜਾ ਕੇ ਪੂਰੇ ਖੁਸ਼ ਸਨ। ਗੁਰਮੇਲ ਦੇ ਲਈ ਹੋਰ ਵੀ ਕਈ ਰਿਸ਼ਤੇ ਆਏ। ਆਖ਼ਰ ਇਕ ਰਿਸ਼ਤਾ ਉਨ੍ਹਾਂ ਦੇ ਪਸੰਦ ਆ ਗਿਆ। ਲੜਕੀ ਬੀ. ਏ. ਪਾਸ ਸੀ ਪਰ ਕਿਸੇ ਨੌਕਰੀ 'ਤੇ ਨਹੀਂ ਸੀ। ਵਿਚੋਲੇ ਦੀਆਂ ਸਿਫ਼ਤਾਂ ਨੇ ਦੋਹਾਂ ਨੂੰ ਹਾਂ ਕਰਨ ਵਾਸਤੇ ਮਜਬੂਰ ਕਰ ਦਿੱਤਾ। ਲੜਕੀ ਉਨ੍ਹਾਂ ਨੂੰ ਪਸੰਦ ਸੀ। ਰਿਸ਼ਤਾ ਹੋ ਗਿਆ। ਦੋਵੇਂ ਪਿਉ ਪੁੱਤ ਘਰ ਆਉਣ ਵਾਲੇ ਨਵੇਂ ਮਹਿਮਾਨ ਬਾਰੇ ਸੋਚਦੇ। ਦੋਹਾਂ ਦੇ ਕੋਣ ਵੱਖਰੇ-ਵੱਖਰੇ ਸਨ। ਬਲਦੇਵ ਆਪਣੇ ਬੁਢਾਪੇ ਬਾਰੇ ਸੋਚ ਕੇ ਦੇਖਦਾ ਕਿ ਉਸ ਦੀ ਹੋਣ ਵਾਲੀ ਨੂੰਹ ਉਸਦੀ ਚੰਗੀ ਆਓ ਭਗਤ ਕਰੇਗੀ। ਉੱਥੇ ਗੁਰਮੇਲ ਨੂੰ ਆਪਣੇ ਜੀਵਨ ਸਾਥੀ ਤੋਂ ਬਹੁਤ ਉਮੀਦਾਂ ਸਨ। ਕਦੇ-ਕਦੇ ਉਹ ਅੱਖਾਂ ਮੀਚ ਕੇ ਜਦੋਂ ਕਰਮਜੀਤ ਬਾਰੇ ਸੋਚਦਾ ਤਾਂ ਉਸ ਨੂੰ ਇੰਜ ਲੱਗਦਾ ਜਿਵੇਂ ਕਰਮਜੀਤ ਉਸ ਦੇ ਕੋਲ ਬੈਠੀ ਹੋਵੇ ਤੇ ਉਸ ਦੇ ਸਿਰ ਵਿਚ ਉਂਗਲਾਂ ਫੇਰ ਰਹੀ ਹੋਵੇ। ਆਖ਼ਰ ਅੱਸੂ ਦੇ ਮਹੀਨੇ ਗੁਰਮੇਲ ਦਾ ਵਿਆਹ ਹੋ ਗਿਆ। ਘਰ ਵਿੱਚ ਆਏ ਰਿਸ਼ਤੇਦਾਰਾਂ ਨੇ ਸਭ ਸ਼ਗਨ ਕੀਤੇ। ਇਸ ਵਕਤ ਗੁਰਮੇਲ ਤੇ ਬਲਦੇਵ ਨੂੰ ਗੁਰਦੇਵ ਕੌਰ ਦੀ ਬਹੁਤ ਯਾਦ ਆਈ। ਜੋ ਸ਼ਗਨ ਉਸਨੇ ਕਰਨੇ ਸਨ ਉਹ ਆਖ਼ਰ ਕਿਸੇ ਹੋਰ ਤੋਂ ਕਰਵਾਏ ਗਏ। ਸਮਾਂ ਆਪਣੀ ਚਾਲ ਚਲਦਾ ਗਿਆ। ਦੋਵੇਂ ਪਿਉ-ਪੁੱਤ ਆਪਣੇ ਕੰਮਾਂ 'ਤੇ ਚਲੇ ਜਾਂਦੇ। ਸ਼ਾਮ ਨੂੰ ਘਰ ਆਉਂਦੇ। ਘਰ ਦਾ ਗੁਜ਼ਾਰਾ ਵਧੀਆ ਚੱਲ ਰਿਹਾ ਸੀ। ਇਕ ਦਿਨ ਗੁਰਮੇਲ ਨੇ ਆਪਣੇ ਪਿਤਾ ਤੇ ਘਰਵਾਲੀ ਨੂੰ ਨਵਾਂ ਘਰ ਖ਼ਰੀਦਣ ਦੀ ਗੱਲ ਬਾਰੇ ਦੱਸਿਆ। ਉਹ ਵੀ ਖੁਸ਼ ਹੋ ਗਏ। ਉਹ ਉਨ੍ਹਾਂ ਨੂੰ ਘਰ ਦਿਖਾਉਣ ਲੈ ਗਿਆ। ਘਰ ਉਹਨਾਂ ਦੇ ਕਿਰਾਏ ਵਾਲੇ ਘਰ ਤੋਂ ਕੋਈ ਬਹੁਤੀ ਦੂਰ ਨਹੀਂ ਸੀ। ਇਹ ਘਰ ਦੋਹਾਂ ਦੇ ਪਸੰਦ ਆ ਗਿਆ। ਇਹ ਘਰ ਕਿਰਾਏ ਵਾਲੇ ਘਰ ਤੋਂ ਖੁੱਲ੍ਹਾ ਸੀ ਤੇ ਵਧੀਆ ਬਣਿਆ ਹੋਣ ਕਾਰਨ ਉਨ੍ਹਾਂ ਦੇ ਪਸੰਦ ਆ ਗਿਆ। ਦੋ ਤਿੰਨ ਦਿਨਾਂ ਬਾਅਦ ਦਲਾਲ ਨੇ ਵਿੱਚ ਪੈ ਕੇ ਸੌਦਾ ਕਰਵਾ ਦਿੱਤਾ। ਸਾਰੇ ਖ਼ਰਚੇ ਪਾ ਕੇ ਵੀਹ ਲੱਖ ਦੇ ਨੇੜੇ ਪਹੁੰਚ ਜਾਣਾ ਸੀ। ਬਲਦੇਵ ਖੁਸ਼ ਸੀ, ਕਰਮਜੀਤ ਖੁਸ਼ ਸੀ ਤੇ ਫੇਰ ਗੁਰਮੇਲ ਵੀ ਕਿਉਂ ਨਾ ਖੁਸ਼ ਹੁੰਦਾ ਉਹ ਵੀ ਪੂਰਾ ਖੁਸ਼ ਸੀ।

ਅੱਜ ਗੁਰਮੇਲ ਛੁੱਟੀ 'ਤੇ ਸੀ ਉਸ ਨੇ ਨਵੇਂ ਲਏ ਮਕਾਨ ਦੀ ਰਜਿਸਟਰੀ ਕਰਵਾਉਣੀ ਸੀ। ਬਲਦੇਵ ਨੇ ਵੀ ਛੁੱਟੀ ਲੈ ਲਈ। ਦੋਵੇਂ ਪਿਉ-ਪੁੱਤ ਤਹਿਸੀਲ ਪਹੁੰਚ ਗਏ। ਉੱਥੇ ਦਲਾਲ ਪਹਿਲਾਂ ਹੀ ਬੈਠਾ ਸੀ। ਉਨ੍ਹਾਂ ਨੇ ਰਜਿਸਟਰੀ ਲਿਖਣ ਵਾਲੇ ਨਾਲ ਗੱਲਬਾਤ ਕੀਤੀ ਤਾਂ ਉਹ ਕਹਿਣ ਲੱਗਾ,

"ਬਾਬੂ ਜੀ, ਰਜਿਸਟਰੀ ਹੋਊ ਸ਼ਾਮ ਨੂੰ ਹੁਣ ਆਪਾਂ

ਕਾਗਜ਼ ਪੂਰੇ ਕਰ ਲੈਨੇ ਆਂ।"

"ਕਿਉਂ , ਸ਼ਾਮ ਨੂੰ ਕਿਉਂ ?" ਬਲਦੇਵ ਨੇ ਪੁੱਛਿਆ।

"ਬਾਪੂ ਤੈਨੂੰ ਪਤਾ ਨਹੀਂ ਇਹ ਅਫ਼ਸਰ ਸ਼ਾਮ ਨੂੰ ਬੈਠਦੇ ਨੇ ਜਦੋਂ ਲੱਲੀ-ਛੱਲੀ ਟਲ ਜੇ। "ਬਲਦੇਵ ਸਮਝ ਗਿਆ ਤੇ ਹੱਸਿਆ, ਦੂਜੇ ਵੀ ਹੱਸ ਪਏ।

"ਕਿੰਨਾ ਖ਼ਰਚਾ ਆਜੂ ?" ਗੁਰਮੇਲ ਨੇ ਪੁੱਛਿਆ।

"ਖ਼ਰਚੇ ਦਾ ਹਿਸਾਬ ਲਾ ਲੈਨੇ ਆਂ ਪਰ ਜੇ ਤੁਸੀਂ ਲੇਡੀਜ਼ ਦੇ ਨਾਂ ਕਰਵਾਉਗੇ ਤਾਂ ਇੱਕ ਪ੍ਰਸੈਂਟ ਘੱਟ ਲੱਗੂ। "

"ਕਿੰਨਾ ਕੁ ਘੱਟ ਲੱਗੂ ?" ਗੁਰਮੇਲ ਨੇ ਪੁੱਛਿਆ।

"ਪੰਜ ਸੱਤ ਤਾਂ ਬਚੂ।" ਰਜਿਸਟਰੀ ਲਿਖਣ ਵਾਲਾ ਬੋਲਿਆ।

"ਕਿਉਂ ਪਾਪਾ ਜੀ ਕਿਵੇਂ ਕਰੀਏ ? "

"ਦੇਖਣਾ ਕੀ ਐ ਕਰਮਜੀਤ ਦੇ ਨਾਂ ਕਰਵਾ ਦੇ, ਉਹ ਵੀ ਘਰ ਦੀ ਮੈਂਬਰ ਐ। "

"ਗੱਲ ਤਾਂ ਠੀਕ ਐ।" ਗੁਰਮੇਲ ਬੋਲਿਆ।

"ਬੁਲਾਉਣਾ ਪਊ ?" ਗੁਰਮੇਲ ਨੇ ਰਜਿਸਟਰੀ ਕਰਨ ਵਾਲੇ ਨੂੰ ਪੁੱਛਿਆ ਤਾਂ ਉਹ ਕਹਿਣ ਲੱਗਾ,"ਅਧਾਰ ਕਾਰਡ ਲੈ ਆਉ , ਮੌਕੇ 'ਤੇ ਬੁਲਾ ਲਵਾਂਗੇ।"

ਗੁਰਮੇਲ ਕਰਮਜੀਤ ਦਾ ਆਧਾਰ ਕਾਰਡ ਲੈਣ ਘਰ ਚਲਾ ਗਿਆ। ਕਰਮਜੀਤ ਗੁਰਮੇਲ ਨੂੰ ਘਰ ਆਇਆ ਦੇਖ ਕੇ ਪੁੱਛਣ ਲੱਗੀ, " ਕੀ ਗੱਲ ਹੋਈ ? "

"ਬਸ ਤੈਨੂੰ ਘਰਵਾਲੀ ਬਣਾਉਣੇ ਆਂ।" ਗੁਰਮੇਲ ਨੇ ਹੱਸ ਕੇ ਕਿਹਾ।

"ਕਿਉਂ ਪਹਿਲਾਂ ਨਹੀਂ ? "

"ਨਹੀਂ ਅਜੇ ਕੱਚੀ ਸੀ।" ਕਰਮਜੀਤ ਨਖ਼ਰਾ ਦਿਖਾਉਣ ਲੱਗੀ ਤਾਂ ਗੁਰਮੇਲ ਨੇ ਉਸ ਨਾਲ ਸ਼ਰਾਰਤ ਜਿਹੀ ਕਰ ਦਿੱਤੀ। ਦੋਵੇਂ ਹੱਸਣ ਲੱਗੇ। ਗੁਰਮੇਲ ਆਧਾਰ ਕਾਰਡ ਲੈ ਕੇ ਚਲਾ ਗਿਆ। ਸ਼ਾਮ ਵੇਲੇ ਰਜਿਸਟਰੀ ਹੋ ਗਈ। ਦੋਵੇਂ ਪਿਉ ਪੁੱਤ ਘਰ ਮਿਠਾਈ ਲੈ ਕੇ ਆ ਗਏ। ਸਾਰੇ ਖ਼ੁਸ਼ ਸਨ ਕਿ ਹੁਣ ਉਹਨਾਂ ਦਾ ਆਪਣਾ ਘਰ ਹੋਵੇਗਾ। ਦੋ ਕੁ ਦਿਨਾਂ ਬਾਅਦ ਉਹ ਨਵੇਂ ਘਰ ਚਲੇ ਗਏ।

ਵਕਤ ਆਪਣੀ ਚਾਲੇ ਚੱਲਦਾ ਗਿਆ। ਗੁਰਮੇਲ ਨੇ ਕੁਝ ਪੈਸੇ ਦੋਸਤਾਂ-ਮਿੱਤਰਾਂ ਤੋਂ ਫੜੇ ਸਨ ਉਹ ਵੀ ਦੋਵਾਂ ਪਿਉ ਪੁੱਤਰਾਂ ਨੇ ਉਤਾਰ ਦਿੱਤੇ। ਕੋਈ ਦੋ ਸਾਲ ਬੀਤ ਗਏ ਕਰਮਜੀਤ ਦੀ ਗੋਦ ਹਰੀ ਨਾ ਹੋਈ। ਕਈ ਵਾਰ ਸਾਰੇ ਉਦਾਸ ਹੋ ਜਾਂਦੇ।

ਇਕ ਰਾਤ ਗੁਰਮੇਲ ਤੇ ਕਰਮਜੀਤ ਆਪਸ ਵਿੱਚ ਉੱਚੀ-ਉੱਚੀ ਕਿਸੇ ਗੱਲ ਤੋਂ ਬਹਿਸ ਰਹੇ ਸਨ। ਅਚਾਨਕ ਬਲਦੇਵ ਦੀ ਅੱਖ ਖੁੱਲ੍ਹ ਗਈ ਉਸ ਨੂੰ ਬਾਹਰੋਂ ਉੱਚੀਆਂ-ਉੱਚੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਤਾਂ ਉਹ ਬਾਹਰ ਨਿਕਲਿਆ। ਦੋਵੇਂ ਆਪਸ ਵਿੱਚ ਮਿਹਣੋ-ਮਿਹਣੀ ਹੋ ਰਹੇ ਸਨ। ਬਲਦੇਵ ਦੇ ਮੂੰਹੋਂ ਵੀ ਕੁਝ ਗੱਲਾਂ ਨਿਕਲ ਗਈਆਂ। ਕਰਮਜੀਤ ਦੀ ਲੜਾਈ ਗੁਰਮੇਲ ਵੱਲੋਂ ਹਟ ਕੇ ਬਲਦੇਵ ਵੱਲ ਹੋ ਗਈ। ਕਾਫ਼ੀ ਬੋਲ-ਬੁਲਾਰਾ ਹੋਇਆ। ਆਖ਼ਰ ਬਲਦੇਵ ਆਪਣੇ ਕਮਰੇ ਵਿਚ ਚਲਾ ਗਿਆ। ਉਹ ਵੀ ਦੋਵੇਂ ਚੁੱਪ ਕਰ ਕੇ ਪੈ ਗਏ। ਤਿੰਨਾਂ ਦੀ ਰਾਤ ਪਲਸੇਟੇ ਮਾਰਦੀਆਂ ਲੰਘੀ।

ਦੂਜੇ ਦਿਨ ਦੋਵੇਂ ਪਿਉ ਪੁੱਤ ਆਪਣੇ-ਆਪਣੇ ਕੰਮਾਂ 'ਤੇ ਚਲੇ ਗਏ। ਕਰਮਜੀਤ ਬਲਦੇਵ ਨੂੰ ਆਪਣਾ ਦੁਸ਼ਮਣ ਮੰਨਣ ਲੱਗੀ। ਬਲਦੇਵ ਦੀ ਕਦੇ-ਕਦੇ ਪੀਣ ਦੀ ਆਦਤ ਤੇ ਨਜ਼ਰ ਅੰਦਾਜ਼ ਕੀਤੀਆਂ ਜਾਣ ਵਾਲੀਆਂ ਛੋਟੀਆਂ-ਛੋਟੀਆਂ ਹਰਕਤਾਂ ਜਿਵੇਂ ਘੁਰਾੜੇ ਆਦਿ ਹੁਣ ਕਰਮਜੀਤ ਲਈ ਵੱਡੀਆਂ ਗੱਲਾਂ ਬਣ ਗਏ ਸਨ। ਉਹ ਹਮੇਸ਼ਾ ਉਸ ਨੂੰ ਦੇਖ ਕੇ ਨੱਕ ਚੜ੍ਹਾਉਂਦੀ ਰਹਿੰਦੀ ਭਾਵੇਂ ਬਲਦੇਵ ਸਭ ਕੁੱਝ ਸਮਝਦਾ ਸੀ ਪਰ ਆਪਣੇ ਪੁੱਤ ਕਾਰਨ ਉਹ ਚੁੱਪ ਕਰ ਜਾਂਦਾ। ਗੱਲ ਵਧਦੀ-ਵਧਦੀ ਵੱਖਰੇ ਹੋਣ ਤੱਕ ਆ ਗਈ। ਕਰਮਜੀਤ ਨੇ ਗੁਰਮੇਲ ਨੂੰ ਸਪੱਸ਼ਟ ਕਰ ਦਿੱਤਾ ਕਿ ਘਰ ਵਿਚ ਜਾਂ ਤਾਂ ਬਲਦੇਵ ਰਹੇਗਾ ਜਾਂ ਉਹ। ਉਹ ਉਦਾਸ ਸੀ ਆਪਣੇ ਰੱਬ ਵਰਗੇ ਪਿਉ ਨੂੰ ਕਿਵੇਂ ਛੱਡੇ। ਆਖ਼ਰ ਉਸਦਾ ਕਸੂਰ ਕੀ ਸੀ। ਬਸ ਇਹ ਕਿ ਉਸ ਨੇ ਲੜਾਈ ਵਾਲੇ ਦਿਨ ਗੁਰਮੇਲ ਦੀ ਹਮਾਇਤ ਕਰਵਾ ਦਿੱਤੀ ਸੀ। ਐਤਵਾਰ ਦਾ ਦਿਨ ਸੀ ਸਵੇਰੇ-ਸਵੇਰੇ ਹੀ ਦੋਹਾਂ ਪਤੀ-ਪਤਨੀ ਵਿੱਚ ਲੜਾਈ ਹੋ

ਗਈ। ਬਲਦੇਵ ਕੁਝ ਨਾ ਬੋਲਿਆ ਅਤੇ ਬਾਹਰ ਚਲਾ ਗਿਆ। ਕਰਮਜੀਤ ਨੇ ਇੱਕ ਕਮਰੇ ਵਿੱਚ ਜਾ ਕੇ ਹਿੱਟ (ਮੱਛਰ ਮਾਰ ਦਵਾਈ) ਚੁੱਕ ਲਈ। ਗੁਰਮੇਲ ਅੰਦਰ ਗਿਆ ਤਾਂ ਉਹ ਉੱਚੀ-ਉੱਚੀ ਰੋਣ ਲੱਗੀ। ਉਸ ਦੇ ਕੱਪੜਿਆਂ ਵਿੱਚੋਂ ਬਦਬੂ ਆ ਰਹੀ ਸੀ ਤੇ ਉਹ ਕਹਿ ਰਹੀ ਸੀ, "ਤੂੰ ਰੱਖ ਲੈ ਆਪਣੇ ਬਾਪੂ ਨੂੰ , ਤੂੰ ਰੱਖ ਲੈ ਆਪਣੇ ਬਾਪੂ ਨੂੰ।"

"ਕੀ ਹੋਇਆ, ਕੀ ਹੋਇਆ ?" ਗੁਰਮੇਲ ਨੇ ਪੁੱਛਿਆ। ਲੋਕ ਇਕੱਠੇ ਹੋ ਗਏ ਕਰਮਜੀਤ ਨੇ ਆਪਣੇ ਪੇਕੇ ਫ਼ੋਨ ਕਰ ਦਿੱਤਾ।

ਗੁਰਮੇਲ ਦੇ ਸਹੁਰੇ ਬਹੁਤੀ ਦੂਰ ਨਹੀਂ ਸਨ। ਉਹ ਆ ਗਏ। ਉਹ ਕਈ ਆਦਮੀ ਸਨ ਬਿਨਾਂ ਪੁੱਛੇ ਹੀ ਉਹਨਾਂ ਨੇ ਦੋਹਾਂ ਪਿਉ ਪੁੱਤਾਂ ਦੇ ਕਈ ਥੱਪੜ ਮਾਰੇ। ਲੋਕ ਵਿੱਚ ਪੈ ਗਏ। ਉਹ ਕਰਮਜੀਤ ਨੂੰ ਘਰ ਲੈ ਗਏ।

ਦੋਵੇਂ ਪਿਉ-ਪੁੱਤ ਉਦਾਸ ਬੈਠੇ ਐਵੇਂ ਹੀ ਬੈੱਡ 'ਤੇ ਵਿਛੀ ਚਾਦਰ 'ਤੇ ਹੱਥ ਫੇਰ ਰਹੇ ਸਨ। ਦੋਹਾਂ ਦੀ ਬਿਨਾਂ ਗੱਲ ਤੋਂ ਬੇਇੱਜ਼ਤੀ ਹੋਈ। ਉਨ੍ਹਾਂ ਦਾ ਕੋਈ ਕਸੂਰ ਨਹੀਂ ਸੀ। ਸ਼ਹਿਰੀ ਲੋਕ ਖਿੰਡ ਪੁੰਡ ਗਏ। ਜੇ ਉਹ ਪਿੰਡ ਹੁੰਦੇ ਤਾਂ ਸ਼ਾਇਦ ਉਹ ਉਨ੍ਹਾਂ ਦੇ ਨਾ ਮਾਰ ਸਕਦੇ। ਇਹੀ ਤਾਂ ਸ਼ਹਿਰ ਤੇ ਪਿੰਡ ਵਿੱਚ ਫ਼ਰਕ ਐ। ਦੋਵੇਂ ਉਦਾਸ ਹੋਏ ਇੱਕ ਦੂਜੇ ਤੋਂ ਨੀਵੀਂਆਂ ਅੱਖਾਂ ਕਰਕੇ ਬੈਠੇ ਸਨ। ਬੋਲਣ ਦੀ ਹਿੰਮਤ ਕਿਸੇ ਵਿੱਚ ਵੀ ਨਹੀਂ ਸੀ।

ਜ਼ਿੰਦਗੀ ਚਲਦੀ ਰਹਿੰਦੀ ਹੈ। ਦੋ ਕੁ ਦਿਨਾਂ ਬਾਅਦ ਉਨ੍ਹਾਂ ਦੇ ਘਰ ਪੁਲਿਸ ਆਈ ਤੇ ਦੋਵਾਂ ਪਿਓ-ਪੁੱਤਾਂ ਨੂੰ ਹਿਰਾਸਤ ਵਿੱਚ ਲੈ ਲਿਆ। ਮਾਮਲਾ ਕਤਲ ਕਰਨ ਦਾ ਬਣਿਆ। ਦੋਵੇਂ ਪਿਉ-ਪੁੱਤ ਜੇਲ੍ਹ ਭੇਜ ਦਿੱਤੇ ਗਏ। ਜ਼ਮਾਨਤ ਹੋਣ ਦੀ ਆਸ ਨਹੀਂ ਸੀ। ਬਿਆਨਾਂ ਵਿੱਚ ਵੀ ਕਰਮਜੀਤ ਨੇ ਲਿਖਵਾਇਆ ਕਿ ਦੋਵੇਂ ਪਿਉ-ਪੁੱਤ ਉਸ ਨੂੰ ਜ਼ਹਿਰੀਲੀ ਦਵਾਈ ਦੇ ਕੇ ਮਾਰ ਰਹੇ ਸਨ। ਤਿੰਨ ਕੁ ਮਹੀਨਿਆਂ ਬਾਅਦ ਜ਼ਮਾਨਤ ਹੋਈ ਤਾਂ ਵਕੀਲ ਦਾ ਨਵਾਂ ਨੋਟਿਸ ਆ ਗਿਆ। ਡਾਕੀਏ ਨੇ ਨੋਟਿਸ ਫੜਾਉਂਦੇ ਹੋਏ ਗੁਰਮੇਲ ਨੂੰ ਕਿਹਾ, " ਬਾਬੂ ਜੀ, ਸਾਈਨ ਕਰ ਦਿਓ।" ਉਸ ਨੇ ਬਿਨਾਂ ਦੇਖੇ ਸਾਈਨ ਕਰ ਦਿੱਤੇ ਤੇ ਚਿੱਠੀ ਖੋਲ੍ਹ ਕੇ ਨੋਟਿਸ ਪੜ੍ਹਨ ਲੱਗਾ। ਕੋਲ ਬੈਠਾ ਬਲਦੇਵ ਉਸ ਦੇ ਮੂੰਹ ਵੱਲ ਦੇਖ ਰਿਹਾ ਸੀ। ਗੁਰਮੇਲ ਨੇ ਮੱਥੇ 'ਤੇ ਹੱਥ ਮਾਰਿਆ ਤਾਂ ਬਲਦੇਵ ਨੇ ਪੁੱਛਿਆ, " ਕੀ ਹੋ ਗਿਆ ਗੁਰਮੇਲ ? "

"ਕੁਸ਼ ਨੀ ਪਾਪਾ ਜੀ।"

"ਫੇਰ ਵੀ ?"

"ਘਰ ਖ਼ਾਲੀ ਕਰਨ ਦਾ ਨੋਟਿਸ ਹੈ। ਇਹ ਘਰ ਉਸ ......... ਦੇ ਨਾਂ ਐ।"

"ਹੈਂ ....."

ਦੋਵਾਂ ਪਿਉ ਪੁੱਤਾਂ ਦੇ ਚਿਹਰੇ 'ਤੇ ਪਲਿੱਤਣ ਆ ਗਈ। ਇਸ ਤਰ੍ਹਾਂ ਲੱਗਿਆ ਜਿਵੇਂ ਮਣਾਂ ਮੂੰਹੀਂ ਭਾਰ ਉਨ੍ਹਾਂ 'ਤੇ ਡਿੱਗ ਪਿਆ ਹੋਵੇ। ਉਸਦੇ ਕੰਨਾਂ ਵਿੱਚ ਰਜਿਸਟਰੀ ਲਿਖਣ ਵਾਲੇ ਦੇ ਇਕ ਪਰਸੈਂਟ ਬਚਾਉਣ ਵਾਲੇ ਸ਼ਬਦ ਇਸ ਤਰ੍ਹਾਂ ਰੜਕ ਰਹੇ ਸਨ ਜਿਵੇਂ ਰੋੜ ਰੜਕਦੇ ਹੁੰਦੇ ਨੇ। ਦੋਵੇਂ ਪਿਉ-ਪੁੱਤ ਹੁਣ ਆਪਣੇ ਪੁਰਾਣੇ ਘਰ ਵਿਚ ਜਾਣ ਦੀ ਤਿਆਰੀ ਕਰਨ ਲੱਗੇ। ਬਾਹਰ ਕੋਈ ਦੂਜੇ ਨੂੰ ਕਹਿੰਦਾ ਜਾ ਰਿਹਾ ਸੀ "ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ "ਉਨ੍ਹਾਂ ਦੇ ਚਿਹਰੇ 'ਤੇ ਹੋਰ ਵੀ ਉਦਾਸੀ ਛਾ ਗਈ।

ਮੱਤੜ, ਸਿਰਸਾ
ਹਰਿਆਣਾ-125078
94630-20766

**ਤੁਹਾਡੇ ਵਲੋਂ ਕੀਤੀ ਹਰ ਨਵੀਂ ਸ਼ੁਰੂਆਤ ਨੂੰ ਤਿੰਨ ਪੜਾਵਾਂ 'ਚੋਂ ਲੰਘਣਾ ਪੈਂਦਾ ਹੈ ਪਹਿਲਾਂ ਲੋਕ ਮਜ਼ਾਕ ਉਡਾਉਂਦੇ ਹਨ, ਫਿਰ ਵਿਰੋਧ ਕਰਦੇ ਹਨ ਅਤੇ ਫਿਰ ਮੰਨਣ ਲੱਗ ਪੈਂਦੇ ਹਨ।**

ਸੁਆਮੀ ਵਿਵੇਕਾ ਨੰਦ

# ਜੰਗ ਜਾਰੀ ਹੈ



ਮੰਗਤ ਕੁਲਜਿੰਦ

ਕਾਮਰੇਡ ਜੰਗਜੂ ਸਿੰਘ 85 ਨੂੰ ਢੁੱਕ ਚੁੱਕਿਆ ਹੈ ਪਰ ਫਿਰ ਵੀ ਉਸ ਵਿੱਚੋਂ 'ਜੰਗ ਜਾਰੀ ਰੱਖਣ' ਦਾ ਉਤਸ਼ਾਹ ਖ਼ਤਮ ਨਹੀਂ ਹੋਇਆ। ਅੱਜ ਵੀ ਉਹ ਗੱਲ-ਗੱਲ 'ਤੇ 'ਜੰਗ ਜਾਰੀ ਹੈ' ਦਾ ਪਾਠ ਨਿਰੰਤਰ ਕਰ ਰਿਹਾ ਹੈ। ਮਨੋਂ ਭਾਵੇਂ ਉਹ ਅੰਤਾਂ ਦਾ ਦੁਖੀ ਹੈ ਕਿ ਸਾਰੀ ਉਮਰ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਦਿਆਂ ਲੋਕਾਂ ਨੂੰ ਲੋਕ-ਮਾਰੂ ਸ਼ਕਤੀਆਂ ਦੇ ਵਿਰੁੱਧ ਲਾਮਬੰਦ ਕਰਨ ਦਾ ਹੋਕਾ ਦਿੰਦਾ ਰਿਹਾ ਪਰ ਲੋਕਾਈ ਨੇ ਜਾਗਣਾ ਤਾਂ ਕੀ ਸੀ ਬਲਕਿ ਦਿਨੋਂ ਦਿਨ 'ਕੌਮਾ' ਦੀ ਹਾਲਤ ਗ੍ਰਹਿਣ ਕਰੀ ਜਾ ਰਹੀ ਹੈ। ਹੁਣ ਭਾਵੇਂ ਸਰੀਰ ਦੇ ਸਾਰੇ ਹੀ ਅੰਗ ਜੰਗਜੂ ਸਿੰਘ ਨਾਲ ਮੂੰਹ ਵੱਟੀ ਖੜ੍ਹੇ ਹਨ ਪਰ ਜੀਭ ਅਜੇ ਵੀ ਰੋਂਦੀ-ਪਿੱਟਦੀ ਸਾਥ ਦੇ ਰਹੀ ਹੈ-ਇਹ ਕਹਿੰਦਿਆਂ 'ਜੰਗ ਜਾਰੀ ਹੈ'। ਵਿਡੰਬਣਾ ਇਹ ਹੈ ਕਿ ਅੱਜ ਤੋਂ ਕਈ ਦਹਾਕੇ ਪਹਿਲਾਂ ਬਾਕੀ ਪਾਰਟੀਆਂ ਦੇ ਜਿਹੜੇ ਲੀਡਰ ਜੰਗਜੂ ਸਾਹਮਣੇ ਅੱਖ ਉੱਚੀ ਕਰਕੇ ਨਹੀਂ ਸੀ ਝਾਕਦੇ, ਉਸਦੇ ਰੋਹਬ ਤੋਂ ਡਰਦਿਆਂ, ਅੱਜ ਸਾਹਮਣੇ ਆਉਂਦਿਆਂ ਹੀ 'ਜੰਗ ਜਾਰੀ ਹੈ ਕਾਮਰੇਡਾ' ਕਹਿ ਕੇ ਹੱਸਦਿਆਂ ਨਿਹੋਰਾ ਦਿੰਦੇ ਹਨ। ਦਿਖਾਵੇ ਦੇ ਲਈ ਪੈਰੀਂ ਹੱਥ ਕੀ ਗੋਡੇ ਵੀ ਨੱਪਦੇ ਹਨ ਪਰ ਮਨ 'ਚ ਬਾਗ਼ੋ-ਬਾਗ਼ ਹੋਏ ਮਨ 'ਚ ਦੁਹਰਾਈ ਵੀ ਜਾਂਦੇ ਨੇ, 'ਕਿਉਂ ਕਾਮਰੇਡਾ ਕੀ ਵਿਗਾੜਤਾ ਸਾਡਾ। ਸਾਰੀ ਉਮਰ ਨਾ ਆਪ ਐਸ਼ ਕੀਤੀ ਨਾ ਸਾਨੂੰ ਕਰਨ ਦਿੱਤੀ। ਆਹ ਵੇਖ ਲੈ ਤੇਰੀ ਜੰਤਾ ਜੀਹਦੇ ਲਈ ਮਰ ਮਿਟਣ ਨੂੰ ਤਿਆਰ ਰਹਿੰਦਾ ਸੈਂ, ਫਿਰਦੀ ਐ ਨਾ ਸਾਡੇ ਮਗਰ ਦੁੰਮ ਹਿਲਾਉਂਦੀ।' ਪਰ ਹੌਸਲਾ ਉਹ ਅਜੇ ਵੀ ਨਹੀਂ ਹਾਰਦਾ 'ਕੋਈ ਗੱਲ ਨਹੀਂ, ਕਿੰਨੀਆਂ ਪੁੱਠੀਆਂ-ਸਿੱਧੀਆਂ ਹਵਾਵਾਂ ਵਗੀ ਜਾਣ, ਜੰਗ ਤਾਂ ਜਾਰੀ ਹੀ ਰਹੇਗੀ, ਮੈਂ ਨਾ ਰੱਖ ਸਕਿਆ ਤਾਂ ਹੋਰ ਕੋਈ ਯੋਧਾ ਪੈਦਾ ਹੋ ਜੂ।' ਕੋਈ ਨਾ ਕੋਈ ਵਿਰੋਧੀ ਪਾਰਟੀ ਵਾਲਾ ਹੱਸਦਾ-ਹੱਸਦਾ ਕਹਿ ਵੀ ਜਾਂਦਾ, "ਕੋਈ ਨਾ ਕਾਮਰੇਡਾ, ਧਰਮ ਰਾਜ ਦੇ ਦਰਬਾਰ 'ਚੋਂ ਕਿਸੇ ਹੋਰ ਨਵੇਂ ਕਾਮਰੇਡ ਨੂੰ ਭੇਜ ਦੇਂਈਂ, ਤੇਰਾ ਕੰਮ ਸੰਭਾਲ ਲਊ।"

ਚੱਲੋ ਇਹ ਤਾਂ ਸਮਾਜ ਦਾ ਯਥਾਰਥ ਹੈ ਪਰ ਜੰਗ ਜਾਰੀ ਤਾਂ ਇਹਨਾਂ ਲੀਡਰਾਂ ਦੀ ਵੀ ਰਹਿੰਦੀ ਹੈ, ਜਦੋਂ ਮਨ ਵਿੱਚ ਲਾਲਸਾਵਾਂ, ਤ੍ਰਿਸ਼ਨਾਵਾਂ ਪੈਦਾ ਹੋ ਜਾਣ ਤਾਂ ਜੰਗ ਜਾਰੀ ਰੱਖਣੀ ਹੀ ਪੈਂਦੀ ਹੈ ਕਿਉਂਕਿ ਜਦੋਂ ਲੋਚਾ ਕੀਤੀ ਚੀਜ਼ ਨੂੰ ਪ੍ਰਾਪਤ ਕਰਨਾ ਹੁੰਦਾ ਹੈ, ਉਦੋਂ ਜੰਗ ਆਪਣੇ ਆਪ ਨਾਲ ਲੜੋ ਜਾਂ ਕਿਸੇ ਹੋਰ ਨਾਲ। ਸਾਡੇ ਬਹੁਰੂਪੀਏ ਲੀਡਰ ਲੱਟੂ ਸਾਹਿਬ ਜੀ ਜੰਗ ਜਾਰੀ ਰੱਖਣ ਲਈ ਲੱਟੂ ਵਾਂਗ ਘੁੰਮਦੇ ਹੀ ਰਹਿੰਦੇ ਨੇ, ਸੁਭਾ ਜੇ ਉਹ ਵਿਰੋਧੀ ਪਾਰਟੀ ਦੇ ਅਖਾੜੇ 'ਚ ਜਾਂਘੀਆਂ ਪਾ ਕੇ ਥਾਪੀਆਂ ਮਾਰ ਰਹੇ ਹੁੰਦੇ ਹਨ ਤਾਂ ਦੁਪਹਿਰ ਤੋਂ ਬਾਅਦ ਉਹ ਰਾਜ ਕਰ ਰਹੀ ਪਾਰਟੀ ਦਾ ਕਵਚ ਪਹਿਨ ਕੇ ਜੰਗ ਜਾਰੀ ਰੱਖੇ ਹੁੰਦੇ ਹਨ। ਇਹੀ ਨਹੀਂ ਰਾਤੀਂ ਉਹਨਾਂ ਨੂੰ ਵਿਸਕੀ ਦੀ ਕਿਸ਼ਤੀ 'ਤੇ ਸਵਾਰ ਹੋਇਆਂ ਰਾਤੀਂ ਡਿਊਟੀ ਕਰ ਰਹੀਆਂ ਅਬਲਾਵਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਜੰਗ ਜਾਰੀ ਰੱਖਣ ਤੋਂ ਵੀ ਗੁਰੇਜ਼ ਨਹੀਂ ਹੁੰਦਾ। ਪਰ ਜਦੋਂ ਇਹ ਜਨਾਬ ਘਰੇ ਸੁਭਾ ਸਵੇਰੇ ਕੁਰਸੀ ਦਾ ਨਾਂ ਲੈਂਦਿਆਂ ਅੱਖ ਖੋਲ੍ਹਦੇ ਹਨ ਤਾਂ ਉਦੋਂ ਵੀ ਮਨ ਵਿੱਚ ਇਹ ਜੰਗ ਚੱਲ ਰਹੀ ਹੁੰਦੀ ਹੈ ਕਿ ਭਾਗਭਰੀ ਦੇ ਸ਼ਬਦੀ ਜੰਗੀ-ਹਥਿਆਰਾਂ ਤੋਂ ਕਿਵੇਂ ਬਚਿਆ ਜਾਵੇ-ਇਹ ਤਾਂ ਸ਼ੁਕਰ ਹੁੰਦਾ ਹੈ ਕਿ ਮੋਬਾਈਲ ਦੀ ਟੂੰ-ਟੂੰ ਉਹਨਾਂ ਲਈ ਸੁਰੱਖਿਆ ਕਵਚ ਬਣ ਕੇ ਬਹੁੜਦੀ ਹੈ, ਫੋਨ ਉਪਰ ਆਪਣੇ ਕਿਸੇ ਚਮਚੇ ਦੀ ਗੱਲ ਦਾ ਜਵਾਬ ਦੇਣ ਦੀ ਬਜਾਏ ਆਪ ਹੀ ਉੱਚੀ ਤੋਂ ਉੱਚੀ ਲੀਡਰ-ਟੋਨ ਵਿੱਚ ਝਿੜਕਾਂ ਦੇ ਬਾਣ ਚਲਾਉਂਦੇ, ਫੋਨ ਕੰਨ ਨਾਲ ਲਾਈ, ਹੋਮ ਮਨਿਸਟਰੀ ਦੇ ਜੰਗ-ਏ-ਮੈਦਾਨ ਦੀ ਰੇਂਜ ਤੋਂ ਬਾਹਰ ਹੋ ਜਾਂਦੇ ਨੇ।

ਵਿਚਾਰੇ ਅਫ਼ਸਰ ਲੋਕਾਂ ਦਾ ਹਾਲ ਏਦੂੰ ਵੀ ਭੈੜਾ ਹੁੰਦਾ ਹੈ। ਸਾਰੀ ਉਮਰ ਜੰਗ ਜਾਰੀ ਰੱਖਦਿਆਂ ਗੁਜ਼ਾਰ ਦਿੰਦੇ ਹਨ। ਅਸੀਂ ਸੋਚਦੇ ਹਾਂ ਬਈ ਬੜੀ ਮੌਜ ਹੈ ਇਹਨਾਂ ਨੂੰ, ਐਸ਼ ਕਰਦੇ ਨੇ, 'ਮਨੀ ਵਨੀ ਫ਼ਨੀ' ਵਾਧੂ, ਚੌਧਰ ਸਿਰ ਤੋਂ ਪੈਰਾਂ ਤੱਕ, ਪਰ ਬਈ ਇਹ ਸਭ ਕੁਝ ਪ੍ਰਾਪਤ ਕਰਨ ਲਈ ਅਫ਼ਸਰਾਂ ਨੂੰ ਕਿੰਨੇ ਪਾਪੜ ਵੇਲਣੇ ਪੈਂਦੇ ਨੇ। ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਇਹ ਰੁਤਬੇ ਪ੍ਰਾਪਤ ਕਰਨ ਲਈ ਆਲਮੀ ਜੰਗ ਹੀ ਲੜਨੀ ਪੈਂਦੀ ਹੈ। ਆਪ ਤੋਂ ਉੱਚੇ ਸਭ ਅਫ਼ਸਰਾਂ, ਨੇਤਾਵਾਂ ਦੇ ਘਰੀਂ ਗੇੜੇ 'ਤੇ ਗੇੜਾ ਮਾਰਨਾ ਪੈਂਦਾ ਹੈ, ਤਿੱਥ ਤਿਉਹਾਰਾਂ ਦੀਆਂ ਤਾਰੀਖਾਂ ਯਾਦ ਰੱਖਣੀਆਂ ਪੈਂਦੀਆਂ ਹਨ। ਉਹਨਾਂ ਦੇ ਬੀਵੀ ਬੱਚਿਆਂ ਦੀਆਂ ਜਨਮ-ਤਾਰੀਕਾਂ, ਮੁੰਡਨ ਤਾਰੀਖਾਂ, ਵਿਆਹ, ਸਾਲਗਿਰਾਂਵਾਂ ਆਦਿ ਦੀ ਲਿਸਟ ਮਨ ਦੇ ਸਟੋਰ 'ਚ ਟਿਪ-ਟਾਪ ਰੱਖਣੀ ਪੈਂਦੀ ਹੈ। ਸੰਤਾਂ ਬਾਬਿਆਂ ਦੇ ਗੋਡੇ ਨੱਪਣ ਲਈ ਸਰੀਰਾਂ ਨੂੰ ਅਥਾਹ ਕਸ਼ਟ ਦੇਣਾ ਪੈਂਦਾ ਹੈ। ਇੰਨਾ ਹੀ ਨਹੀਂ, ਆਪ ਤੋਂ ਹੇਠਲਿਆਂ ਉਪਰ ਬਾਜ਼-ਅੱਖ ਰੱਖਣੀ ਪੈਂਦੀ ਹੈ, ਇਕ ਇਕ ਜਣੇ ਦੀ ਕਮਾਈ ਦਾ ਪਾਈ-ਪਾਈ ਦਾ ਹਿਸਾਬ ਰੱਖਣਾ ਪੈਂਦਾ ਹੈ ਇਸੇ ਲਈ ਦਿਨ, ਰਾਤ, ਉਠਦੇ, ਬੈਠਦੇ, ਸੌਂਦੇ, ਸਫ਼ਰ ਕਰਦੇ ਮਨ ਵਿੱਚ ਜੰਗ ਜਾਰੀ ਰੱਖਦੇ ਹਨ, ਫਿਰ ਕਿਤੇ ਜਾ ਕੇ ਇਹ ਰੁਤਬੇ ਪ੍ਰਾਪਤ ਹੁੰਦੇ ਨੇ। ਰੁਤਬੇ ਪ੍ਰਾਪਤ ਕਰਕੇ ਜੰਗ ਫਿਰ ਵੀ ਜਾਰੀ ਰੱਖਣੀ ਪੈਂਦੀ ਹੈ ਕਿਉਂਕਿ ਸ਼ਰੀਕ ਤਾਕ 'ਚ ਬੈਠੇ ਹੁੰਦੇ ਹਨ; ਉਹਨਾਂ ਦੀਆਂ ਚਾਲਾਂ ਨੂੰ ਪਕੜਨ 'ਤੇ ਉਹਨਾਂ ਦੇ ਬਰੇਕ ਫੇਲ੍ਹ ਕਰਨ ਲਈ ਜੰਗ ਜਾਰੀ ਰੱਖਣੀ ਹੀ ਪੈਂਦੀ ਹੈ।

ਚੱਲੋ ਛੱਡੋ ਜੀ.... ਵੱਡੇ ਲੋਕਾਂ ਦੀਆਂ ਵੱਡੀਆਂ ਮਿਰਚਾਂ-ਇਹਨਾਂ ਦੇ ਤਾਂ ਹਰ ਕਾਰਜ ਵੱਖਰੇ ਹੀ ਹੁੰਦੇ ਹਨ। ਇੱਥੇ ਤਾਂ ਆਮ ਆਦਮੀ ਵੀ ਭਾਵੇਂ ਕਿਸੇ ਵੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ, ਜ਼ਿੰਦਗੀ ਦੀ ਗੱਡੀ ਦੀ ਧੂਹ ਘਸੀਟ ਕਰੀ ਜਾਂਦਾ ਹੈ, ਉਹ ਵੀ ਚੌਵੀ ਘੰਟੇ, ਸੱਤ ਦਿਨ, ਜੰਗ ਜਾਰੀ ਰੱਖੇ ਹੋਏ ਹੈ। ਕਿਤੇ ਆਪਣੇ ਆਪ ਨਾਲ ਕਿਤੇ ਹੋਰ ਵਿਅਕਤੀ ਨਾਲ, ਕਿਤੇ ਸਮਾਜ ਨਾਲ ਕਿਤੇ ਦੋਸਤਾਂ ਨਾਲ, ਕਿਤੇ ਦੁਸ਼ਮਣਾਂ ਨਾਲ ਕਿਤੇ ਜ਼ਨਾਨੀ ਨਾਲ, ਕਿਤੇ ਬੱਚਿਆਂ ਨਾਲ ਇੱਥੋਂ ਤੱਕ ਕਿ ਉਸਨੇ ਜੀਹਨੂੰ ਕਦੇ ਵੇਖਿਆ ਤੱਕ ਨਹੀਂ ਕੇਵਲ ਸੁਣਿਆ ਹੀ ਹੈ ਜਾਣੀ ਕਿ ਸ੍ਰਿਸ਼ਟੀ ਦੇ ਸਿਰਜਣਹਾਰੇ ਰੱਬ ਨਾਲ ਵੀ ਆਢਾ ਲਾਈ ਰੱਖਦਾ ਹੈ। ਜ਼ਿੰਦਗੀ ਦੀਆਂ ਲਾਲਸਾਵਾਂ ਜਦ ਪੂਰੀਆਂ ਨਹੀਂ ਹੁੰਦੀਆਂ ਤਾਂ ਬੈਠਾ ਹੋਇਆ ਮਨ ਵਿੱਚ ਕੁਲਝੀ ਜਾਊ, 'ਰੱਬਾ ਕਬੱਬਾ' ਜੇ ਕਿਤੇ 'ਕੱਲਾ ਟੱਕਰ ਜੇ ਨਾ ਇਕੇਰਾਂ।... ਤੇਰੇ ਟੋਟੇ-ਟੋਟੇ ਕਰ ਦਊਂ।' ਰੱਬ ਵਿਚਾਰਾ ਤਾਂ ਪਹਿਲਾਂ ਹੀ ਟੋਟੇ-ਟੋਟੇ ਹੋਇਆ ਪਿਆ ਹੈ, ਜੇ ਨਹੀਂ ਯਕੀਨ ਤਾਂ ਵੇਖ ਲਓ ਕਿਸੇ ਵੀ ਧਾਰਮਿਕ ਸਥਾਨ 'ਤੇ ਜਾ ਕੇ, ਜੇ ਕਿਤੋਂ ਵੀ ਸਾਬਤਾ ਰੱਬ ਲੱਭ ਜੇ' ਪਰ ਆਪਾਂ ਨੂੰ ਕੀ, ਆਪਾਂ ਤਾਂ ਜੰਗ ਜਾਰੀ ਰੱਖਣੀ ਹੈ। ਰੱਬ ਭਾਵੇਂ ਇਕ ਰਵੇ, ਭਾਵੇਂ ਅਰਬਾਂ ਖਰਬਾਂ ਹੋ ਜੇ।

ਜੇ ਆਦਮੀ ਚੌਵੀ ਘੰਟੇ ਜੰਗ ਜਾਰੀ ਰੱਖ ਸਕਦਾ ਹੈ ਤਾਂ ਔਰਤਾਂ ਭਲਾ ਕਿਵੇਂ ਪਿੱਛੇ ਰਹਿ ਸਕਦੀਆਂ ਹਨ। ਆਫਟਰਆਲ ਉਹ ਵੀ ਬੰਦੇ ਦੇ ਬਰਾਬਰ ਦੀਆਂ ਸ਼ਰੀਕ ਹਨ, 'ਅੱਧ ਦੀਆਂ ਭਾਈਵਾਲ' ਨਾਲੇ ਇਹਨਾਂ ਦੀ ਜੰਗ ਜਾਰੀ ਦਾ ਟਾਰਗੈਟ ਆਪਣੇ ਆਪ ਤੋਂ ਬਿਨਾਂ ਬ੍ਰਹਿਮੰਡ ਦੀ ਹਰ ਜ਼ਨਾਨੀ ਅਤੇ ਇੱਕੋ ਇੱਕ ਪਤੀ ਦੇਵ ਨਾਂ ਦਾ ਪ੍ਰਾਣੀ ਹੁੰਦਾ ਹੈ। ਦੂਜੀਆਂ ਔਰਤਾਂ ਨਾਲ ਜਾਰੀ ਜੰਗ ਕਦੇ ਵੀ, ਕਿਸੇ ਵੀ ਨਤੀਜੇ 'ਤੇ ਨਹੀਂ ਪਹੁੰਚੀ ਅਤੇ ਨਾ ਹੀ ਪਹੁੰਚਣ ਦੇ ਆਸਾਰ ਨਜ਼ਰ ਆਉਂਦੇ ਹਨ। ਪੀਰ, ਪੈਗ਼ੰਬਰ, ਦੇਵੀ, ਦੇਵਤੇ, ਸੰਤ, ਮਹਾਤਮਾ ਇੱਥੋਂ ਤੱਕ ਕਿ ਖ਼ੁਦ ਪ੍ਰਮਾਤਮਾ ਨੇ ਵਾਰ-ਵਾਰ ਯਤਨ ਕਰਕੇ ਵੇਖ ਲਏ ਪਰ ਹਰ ਵਾਰ ਉਹਨਾਂ ਨੂੰ 'ਫੇਰ ਸਹੀ' ਕਹਿ ਕੇ ਪਾਸਾ ਵੱਟਣਾ ਪਿਆ। ਜਿੱਥੋਂ ਤੀਕਰ ਪਤੀ ਦੇਵ ਨਾਮਕ ਪ੍ਰਾਣੀ ਦਾ ਸਵਾਲ ਹੈ ਉਹਦਾ ਨਤੀਜਾ ਤਾਂ ਜੰਗ ਜਾਰੀ ਹੋਣ ਤੋਂ ਪਹਿਲਾਂ ਹੀ ਆ ਜਾਂਦੈ, ਵਿਚਾਰਾ ਪਹਿਲਾਂ ਹੀ ਹਥਿਆਰ ਸੁੱਟ ਦਿੰਦਾ ਹੈ ਪਰ ਔਰਤ ਫਿਰ ਵੀ ਇਸ ਜਿੱਤੀ ਹੋਈ ਜੰਗ ਦੇ ਉਦੇਸ਼ ਨੂੰ ਪ੍ਰੈਕਟਿਸ ਦੇ ਤੌਰ 'ਤੇ ਵਰਤਦੀ ਰਹਿੰਦੀ ਹੈ।

ਕੀ ਆਪਾਂ ਵੀ ਔਰਤਾਂ ਮਗਰ ਪੈ ਗਏ, ਇੱਥੇ ਤਾਂ ਬੁੱਢਿਆਂ ਤੋਂ ਲੈ ਕੇ ਬੱਚਿਆਂ ਤੱਕ ਵੀ ਆਪਣੀ-ਆਪਣੀ ਪਹੁੰਚ ਮੁਤਾਬਿਕ ਜੰਗ ਜਾਰੀ ਰੱਖੇ ਹੋਏ ਹਨ। ਕੋਈ ਨਵਾਂ

ਸਮਾਰਟਫੋਨ ਲੈਣ ਲਈ ਕੋਈ ਹਵਾ ਨਾਲ ਗੱਲਾਂ ਕਰਨ ਵਾਲੀ ਕਾਰ ਲੈਣ ਲਈ, ਮੁੰਡਾ ਸੋਹਣੀ ਸੁਨੱਖੀ ਕੁੜੀ ਜਾਂ ਅਰਧੰਗਣੀ ਪ੍ਰਾਪਤ ਕਰਨ ਲਈ, ਮੁਟਿਆਰ ਐਕਟਰਾਂ ਵਰਗਾ ਸੋਹਣਾ ਗੱਭਰੂ ਜਵਾਨ ਪਤੀ ਪ੍ਰਾਪਤ ਕਰਨ ਲਈ। ਅੱਜ-ਕੱਲ੍ਹ ਤਾਂ ਮੁੰਡੇ-ਖੁੰਡੇ ਇੱਥੋਂ ਤੱਕ ਕਿ ਕੁੜੀਆਂ ਵੀ ਆਪਣੇ ਸਰੀਰ ਨੂੰ ਹੌਲਾ ਫੁੱਲ ਬਣਾ ਕੇ ਰੱਖਣ ਲਈ ਨਸ਼ੇ ਦੀ ਪ੍ਰਾਪਤੀ ਲਈ ਜੰਗ ਜਾਰੀ ਰੱਖਦੇ ਹਨ।

ਬਚਦੇ ਕਬੀਲਦਾਰ ਵੀ ਨਹੀਂ, ਕੋਈ ਬੁੱਢੇ ਬੁੱਢੀ ਤੋਂ ਖਹਿੜਾ ਛੁਡਾਉਣ ਲਈ ਅਤੇ ਬੁੱਢੀਆਂ ਨੂੰਹਾਂ ਤੋਂ ਪਿੱਛਾ ਛੁਡਾਉਣ ਲਈ ਜੰਗ ਜਾਰੀ ਰੱਖਦੀਆਂ ਹਨ ਪਰ ਛੱਡੋ ਯਾਰ, ਜੰਗਜੂ ਸਿੰਘ ਦੇ ਕਹਿਣ ਮੁਤਾਬਿਕ ਜਿਉਣ ਲਈ, ਆਪਣੇ ਆਪ ਨੂੰ ਸਥਾਪਿਤ ਕਰਨ ਲਈ, ਜੰਗ ਜਾਰੀ ਰੱਖਣੀ ਹੀ ਪੈਂਦੀ ਹੈ 'ਤੇ ਰੱਖਣੀ ਵੀ ਚਾਹੀਦੀ ਹੈ। ਜ਼ਿੰਦਗੀ 'ਚ ਖੜਕਾ-ਦੜਕਾ ਹੁੰਦਾ ਰਹੇ। ਸਿਹਤ ਨੂੰ ਕਾਇਮ ਰੱਖਣ ਅਤੇ ਮਾਨਵ ਨੂੰ ਜਾਗਰੂਕ ਰੱਖਣ ਲਈ ਜ਼ਰੂਰੀ ਵੀ ਹੈ। ਪਾਣੀ ਤਾਂ ਪਹਾੜਾਂ ਤੋਂ ਰੁੜ੍ਹਦਾ ਮੈਦਾਨੀ ਇਲਾਕੇ 'ਚ ਮਸਤ ਚਾਲ ਚੱਲਦਿਆਂ ਆਪਣੀ ਜੰਗ ਜਾਰੀ ਰੱਖਦਿਆਂ ਹੀ ਵਧੀਆ ਤੇ ਪਵਿੱਤਰ ਰਹਿੰਦਾ ਹੈ, ਖੜ੍ਹਾ ਪਾਣੀ ਤਾਂ ਗੰਧਲ ਹੀ ਜਾਂਦੈ..... ਇਹ ਤੁਹਾਨੂੰ ਵੀ ਪਤੈ.....

ਸਿਆਟਲ(ਯੂ.ਐੱਸ.ਏ)
+1 425 286 0163



## ਨਵੇਂ ਸਾਲ ਲਈ ਅਰਦਾਸ

ਪ੍ਰੀਤਮਾ ਦੋਮੇਲ

ਬੀਤ ਗਿਆ ਜੋ ਸਾਲ ਪੁਰਾਣਾ
ਉਸਦਾ ਵੀ ਆਪਾਂ ਧੰਨਵਾਦ ਕਰੀਏ।
ਉਮਰ ਭਾਵੇਂ ਇੱਕ ਸਾਲ ਹੈ ਘੱਟ ਗਈ
ਪਰ ਆਪਾਂ ਕਿਉਂ ਇਸ ਘਟਣ ਵਧਣ ਤੋਂ ਡਰੀਏ।
ਬੜਾ ਕੁਝ ਸਾਲ 22 ਸਾਨੂੰ ਦੇ ਗਿਆ,
ਕੁੱਝ ਮਿੱਠੀਆਂ ਯਾਦਾਂ ਸਾਡੇ ਪੱਲੇ ਵਿੱਚ ਪਾ ਗਿਆ।
ਸਭ ਤੋਂ ਖ਼ੁਸ਼ੀ ਤਾਂ ਇਹ ਮਨਾਈਏ
ਕਿ ਸਾਨੂੰ ਉਹ 23 ਦੇ ਹੱਥ ਫੜਾ ਗਿਆ।
ਹੁਣ ਅਰਦਾਸ ਹੈ ਇਹੀ ਅਸਾਡੀ
23 ਵੀ ਸੁੱਖਾਂ ਨਾਲ ਭਰਪੂਰ ਰਹੇ।
ਕੋਈ ਵੀ ਦੁੱਖ, ਮੁਸੀਬਤ ਅਤੇ ਬਿਮਾਰੀ
ਸਾਡੇ ਤੋਂ ਉਹ ਦੂਰ ਹੀ ਦੂਰ ਰਹੇ।
ਭਾਵੇਂ ਉਮਰ ਹੈ ਵਧਦੀ ਜਾਂਦੀ
ਪਰ ਜ਼ਿੰਦਗੀ ਵੀ ਤਾਂ ਅੱਗੇ ਅੱਗੇ ਤੁਰਦੀ।
ਆਪਾਂ ਇਹੀ ਸ਼ੁਕਰ ਮਨਾਈਏ,
ਏਨੇ ਸਾਲ ਖ਼ੁਸ਼ੀਆਂ ਨਾਲ ਬੀਤੇ।
ਅੱਗੋਂ ਵੀ ਇਹ ਇਵੇਂ ਹੀ ਬੀਤਣ
ਏਹੀ ਬੇਨਤੀ ਰੱਬ ਨੂੰ ਕਰੀਏ।
ਮੰਦਾ ਸੋਚਣਾ, ਝੂਠ ਬੋਲਣਾ, ਲਾਲਚ ਤੇ ਹੋਰ ਬੁਰਾਈਆਂ
ਇਨ੍ਹਾਂ ਤੋਂ ਬੱਸ ਦੂਰ ਹੀ ਰਹੀਏ।
ਵਾਹਿਗੁਰੂ ਜੋ ਵੀ ਕਰਦਾ ਹੈ
ਉਸਦਾ ਸ਼ੁਕਰਾਨਾ ਆਪਾਂ ਕਰਦੇ ਰਹੀਏ
ਸਭ ਦੀਆਂ ਖ਼ੁਸ਼ੀਆਂ ਮੰਗਦੇ ਰਹੀਏ
ਸਭ ਦੇ ਸੁੱਖਾਂ ਦੀ ਚਾਹਨਾ ਕਰੀਏ
ਵਾਹਿਗੁਰੂ ਸਭ ਨੂੰ ਖ਼ੁਸ਼ੀਆਂ ਤੇ ਤੰਦਰੁਸਤੀ ਬਖ਼ਸ਼ੇ
ਏਹੀ ਮਨ ਵਿੱਚ ਲੈ ਕੇ ਤੁਰੀਏ
ਏਹੀ ਹੈ ਅਰਦਾਸ ਵਾਹਿਗੁਰੂ
ਏਹੀ ਨਵੇਂ ਸਾਲ ਵਿੱਚ ਤੈਥੋਂ ਮੰਗੀਏ।

#1682, ਫੇਜ਼-7, ਮੋਹਾਲੀ (ਪੰਜਾਬ)।
62841-55025

# ਅਜੇ ਵੀ



ਵਿਮਲਾ ਗੁਗਲਾਨੀ

ਅਪ੍ਰੈਲ ਦਾ ਮਹੀਨਾ। ਸਰਕਾਰੀ ਸਕੂਲਾਂ ਵਿੱਚ ਨਵੇਂ ਦਾਖ਼ਲੇ ਸ਼ੁਰੂ ਹੋ ਚੁੱਕੇ ਸਨ। ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਨਿਸ਼ਾ ਮੈਡਮ ਦੀ ਡਿਊਟੀ ਨਵੇਂ ਦਾਖ਼ਲੇ ਕਰਨ ਵਿੱਚ ਲੱਗੀ ਸੀ। ਰਜਿਸਟਰ, ਫਾਰਮ ਵਗ਼ੈਰਾ ਚੁੱਕ ਕੇ ਉਹ ਬਾਹਰ ਇਕ ਪਾਸੇ ਲੱਗੀ ਮੇਜ਼ ਕੁਰਸੀ 'ਤੇ ਜਾ ਬੈਠੀ। ਚਪੜਾਸੀ ਨੇ ਨਾਲ ਹੀ ਦੋ ਬੈਂਚ ਵੀ ਰੱਖ ਦਿੱਤੇ ਸਨ ਤਾਂ ਜੋ ਬੱਚਿਆਂ ਦੇ ਨਾਲ ਆਏ ਮਾਂ ਪਿਓ ਬੈਠ ਸਕਣ। ਜ਼ਿਆਦਾਤਰ ਮਾਂਵਾਂ ਹੀ ਆਉਂਦੀਆਂ ਸਨ ਕਿਉਂਕਿ ਆਦਮੀ ਤਾਂ ਲਗਭਗ ਉਸ ਵੇਲੇ ਕੰਮ-ਕਾਰ ਲਈ ਚਲੇ ਜਾਂਦੇ ਸਨ। ਕੋਈ ਖੇਤਾਂ ਨੂੰ ਚਲਾ ਗਿਆ ਤੇ ਕੋਈ ਮਿਹਨਤ ਮਜ਼ਦੂਰੀ ਕਰਣ। ਉਂਜ ਵੀ ਚੰਗੇ ਘਰਾਂ ਦੇ ਬੱਚੇ ਤਾਂ ਨਾਲ ਲੱਗਦੇ ਸ਼ਹਿਰ ਦੇ ਮਾਡਲ ਸਕੂਲਾਂ ਵਿੱਚ ਪੜ੍ਹਦੇ ਸਨ। ਪਿੰਡ ਦੇ ਸਰਕਾਰੀ ਸਕੂਲ, ਜਿੱਥੇ ਕਮਰੇ ਹੀ ਪੂਰੇ ਨਹੀਂ ਸਨ, ਕੱਚੀ ਪੱਕੀ ਜਿਹੀ ਇਮਾਰਤ, ਨਾ ਕੋਈ ਸਹੂਲਤਾਂ, ਬਿਜਲੀ ਵੀ ਅੱਧਾ ਸਮਾਂ ਹੀ ਰਹਿੰਦੀ, ਵਿੱਚ ਤਾਂ ਵਿਚਾਰੇ ਗ਼ਰੀਬਾਂ ਦੇ ਨਿਆਣੇ ਹੀ ਆਉਂਦੇ। ਕਈਆਂ ਦੇ ਤਾਂ ਨਾਂ ਹੀ ਲਿਖੇ ਹੁੰਦੇ, ਕਦੀ ਆਏ ਕਦੀ ਨਾ ਆਏ। ਕਿਸੇ ਦੇ ਘਰ ਦੀ ਮਜਬੂਰੀ ਤੇ ਬਹੁਤਿਆਂ ਦਾ ਪੜ੍ਹਾਈ ਵਿੱਚ ਦਿਲ ਨਾ ਲਗਦਾ। ਉਂਜ ਵੀ ਜੇ ਹਫ਼ਤੇ ਵਿਚ ਦੋ ਦਿਨ ਹੀ ਸਕੂਲ ਜਾਓ ਤਾਂ ਪੜ੍ਹਾਈ ਦੀ ਸਮਝ ਵੀ ਕੀ ਆਉਣੀ, ਪਿਛੜਨਾ ਹੀ ਹੈ।

ਮੁੰਡੇ ਤਾਂ ਫੇਰ ਵੀ ਸਕੂਲ ਆ ਜਾਂਦੇ, ਕੁੜੀਆਂ ਵਿਚਾਰੀਆਂ ਤਾਂ ਚਾਹੁੰਦੇ ਹੋਏ ਵੀ ਨਾ ਆ ਸਕਦੀਆਂ। ਜੇ ਕੁੜੀ ਘਰ ਵਿੱਚ ਵੱਡੀ ਹੈ ਤਾਂ ਬਾਕੀ ਦੇ ਨਿੱਕੇ ਭੈਣ ਭਰਾਵਾਂ ਦੀ ਜ਼ਿੰਮੇਵਾਰੀ, ਘਰ ਦਾ ਕੰਮ ਵੀ ਕਰਨਾ ਬਹੁਤ ਸਾਰੀਆਂ ਹੋਰ ਵੀ ਰੁਕਾਵਟਾਂ। ਅਧਿਆਪਕਾਂ ਦੇ ਸਿਰ 'ਤੇ ਮਹਿਕਮੇ ਦਾ ਡੰਡਾ, ਜੇ ਗਿਣਤੀ ਘੱਟ ਤਾਂ ਪੋਸਟਾਂ ਨੂੰ ਖ਼ਤਰਾ। ਸੈਸ਼ਨ ਸ਼ੁਰੂ ਹੁੰਦਿਆਂ ਹੀ ਕੁਝ ਅਧਿਆਪਕਾਂ ਦੀ ਡਿਊਟੀ ਘਰੋਂ ਘਰੀਂ ਜਾ ਕੇ ਦਾਖ਼ਲਾ ਕਰਨ ਦੀ ਹੁੰਦੀ, ਘਰ ਵਾਲਿਆਂ ਨੂੰ ਸਮਝਾ ਕੇ ਬੱਚਿਆ ਨੂੰ ਪੜ੍ਹਨ ਲਈ ਪ੍ਰੇਰਿਤ ਕਰਨ ਦੀ ਹੁੰਦੀ। ਸ਼ਾਇਦ ਕਿਸੇ ਨੂੰ ਯਕੀਨ ਨਾ ਆਵੇ, ਪਰ ਇਹ ਸੱਚ ਹੈ। ਅਜੇ ਤੱਕ ਵੀ ਪਿੰਡਾਂ ਵਿੱਚ ਦਸਵੀਂ ਤੱਕ ਬਹੁਤ ਘੱਟ ਬੱਚੇ ਪਹੁੰਚਦੇ ਹਨ ਤੇ ਸ਼ਹਿਰਾਂ ਦੇ ਸਰਕਾਰੀ ਸਕੂਲਾਂ ਦੀ ਹਾਲਤ ਵੀ ਕੋਈ ਬਹੁਤੀ ਵਧੀਆ ਨਹੀਂ। ਸਾਡੇ ਦੇਸ਼ ਵਿਚ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਦੀ ਇੱਛਾ ਹਰ ਅਧਿਆਪਕ ਦੀ ਹੈ, ਪਰ ਇੱਥੇ ਆਪਣੇ ਬੱਚਿਆ ਨੂੰ ਪੜ੍ਹਾਉਣਾ ਕੋਈ ਨਹੀਂ ਚਾਹੁੰਦਾ। ਇਕ ਗੱਲ ਜ਼ਰੂਰ ਹੈ, ਸਰਕਾਰ ਦੀ 'ਮਿਡ ਡੇ ਮੀਲ' ਦੀ ਸਕੀਮ ਕਰਕੇ ਕੁਝ ਗ਼ਰੀਬ ਬੱਚੇ ਰੋਟੀ ਦੇ ਲਾਲਚ ਕਰਕੇ ਸਕੂਲ ਆ ਜਾਂਦੇ ਹਨ।

ਪਹਿਲਾਂ ਨਾਲੋਂ ਤਾਂ ਗਿਣਤੀ ਵੱਧ ਹੀ ਸੀ। ਨਿਸ਼ਾ ਮੈਡਮ ਕੋਲ ਕੋਈ ਨਾ ਕੋਈ ਨਵਾਂ ਬੱਚਾ ਦਾਖ਼ਲੇ ਲਈ ਆ ਹੀ ਰਿਹਾ ਸੀ। ਬਹੁਤੇ ਤਾਂ ਪਹਿਲੀ ਜਮਾਤ ਵਿੱਚ ਹੀ ਦਾਖ਼ਲੇ ਲਈ ਆਉਂਦੇ, ਕੋਈ ਕੋਈ ਕਿਸੇ ਹੋਰ ਸਕੂਲ 'ਚੋਂ ਬਦਲ ਕੇ ਵੀ ਆ ਜਾਂਦਾ। ਬਾਰ੍ਹਾਂ ਵੱਜ ਚੁੱਕੇ ਸਨ। ਚਪੜਾਸੀ ਚਾਹ ਦਾ ਕੱਪ ਰੱਖ ਗਿਆ ਸੀ। ਨਿਸ਼ਾ ਨੇ ਇਕ ਦੋ ਘੁੱਟ ਹੀ ਭਰੇ ਸਨ ਕਿ ਇਕ ਔਰਤ ਨਿਆਣੇ ਦੀ ਉਂਗਲ ਫੜ ਕੇ ਉਸ ਵੱਲ ਨੂੰ ਆਈ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਬੈਂਚ 'ਤੇ ਬਹਿ ਗਈ। ਨਿਸ਼ਾ ਨੇ ਚਾਹ ਮੁਕਾ ਕੇ ਫਾਰਮ ਕੱਢਿਆ ਤੇ ਜਨਮ ਪ੍ਰਮਾਣ ਪੱਤਰ ਵੇਖ ਕੇ ਵੇਰਵੇ ਭਰਨ ਲੱਗ ਪਈ। ਉਸ ਨੂੰ ਉਸ ਔਰਤ ਦਾ ਚਿਹਰਾ ਜਾਣਿਆ-ਪਛਾਣਿਆ ਲੱਗ ਰਿਹਾ ਸੀ। ਔਰਤ ਨੇ ਫਾਰਮ 'ਤੇ ਟੁੱਟੇ ਭੱਜੇ ਜਿਹੇ ਦਸਤਖ਼ਤ ਕੀਤੇ। ਨਿਸ਼ਾ ਨੂੰ ਜਿਵੇਂ ਕੁਝ ਯਾਦ ਜਿਹਾ ਆਇਆ ਤੇ ਉਸ ਪੁੱਛਿਆਂ ਕਿ ਪਹਿਲਾ ਵੀ ਇਸ ਮੁੰਡੇ ਦਾ ਕੋਈ ਭੈਣ-ਭਰਾ ਇੱਥੇ ਪੜ੍ਹਦਾ ਹੈ, ਤਾਂ ਉਸ ਹਾਂ ਵਿੱਚ ਸਿਰ ਹਿਲਾ ਕੇ ਦੱਸਿਆ ਕਿ ਦੋ ਬੱਚੇ ਇਕ ਕੁੜੀ ਤੇ ਇਕ ਮੁੰਡਾ ਇੱਥੇ ਪੜ੍ਹਦੇ ਹਨ। ਨਿਸ਼ਾ ਮੈਡਮ ਨੂੰ ਹਾਲੇ ਵੀ ਕੁਝ ਰੜਕ ਜਿਹਾ ਰਿਹਾ ਸੀ।

ਉਸਨੇ ਫੇਰ ਪੁੱਛਿਆਂ ਕਿ ਪੰਜਵੀਂ ਜਮਾਤ ਵਿੱਚ ਪੜ੍ਹਦਾ ਤੇਜਵੰਤ ਇਸ ਦਾ ਭਰਾ ਹੈ? ਔਰਤ ਨੇ ਹਾਂ ਵਿੱਚ ਸਿਰ ਹਿਲਾਇਆ। ਨਿਸ਼ਾ ਨੂੰ ਜਿਵੇਂ ਕੁਝ ਯਾਦ ਆਇਆ, ਕੁਝ ਅੱਖਰ ਉਸ ਦੀਆਂ ਅੱਖਾਂ ਅੱਗੇ ਘੁੰਮ ਰਹੇ ਸਨ, ਉਸ ਨੇ

ਸੰਗਦਿਆਂ ਹੋਏ ਜਿਹੇ ਪੁੱਛਿਆ, "ਜਿੱਥੋਂ ਤੱਕ ਮੈਨੂੰ ਯਾਦ ਹੈ, ਉਸਦੇ ਪਿਤਾ ਜੀ ਦਾ ਨਾਂ...... ਤੇ ਗੱਲ ਅਧੂਰੀ ਜਿਹੀ ਰਹਿ ਗਈ। ਔਰਤ ਨੇ ਨੀਵੀਂ ਪਾਈ ਹੋਈ ਸੀ। ਕੀ

ਤੇਜਵੰਤ ਦੇ ਪਿਤਾ ਜੀ ਇਸ ਦੁਨੀਆ ਵਿੱਚ ਨਹੀਂ? ਨਹੀਂ ਜੀ ਨਹੀਂ, ਉਹ ਜ਼ਿੰਦਾ ਹਨ, ਔਰਤ ਨੇ ਆਖਿਆ। ਨਿਸ਼ਾ ਦੀਆਂ ਅੱਖਾਂ ਵਿੱਚ ਕਈ ਸਵਾਲ ਸਨ। ਕੁਝ ਚਿਰ ਚੁੱਪ ਰਹਿਣ ਤੋਂ ਬਾਅਦ ਔਰਤ ਨੇ ਹੌਲੀ ਜਿਹੀ ਬੋਲਣਾ ਸ਼ੁਰੂ ਕੀਤਾ, ਭੈਣ ਜੀ, ਕੀ ਦੱਸਾਂ, ਕਿਸਮਤ ਦੀ ਖੇਡ ਆਖਾ ਜਾਂ ਤਕਦੀਰ। ਅਸੀਂ ਚਾਰ ਭੈਣਾਂ, ਘਰ ਵਿੱਚ ਅੱਤ ਦੀ ਗ਼ਰੀਬੀ। ਕਦੀ ਰੋਟੀ ਪੱਕੀ ਤੇ ਕਦੀ ਨਾ। ਕਿਸੇ ਵਿਚੋਲੇ ਨੇ ਰਿਸ਼ਤਾ ਕਰਾਇਆ। ਸਹੁਰੇ ਵੀ ਠੀਕ-ਠਾਕ, ਪਰ ਪੇਕਿਆਂ ਨਾਲੋਂ ਚੰਗੇ, ਖਾਣਾ-ਪੀਣਾ ਠੀਕ, ਕੁਝ ਜ਼ਮੀਨ, ਡੰਗਰ ਵੀ ਹਨ। ਮੇਰੇ ਘਰਵਾਲੇ ਸਮੇਤ ਇਹ ਤਿੰਨ ਭਰਾ ਹਨ। ਜੇਠ ਦੀ ਲੱਤ ਵਿੱਚ ਨੁਕਸ ਹੋਣ ਕਰਕੇ ਉਸਦਾ ਵਿਆਹ ਨਹੀਂ ਸੀ ਹੋਇਆ। ਸਾਲ ਕੁ ਛੋਟਾ ਦਿਉਰ ਕੁਆਰਾ। ਅੱਠ ਦਸ ਦਿਨ ਸਭ ਠੀਕ ਰਿਹਾ। ਅਗਲੀ ਰਾਤ ਦਿਉਰ ਨੂੰ ਕਮਰੇ ਵਿੱਚ ਵੇਖ ਕੇ ਮੈਂ ਹੈਰਾਨ, ਕੁਝ ਬੋਲਣ ਹੀ ਲੱਗੀ ਸੀ ਕਿ ਮਗਰੇ ਸੱਸ ਅੰਦਰ ਵੜ ਆਈ। 'ਮੇਰੀ ਗੱਲ ਧਿਆਨ ਨਾਲ ਸੁਣ ਲੈ ਕੁੜੀਏ, ਸਾਡੇ ਕੋਲ ਥੋੜ੍ਹੀ ਜਿਹੀ ਜ਼ਮੀਨ ਹੈ ਤੇ ਅਸੀਂ ਉਸ ਦੇ ਹਿੱਸੇ ਨਹੀਂ ਕਰਨੇ। ਬਾਕੀ ਤੂੰ ਆਪੇ ਸਮਝ ਜਾ। ਵੱਸਣਾ ਹੈ ਤਾਂ ਤੇਰੀ ਮਰਜ਼ੀ ਨਹੀਂ ਤਾਂ ਕੱਲ੍ਹ ਸਵੇਰੇ ਆਪਣੇ ਘਰ ਜਾਹ। ਇਕ ਗੱਲ ਹੋਰ, ਤੇਰੇ ਮਾਂ-ਪਿਓ ਨੂੰ ਸਭ ਪਤਾ ਹੈ। ਇਹ ਸੁਣ ਕੇ ਇਕ ਵਾਰੀ ਤਾਂ ਮੈਂ ਸੁੰਨ ਹੋ ਗਈ। ਕਿਧਰ ਨੂੰ ਜਾਵਾਂ, ਕੀ ਕਰਾਂ, ਪੜ੍ਹੀ ਲਿਖੀ ਮੈਂ ਨਹੀਂ। ਤਿੰਨੋਂ ਬੱਚੇ ਇਸੇ ਖ਼ਾਨਦਾਨ ਦੇ ਹਨ। ਜੋ ਰੱਬ ਦਾ ਭਾਣਾ, ਭੈਣ ਜੀ ਮੈ ਤੁਹਾਨੂੰ ਆਪਣੀ ਕਹਾਣੀ ਸੁਣਾ ਦਿੱਤੀ। ਜਿਵੇਂ ਤੁਹਾਨੂੰ ਠੀਕ ਲੱਗੇ ਕਰਨਾ। ਉਹ ਤਾਂ ਉੱਠ ਕੇ ਚਲੀ ਗਈ, ਪਰ ਹੁਣ ਸੁੰਨ ਹੋਣ ਦੀ ਵਾਰੀ ਨਿਸ਼ਾ ਦੀ ਸੀ। ਦੁਨੀਆਂ ਕਿੱਥੇ ਪਹੁੰਚ ਗਈ ਹੈ ਪਰ ਔਰਤ ਅੱਜ ਵੀ---।

#3200/40- ਡੀ,
ਚੰਡੀਗੜ੍ਹ।
98889-73200



## ਰੀਤ

ਡਾ. ਸੋਨੀਆ

ਕੋਈ ਰੀਤ ਕਿਉਂ ਅਜ਼ਮਾਏ ਇਸ਼ਕ ਰਾਹਾਂ ਨੂੰ
ਸੱਸੀ ਹਰ ਵਾਰ ਕਿਉਂ ਤਰ ਜਾਵੇ ਚਨਾਵਾਂ ਨੂੰ ?

ਅਸੀਂ ਤੇਰੇ ਲਈ ਖ਼ਾਸ ਨਹੀਂ, ਅਕਸਰ ਸੋਚਦੇ ਹਾਂ,
ਤੇਰੀ ਆਹਟ ਹੀ ਕਾਫ਼ੀ ਜੋ ਚਲਦੀ ਰੱਖਦੀ ਸਾਹਾਂ ਨੂੰ।

ਤੂੰ ਪਾਕ ਗੁਣੀ ਤੇਰੇ ਵਰਗਾ ਨਾ ਕੋਈ ਹੋਰ,
ਐ! ਸੱਜਣ ਬਖ਼ਸ਼ ਸਾਡੇ ਐਬ ਗੁਨਾਹਾਂ ਨੂੰ।

ਤੇਰੇ ਵਿਛੋੜੇ ਮਾਰ ਮੁਕਾਇਆ ਸਾਨੂੰ ਝੱਲਿਆ,
ਇਕ ਵਾਰ ਨੇੜੇ ਆ ਮਹਿਕਾ ਦੇ ਫਿਰ ਫਿਜ਼ਾਵਾਂ ਨੂੰ।

ਤੂੰ ਜਿੱਥੇ ਰਹੇ ਰਾਜੀ ਰਹੇ ਸੱਜਣਾਂ ਵੇ,
ਸਿਰ ਮੱਥੇ ਮੰਨ ਲਿਆ ਤੇਰੀਆਂ ਰਜਾਵਾਂ ਨੂੰ।


ਤੇਰੀ ਦੀਦ ਮੱਕੇ ਦਾ ਹੱਜ ਸਾਨੂੰ ਰਹਿਬਰ,
ਨਾ ਸਰਦਲ 'ਤੇ ਖੜਿਆ ਨੂੰ ਦੇ ਸਜਾਵਾਂ ਤੂੰ।

ਜੇ ਮੁਹੱਬਤ ਏ ਖ਼ੁਦਾਈ ਦੱਸ ਲੋਕਾਂ,
ਕਿਉਂ ਸੱਸੀ ਇਕੱਲੀ ਭੁਗਤੇ ਸਜਾਵਾਂ ਨੂੰ?

ਇਸ਼ਕ ਨਹੀਓ ਸੌਖਾ ਇਸਦਾ ਰੁਤਬਾ ਔਖਾ,
ਕੱਚਿਆਂ 'ਤੇ ਤਰਾ ਦਿੰਦਾ ਆਸ਼ਕ ਮਲਾਹਾਂ ਨੂੰ।

5-ਏ, ਸ਼ਾਸਤਰੀ ਕਲੋਨੀ,
ਅੰਬਾਲਾ ਕੈਂਟ-133001 (ਹਰਿਆਣਾ)
88475-34318

# ਮਜ਼ਹਬ ਅਤੇ ਇਨਸਾਨੀਅਤ



ਲਾਜਪਤ ਰਾਏ ਗਰਗ

ਸਲੀਮ ਅਤੇ ਅਨੀਸ਼ਾ, ਹਮ-ਉਮਰ ਹੋਣ ਕਰਕੇ ਬਚਪਨ ਤੋਂ ਨਾਲ-ਨਾਲ ਖੇਡਦੇ-ਪੜ੍ਹਦੇ ਵੱਡੇ ਹੋਏ। ਗੁਆਂਢੀ ਹੋਣ ਦੇ ਨਾਲ-ਨਾਲ ਉਹ ਸਕੇ ਮਾਮੇ-ਭੂਆ ਦੇ ਬੇਟਾ-ਬੇਟੀ ਵੀ ਸਨ।

ਅੱਲ੍ਹੜਪੁਣੇ ਤੋਂ ਜਵਾਨੀ ਦੀ ਦਹਿਲੀਜ਼ ਤੇ ਕਦਮ ਰੱਖਦਿਆਂ ਹੀ ਦੋਹਾਂ ਦੇ ਦਿਲਾਂ ਦੇ ਤਾਰ ਇਕੱਠੇ ਹਿੱਲਣ ਲੱਗੇ। ਘਰ ਵਾਲਿਆਂ ਤੋਂ ਛੁਪ ਛੁਪਾ ਕੇ ਮਿਲਣ-ਜੁਲਣ ਦਾ ਸਿਲਸਿਲਾ ਸ਼ੁਰੂ ਹੋਇਆ। ਕਦੀ ਸਕੂਲ ਤੋਂ ਆਉਂਦੇ ਹੋਇਆਂ ਬਾਗ਼ ਵਿਚ ਰੁਕ ਜਾਂਦੇ ਤਾਂ ਪਤਾ ਹੀ ਨਹੀਂ ਚਲਦਾ, ਕਿੰਨਾ ਸਮਾਂ ਬੀਤ ਗਿਆ। ਘਰ ਵਾਲਿਆਂ ਦੇ ਸਵਾਲ-ਜਵਾਬ ਕਰਨ 'ਤੇ ਬਹਾਨੇ ਬਣਾਉਣੇ ਸ਼ੁਰੂ ਕਰ ਦਿੱਤੇ, ਪਰ ਕਦੋਂ ਤੱਕ ਬਹਾਨੇ ਬਣਾਉਂਦੇ? ਇਕ ਦਿਨ ਅਨੀਸ਼ਾ ਦੀ ਅੰਮੀ ਜੁਬੇਦਾ ਬੇਗ਼ਮ ਨੇ ਸ਼ਾਮ ਨੂੰ ਪੜ੍ਹਨ ਦੇ ਬਹਾਨੇ ਬਰਸਾਤੀ 'ਚ ਗਏ ਅਨੀਸ਼ਾ ਅਤੇ ਸਲੀਮ ਨੂੰ ਪੜ੍ਹਨਾ ਛੱਡ ਹੋਰ ਬਹੁਤ ਕੁਝ ਕਰਦਿਆਂ ਫੜ੍ਹ ਲਿਆ। ਸਲੀਮ ਨੇ ਭੂਆ ਦੀ ਮਿੰਨਤ ਕੀਤੀ ਅਤੇ ਅੱਗੇ ਤੋਂ ਅਜਿਹਾ ਕੁਝ ਨਾ ਕਰਨ ਦੀ ਕਸਮ ਖਾਂਦਿਆਂ ਹੋਇਆਂ ਕੰਨਾਂ ਨੂੰ ਹੱਥ ਲਾਏ।

ਇਸ ਤਰ੍ਹਾਂ ਆਪਣੀ ਜਾਨ ਬਖਸ਼ਵਾਈ।

ਜੁਬੇਦਾ ਬੇਗ਼ਮ ਮਨ-ਹੀ-ਮਨ ਖ਼ੁਸ਼ ਸੀ ਕਿ ਉਸ ਦੀ ਧੀ ਦੇ ਪੈਰ ਫਿਸਲੇ ਵੀ ਹਨ ਤਾਂ ਕਿਸੇ ਗ਼ਲਤ ਥਾਂ 'ਤੇ ਨਹੀਂ, ਬਲਕਿ ਉੱਥੇ ਜਿੱਥੇ ਉਹਦਾ ਖ਼ੁਦ ਦਾ ਮਨ ਚਾਹੁੰਦਾ ਸੀ ਕਿ ਅਨੀਸ਼ਾ ਦਾ ਰਿਸ਼ਤਾ ਹੋਵੇ।

ਰਾਤ ਹੋਈ, ਖਾਣਾ ਖਾ ਕੇ ਠੰਡ ਤੋਂ ਬਚਣ ਲਈ ਸਾਰੇ ਆਪਣੇ-ਆਪਣੇ ਬਿਸਤਰਿਆਂ 'ਚ ਵੜਨ ਦੀ ਫ਼ਿਰਾਕ 'ਚ ਸਨ। ਜੁਬੇਦਾ ਨੇ ਮੰਜੀ ਦੀ ਖੱਬੀ ਬਾਂਹ ਵੱਲ ਪਾਸਾ ਮਾਰ ਕੇ ਨਾਲ ਵਾਲੀ ਮੰਜੀ 'ਤੇ ਪਏ ਆਪਣੇ ਖ਼ਾਵੰਦ ਅਖ਼ਤਰ ਮੀਆਂ, ਜੋ ਸਾਰੇ ਦਿਨ ਦਾ ਥੱਕਿਆ ਹੋਇਆ ਬਿਸਤਰੇ ਦੀ ਗਰਮੀ ਲੈ ਕੇ ਆਪਣੀ ਥਕਾਵਟ ਲਾਹੁਣ ਦਾ ਯਤਨ ਕਰ ਰਿਹਾ ਸੀ, ਦੀ ਬਾਂਹ ਆਪਣੇ ਸੱਜੇ ਹੱਥ ਨਾਲ ਟਟੋਲਦਿਆਂ ਹੋਇਆਂ ਉਸ ਨੂੰ ਆਪਣੇ ਵੱਲ ਮੂੰਹ ਕਰਨ ਲਈ ਮਜਬੂਰ ਕੀਤਾ। ਅਖ਼ਤਰ ਦੇ ਪਾਸਾ ਮਾਰਦਿਆਂ ਹੀ ਜੁਬੇਦਾ ਨੇ ਫੁਸਫੁਸਾ ਕੇ ਕਿਹਾ,"ਏ ਜੀ, ਤੁਹਾਨੂੰ ਕੁੱਝ ਖ਼ਬਰ ਵੀ ਹੈ ਕਿ ਆਪਣੀ ਅਨੀਸ਼ਾ ਵੱਡੀ ਹੋ ਗਈ ਹੈ!"

"ਏਨੀ ਵੀ ਕਿਹੜੀ ਵੱਡੀ ਹੋਈ ਹੈ, ਹਾਲੇ ਤਾਂ ਬਾਰ੍ਹਵੀਂ ਵਿਚ ਹੀ ਪੜ੍ਹ ਰਹੀ ਹੈ।"

"ਤੁਹਾਨੂੰ ਨਹੀਂ ਲਗਦਾ, ਨਾ ਸਹੀ। ਲੇਕਿਨ ਜਦੋਂ ਮੈਂ ਇਸ ਦੀ ਉਮਰ ਦੀ ਸੀ ਤਾਂ ਅਨੀਸ਼ਾ ਮੇਰੇ ਪੇਟ 'ਚ ਆ ਚੁੱਕੀ ਸੀ।"

"ਅਰੇ, ਉਦੋਂ ਦੀ ਗੱਲ ਹੋਰ ਸੀ। ਹੁਣ ਜ਼ਮਾਨਾ ਬਦਲ ਗਿਆ ਹੈ। ਬਾਰ੍ਹਵੀਂ ਪਾਸ ਕਰਦਿਆਂ ਹੀ ਮੈਂ ਉਸ ਨੂੰ ਕਾਲਜ ਭੇਜਾਂਗਾ। ਜਦੋਂ ਤੱਕ ਉਹ ਪੜ੍ਹਾਈ ਕਰਨਾ ਚਾਹੇਗੀ, ਪੜ੍ਹਨ ਦੇਵਾਂਗਾ। ਹੁਣ ਤੂੰ ਸੌਂ ਜਾ ਅਤੇ ਮੈਨੂੰ ਵੀ ਸੌਣ ਦੇ।"

"ਮੈਂ ਤੁਹਾਨੂੰ ਸਾਵਧਾਨ ਕਰ ਦਿੱਤਾ ਹੈ, ਫਿਰ ਨਾ ਕਹਿਣਾ ਜੇਕਰ ਕੁਝ ਉੱਚਾ-ਨੀਵਾਂ ਹੋ ਗਿਆ?"

"ਅਜਿਹਾ ਕੀ ਹੋ ਗਿਆ ਹੈ?"

"ਇਹ ਪੁੱਛੋ ਕਿ ਕੀ ਨਹੀਂ ਹੋਇਆ?"

"ਆਖ਼ਿਰ ਕੁਝ ਦੱਸੇਂਗੀ ਵੀ ਜਾਂ ਬੁਝਾਰਤਾਂ ਹੀ ਪਾਈ ਜਾਵੇਂਗੀ।"

"ਅੱਜ ਸ਼ਾਮ ਵੇਲੇ ਰੋਜ਼ਾਨਾ ਵਾਂਗ ਸਲੀਮ ਅਤੇ ਅਨੀਸ਼ਾ ਪੜ੍ਹਨ ਲਈ ਬਰਸਾਤੀ 'ਚ ਗਏ। ਮੈਨੂੰ ਕੁਝ ਦਿਨਾਂ ਤੋਂ ਉਨ੍ਹਾਂ ਦੀਆਂ ਹਰਕਤਾਂ ਤੋਂ ਸ਼ੱਕ ਹੋ ਰਿਹਾ ਸੀ। ਮੈਂ ਕੁਝ ਦੇਰ ਬਾਅਦ ਦੱਬੇ ਪੈਰੀਂ ਛੱਤ 'ਤੇ ਗਈ। ਮੇਰੀ ਅੱਖਾਂ ਦੇ ਅੱਗੇ ਹਨੇਰਾ ਛਾ ਗਿਆ। ਕੀ ਵੇਖਦੀ ਹਾਂ ਕਿ ਸਲੀਮ ਨੇ ਅਨੀਸ਼ਾ ਨੂੰ ਆਪਣੀਆਂ ਬਾਂਹਾਂ ਵਿਚ ਜਕੜ ਰੱਖਿਆ ਸੀ ਅਤੇ ...."

ਅਖ਼ਤਰ ਨੇ ਬੇਚੈਨੀ ਨਾਲ ਪੁੱਛਿਆ- 'ਅਤੇ ਕੀ ...?"

ਹੁਣ ਅਖ਼ਤਰ ਰਜਾਈ ਛੱਡ ਕੇ ਉੱਠ ਬੈਠਾ। ਕਹਿਣ ਲੱਗਾ,"ਤਾਂ ਤੂੰ ਚਾਹੁੰਦੀ ਹੈਂ ਕਿ ਇਨ੍ਹਾਂ ਦੀ ਸ਼ਾਦੀ ਕਰ ਦੇਈਏ!"

"ਹਾਂ, ਮੇਰੀ ਤਾਂ ਇਹੋ ਇੱਛਾ ਹੈ।"

"ਸਲੀਮ ਲੜਕਾ ਤਾਂ ਚੰਗਾ ਹੈ, ਲੇਕਿਨ ਤੇਰਾ ਭਰਾ ਆਬਿਦ ਤਾਂ ਮੈਨੂੰ ਫੁੱਟੀ ਅੱਖ ਨਹੀਂ ਸੁਹਾਂਦਾ। ਉਹ ਕਿਹੜਾ ਐਬ ਹੈ ਜਿਹੜਾ ਉਸ 'ਚ ਨਹੀਂ ਹੈ! ਉਸ ਘਰੇ ਅਨੀਸ਼ਾ ਦਾ ਗੁਜ਼ਾਰਾ

ਕਿਵੇਂ ਹੋਵੇਗਾ?"

ਭਰਾ ਕਿਹੋ ਜਿਹਾ ਵੀ ਕਿਉਂ ਨਾ ਹੋਵੇ, ਕੋਈ ਵੀ ਔਰਤ ਪੇਕਿਆਂ ਤੋਂ ਵਿਦਾ ਹੋਣ ਪਿੱਛੋਂ ਉਸ ਦੀ ਬੁਰਾਈ ਨਹੀਂ ਸੁਣ ਸਕਦੀ, ਪਤੀ ਤੋਂ ਤਾਂ ਕਦੇ ਵੀ ਨਹੀਂ। ਇਸ ਲਈ ਜੁਬੇਦਾ ਨੇ ਉੱਠ ਕੇ ਬੈਠਦਿਆਂ ਹੋਇਆਂ ਕਿਹਾ,"ਤੁਹਾਨੂੰ ਤਾਂ ਬਸ ਮੌਕਾ ਚਾਹੀਦਾ ਹੈ ਮੇਰੇ ਭਰਾ ਨੂੰ ਬੁਰਾ-ਭਲਾ ਕਹਿਣ ਦਾ। ਉਹਨੇ ਤੁਹਾਡਾ ਕੀ ਵਿਗਾੜਿਆ ਹੈ? ਆਪਣੇ ਘਰ ਚੰਗਾ ਖਾਂਦੇ-ਪੀਂਦੇ ਹਨ। ਮੰਨਿਆ ਕਿ ਮੇਰਾ ਭਰਾ ਤੁਹਾਨੂੰ ਚੰਗਾ ਨਹੀਂ ਲੱਗਦਾ, ਪਰ ਸਲੀਮ 'ਚ ਤਾਂ ਕੋਈ ਨੁਕਸ ਨਹੀਂ। ਦੂਜੇ, ਸਲਮਾ ਭਾਬੀ ਤਾਂ ਇਹੋ ਜਿਹੀ ਹੈ ਜਿਵੇਂ ਮੂੰਹ 'ਚ ਜ਼ਬਾਨ ਹੀ ਨਾ ਹੋਵੇ।"

"ਸ਼ਾਦੀ ਦੇ ਬਾਅਦ ਲੜਕੀ ਨੇ ਤਾਂ ਘਰ ਦੀ ਔਰਤ ਨਾਲ ਹੀ ਜ਼ਿਆਦਾ ਸਮਾਂ ਬਿਤਾਉਣਾ ਹੁੰਦਾ ਹੈ। ਉਸ ਘਰੇ ਅਨੀਸ਼ਾ ਨੂੰ ਕੋਈ ਤਕਲੀਫ਼ ਨਹੀਂ ਹੋਵੇਗੀ।"

"ਤੇਰੀ ਗੱਲ ਤਾਂ ਠੀਕ ਹੈ। ਸਹੀ ਉਮਰ ਵਿਚ ਸ਼ਾਦੀ ਹੋ ਜਾਵੇ ਤਾਂ ਲੜਕੀ ਵੱਲੋਂ ਚਿੰਤਾ ਖ਼ਤਮ ਹੋ ਜਾਂਦੀ ਹੈ। ਕਿਸੇ ਵੇਲੇ ਜਦੋਂ ਤੈਨੂੰ ਠੀਕ ਲੱਗੇ, ਆਬਿਦ ਨਾਲ ਗੱਲ ਕਰ ਲਈਂ।"

ਇੰਨਾ ਕਹਿ ਕੇ ਅਖ਼ਤਰ ਨੇ ਬਿਸਤਰੇ 'ਚ ਪੈਰ ਪਸਾਰੇ ਅਤੇ ਕੁੱਝ ਹੀ ਮਿੰਟਾਂ ਵਿੱਚ ਉਸਦੇ ਘੁਰਾੜੇ ਕਮਰੇ ਵਿਚ ਗੂੰਜਣ ਲੱਗ ਪਏ। ਜੁਬੇਦਾ ਦੇ ਮਨ ਵਿਚ ਲੱਡੂ ਫੁੱਟਣ ਲੱਗੇ। ਉਸ ਦੇ ਮਨ ਦੀ ਮੁਰਾਦ ਪੂਰੀ ਹੋਣ 'ਚ ਕੁਝ ਹੀ ਕਦਮਾਂ ਦਾ ਫ਼ਾਸਲਾ ਰਹਿ ਗਿਆ ਸੀ। ਅਖ਼ਤਰ ਤੋਂ ਹਰੀ ਝੰਡੀ ਮਿਲਣ ਤੋਂ ਬਾਅਦ ਵੀ ਜੁਬੇਦਾ ਦੇ ਮਨ ਵਿਚ ਇੱਕ ਸ਼ੰਕਾ ਸੀ ਕਿ ਸਲੀਮ ਹਾਲੇ ਪੜ੍ਹ ਰਿਹਾ ਹੈ, ਜਦੋਂ ਤੱਕ ਉਹ ਆਪਣੇ ਪੈਰੀਂ ਨਹੀਂ ਖੜ੍ਹਾ ਹੋ ਜਾਂਦਾ, ਅਨੀਸ਼ਾ ਅਤੇ ਸਲੀਮ ਨੂੰ ਆਪਣੀਆਂ ਜ਼ਰੂਰਤਾਂ ਵਾਸਤੇ ਭਾਈਜਾਨ ਦਾ ਮੁਹਤਾਜ ਰਹਿਣਾ ਪਵੇਗਾ। ਇਸ ਸਮੱਸਿਆ ਦਾ ਹੱਲ ਵੀ ਮਨ ਨੇ ਸੁਝਾਅ ਦਿੱਤਾ। ਅਨੀਸ਼ਾ ਇਕਲੌਤੀ ਸੰਤਾਨ ਹੈ। ਦੇਰ-ਸਵੇਰ ਸਾਡਾ ਸਭ ਕੁਝ ਉਸ ਨੂੰ ਹੀ ਤਾਂ ਮਿਲਣਾ ਹੈ। ਅਗਰ ਸ਼ਾਦੀ ਮਗਰੋਂ ਸ਼ੁਰੂ ਤੋਂ ਹੀ ਥੋੜ੍ਹਾ-ਥੋੜ੍ਹਾ ਕਰਕੇ ਦਿੰਦੀ ਰਹਾਂਗੀ ਤਾਂ ਉਨ੍ਹਾਂ ਦੀ ਗ੍ਰਹਿਸਥੀ ਵਿਚ ਕੋਈ ਦਿੱਕਤ ਨਹੀਂ ਆਉਣੀ। ਇਹੀ ਕੁੱਝ ਸੋਚਦਿਆਂ ਉਸ ਦੀ ਪਲਕਾਂ 'ਤੇ ਨੀਂਦ ਹਾਵੀ ਹੋਣ ਲੱਗੀ ਅਤੇ ਉਹ ਜਲਦੀ ਹੀ ਸੌਂ ਗਈ।

ਅਖ਼ਤਰ ਦੀ "ਹਾਂ" ਹੋਣ ਦੇ ਬਾਅਦ ਇੱਕ ਦਿਨ ਜੁਬੇਦਾ ਨੇ ਮੌਕਾ ਵੇਖ ਕੇ ਆਪਣੇ ਭਾਈ ਜਾਨ ਨਾਲ ਗੱਲ ਚਲਾਈ। ਅਨੀਸ਼ਾ ਵਰਗੀ ਸੋਹਣੀ, ਸੁਸ਼ੀਲ ਅਤੇ ਹੁਸ਼ਿਆਰ ਲੜਕੀ ਉਸ ਦੇ ਸਲੀਮ ਦੀ ਬਹੂ ਬਣੇਗੀ, ਸੁਣ ਕੇ ਉਹਦਾ ਸੀਨਾ ਚੌੜਾ ਹੋ ਗਿਆ। ਉਸ ਨੂੰ ਤਾਂ ਲਗਦਾ ਸੀ ਕਿ ਉਸ ਦੀ ਆਪਣੀ ਹਾਲਤ ਨੂੰ ਵੇਖਦਿਆਂ ਕਿਹੜਾ ਭਲਾਮਾਣਸ ਆਪਣੀ ਧੀ ਸਲੀਮ ਨਾਲ ਵਿਆਹੁਣ ਲਈ ਤਿਆਰ ਹੋਵੇਗਾ। ਫਿਰ ਵੀ ਉਸਨੇ ਇਕਦਮ ਹਾਂ ਕਰਨ ਦੀ ਬਜਾਏ ਆਪਣੀ ਬੇਗ਼ਮ ਨਾਲ ਗੱਲ ਕਰਨ ਦੀ ਗੱਲ ਕਹਿ ਕੇ ਫ਼ਿਲਹਾਲ ਮਾਮਲਾ ਟਾਲ ਦਿੱਤਾ। ਜੁਬੇਦਾ ਨੂੰ ਫਿਰ ਵੀ ਕੋਈ ਬੇਚੈਨੀ ਨਹੀਂ ਸੀ ਕਿਉਂਕਿ ਉਹ ਆਪਣੀ ਭਾਬੀ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਵਾਕਿਫ਼ ਸੀ। ਉਹੀ ਹੋਇਆ ਜਿਸ ਦੀ ਉਮੀਦ ਸੀ। ਸਲਮਾ ਖ਼ੁਦ ਲੱਡੂ ਲੈ ਕੇ ਸਵੇਰ ਹੁੰਦੇ ਹੀ ਆ ਗਈ। ਅਖ਼ਤਰ ਅਤੇ ਜੁਬੇਦਾ ਨਾਲ ਵਧਾਈਆਂ ਸਾਂਝੀਆਂ ਕੀਤੀਆਂ। ਅਨੀਸ਼ਾ ਆਪਣੇ ਕਮਰੇ 'ਚ ਖੜ੍ਹੀ ਕੰਨ ਲਾਈ ਸਭ ਕੁੱਝ ਸੁਣ ਰਹੀ ਸੀ। ਉਸਦੇ ਤਾਂ ਪੈਰ ਜ਼ਮੀਨ 'ਤੇ ਨਹੀਂ ਸਨ ਲੱਗ ਰਹੇ।

ਅਨੀਸ਼ਾ ਅਤੇ ਸਲੀਮ ਅਕਸਰ ਸਕੂਲ ਇਕੱਠੇ ਜਾਇਆ ਕਰਦੇ ਸਨ। ਸਕੂਲ ਜਾਂਦੇ ਹੋਇਆਂ ਅਨੀਸ਼ਾ ਨੇ ਦੱਸਿਆ,"ਸਲੀਮ, ਤੈਨੂੰ ਪਤਾ ਹੈ, ਅੱਜ ਮਾਮੀ ਸਵੇਰ ਵੇਲੇ ਸਾਡੇ ਘਰ ਆਈ ਸੀ?"

"ਮੈਨੂੰ ਤਾਂ ਨਹੀਂ ਪਤਾ। ਕਿਉਂ ਆਈ ਸੀ?"

"ਉਨ੍ਹਾਂ ਨੇ ਅੰਮੀ-ਅੱਬੂ ਨੂੰ ਲੱਡੂ ਵੀ ਖਵਾਏ।"

"ਅੰਮੀ ਤੁਹਾਡੇ ਘਰ ਆਈ ਲੱਡੂ ਲੈ ਕੇ, ਲੇਕਿਨ ਕਿਸ ਖ਼ੁਸ਼ੀ ਵਿੱਚ?"

ਸਲੀਮ ਦੀ ਅਣਗਹਿਲੀ ਦਾ ਮਜ਼ਾ ਲੈਣ ਦੇ ਅੰਦਾਜ਼ ਵਿਚ ਅਨੀਸ਼ਾ ਨੇ ਕਿਹਾ,"ਇਹ ਤਾਂ ਮੈਨੂੰ ਵੀ ਪਤਾ ਨਹੀਂ। ਮੈਂ ਤਾਂ ਆਪਣੇ ਕਮਰੇ 'ਚ ਸਕੂਲ ਲਈ ਤਿਆਰ ਹੋ ਰਹੀ ਸੀ।"

"ਜਦ ਕਮਰੇ 'ਚ ਹੁੰਦਿਆਂ ਵੀ ਤੈਨੂੰ ਅੰਮੀ ਦੇ ਆਉਣ ਦਾ, ਲੱਡੂਆਂ ਦਾ ਪਤਾ ਲੱਗ ਗਿਆ ਤਾਂ ਮੈਂ ਨਹੀਂ ਮੰਨਦਾ ਕਿ ਤੂੰ ਉਨ੍ਹਾਂ ਦੀਆਂ ਗੱਲਾਂ ਨਹੀਂ ਸੁਣੀਆਂ ਹੋਣਗੀਆਂ।"

"ਅਰੇ ਬੁੱਧੂ, ਘਰ 'ਚ ਰਹਿੰਦਿਆਂ ਵੀ ਤੈਨੂੰ ਕੋਈ ਖ਼ਬਰ ਨਹੀਂ ਰਹਿੰਦੀ ਕਿ ਘਰ ਵਿੱਚ ਕੀ ਹੋ ਰਿਹਾ ਹੈ? ਮਾਮੀ ਤੇਰੀ ਤੇ ਮੇਰੀ ਸ਼ਾਦੀ ਦੀ ਗੱਲ ਪੱਕੀ ਕਰ ਕੇ ਗਈ ਹੈ।"

"ਸੱਚੀ?"

"ਸੱਚੀ।"

ਆਪਣੀ ਖ਼ੁਸ਼ੀ ਜ਼ਾਹਿਰ ਕਰਨ ਲਈ ਸਲੀਮ ਨੇ ਸੱਜੀ ਬਾਂਹ ਅਨੀਸ਼ਾ ਦੀ ਕਮਰ ਦੁਆਲੇ ਵਲੇਟ ਲਈ।

ਉਸਦੀ ਬਾਂਹ ਨੂੰ ਪਰਾਂ ਹਟਾਉਂਦਿਆਂ ਅਨੀਸ਼ਾ ਬੋਲੀ,"ਅਰੇ, ਇਹ ਕੀ ਕਰਦਾਂ ਐਂ, ਕੋਈ ਵੇਖ ਲਵੇਗਾ।"

"ਹੁਣ ਮੈਨੂੰ ਕਿਸੇ ਦਾ ਡਰ ਨਹੀਂ।"

"ਪਰ ਮੈਨੂੰ ਤਾਂ ਹੈ, ਜਦੋਂ ਤੱਕ ਖੁੱਲ੍ਹ ਕੇ ਗੱਲ ਨਹੀਂ ਹੁੰਦੀ।"

"ਠੀਕ ਹੈ, ਠੀਕ ਹੈ। ਹੁਣ ਜ਼ਿਆਦਾ ਨਾ ਬਣ। ਛੁੱਟੀ ਹੋਣ ਬਾਅਦ ਵੇਖਾਂਗਾ।"

"ਹੁਣੇ ਤੋਂ ਹੀ?"

"ਅਰੇ, ਪਿਆਰ ਕਰਾਂਗਾ, ਤੇਰੀ ਇੱਕ ਨਾ ਸੁਣਾਂਗਾ।"

ਸਕੂਲ ਦੀ ਘੰਟੀ ਦੀ ਆਵਾਜ਼ ਦੂਰੋਂ ਸੁਣ ਕੇ ਦੋਵੇਂ ਗੱਲਾਂ ਵਿੱਚੇ ਛੱਡ ਕੇ ਦੌੜ ਪਏ।

ਦੋਹਾਂ ਦੇ ਮਾਂ-ਪਿਓ ਨੇ ਤੈਅ ਕੀਤਾ ਕਿ ਬੱਚਿਆਂ ਦੇ ਇਮਤਿਹਾਨ ਸਿਰ 'ਤੇ ਹਨ। ਇਨ੍ਹਾਂ ਨੂੰ ਅਰਾਮ ਨਾਲ ਇਮਤਿਹਾਨ ਦੇ ਲੈਣ ਦਿੱਤੇ ਜਾਣ, ਫਿਰ ਵਿਆਹ-ਸ਼ਾਦੀ ਦੀਆਂ ਰਸਮਾਂ ਸ਼ੁਰੂ ਕਰਾਂਗੇ। ਜੁਬੇਦਾ ਨੇ ਅਨੀਸ਼ਾ ਨੂੰ ਸਲੀਮ ਨਾਲ ਮਿਲਣ ਤੋਂ ਮਨ੍ਹਾ ਕਰ ਦਿੱਤਾ ਅਤੇ ਸਖ਼ਤ ਹਿਦਾਇਤ ਦਿੱਤੀ ਕਿ ਤੈਨੂੰ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨਾ ਹੈ, ਕਿਉਂਕਿ ਤੇਰੇ ਅੱਬਾ ਚਾਹੁੰਦੇ ਹਨ ਕਿ ਤੂੰ ਚੰਗੇ ਨੰਬਰਾਂ ਨਾਲ ਪਾਸ ਹੋਵੇਂ।"

ਅਨੀਸ਼ਾ ਨੇ ਜਦੋਂ ਇਹ ਗੱਲ ਸਲੀਮ ਨੂੰ ਦੱਸੀ ਤਾਂ ਉਸਨੇ ਕਿਹਾ,"ਹੁਣ, ਅਸੀਂ ਅਜਿਹਾ ਕੁੱਝ ਵੀ ਨਹੀਂ ਕਰਾਂਗੇ, ਜਿਸ ਕਰਕੇ ਅੰਮੀ-ਅੱਬੂ ਨੂੰ ਸ਼ਿਕਾਇਤ ਦਾ ਮੌਕਾ ਮਿਲੇ। ਕੁੱਝ ਹੀ ਦਿਨਾਂ ਦੀ ਤਾਂ ਗੱਲ ਹੈ, ਫਿਰ ਤਾਂ ਅਸੀਂ ਹਮੇਸ਼ਾ ਲਈ ਇੱਕ ਹੋ ਜਾਵਾਂਗੇ।"

"ਤੂੰ ਤਾਂ ਐਨੀ ਅਸਾਨੀ ਨਾਲ ਕਹਿ ਦਿੱਤਾ, ਲੇਕਿਨ ਹੁਣ ਪੜ੍ਹਾਈ 'ਚ ਮਨ ਕਿਵੇਂ ਲੱਗੇਗਾ?"

"ਸਭ ਕੁਝ ਆਪਣੇ ਮਨ-ਮੁਤਾਬਿਕ ਹੋਣ ਵਾਲਾ ਹੈ ਤਾਂ ਕੁਝ ਕੁਰਬਾਨੀ ਤਾਂ ਕਰਨੀ ਹੀ ਪਵੇਗੀ। ਮੈਂ ਤਾਂ ਆਪਣੇ ਮਨ ਨੂੰ ਸਮਝਾ ਲਵਾਂਗਾ, ਤੂੰ ਵੀ ਕੋਸ਼ਿਸ਼ ਕਰੀਂ।"

ਇਮਤਿਹਾਨ ਖ਼ਤਮ ਹੁੰਦੇ ਹੀ ਸਲੀਮ ਅਤੇ ਅਨੀਸ਼ਾ ਦੇ ਅੰਮੀ-ਅੱਬੂ ਨੇ ਰਸਮਾਂ ਪੂਰੀਆਂ ਕਰਕੇ ਉਨ੍ਹਾਂ ਦਾ ਰਿਸ਼ਤਾ ਜਗ ਜ਼ਾਹਿਰ ਕਰ ਦਿੱਤਾ ਅਤੇ ਇਕ ਮਹੀਨੇ ਵਿਚ ਉਨ੍ਹਾਂ ਦਾ ਨਿਕਾਹ ਵੀ ਹੋ ਗਿਆ।

ਸਮੇਂ ਅਨੁਸਾਰ ਇਮਤਿਹਾਨ ਦਾ ਨਤੀਜਾ ਆਇਆ। ਦੋਵੇਂ ਚੰਗੇ ਨੰਬਰਾਂ ਨਾਲ ਪਾਸ ਹੋਏ। ਆਬਿਦ ਚਾਹੁੰਦਾ ਸੀ ਕਿ ਸਲੀਮ ਕਿਸੇ ਕੰਮ-ਧੰਦੇ ਲੱਗੇ, ਪਰ ਸਲੀਮ ਦੀ ਜ਼ਿੱਦ ਅਤੇ ਅਖ਼ਤਰ ਦੇ ਦਬਾਅ ਕਾਰਨ ਉਸਦਾ ਕਾਲਜ ਜਾਣ ਦਾ ਸੁਪਨਾ ਪੂਰਾ ਹੋ ਗਿਆ। ਜਦੋਂ ਗੱਲ ਉੱਠੀ ਅਨੀਸ਼ਾ ਨੂੰ ਅਗਾਂਹ ਪੜ੍ਹਾਉਣ ਦੀ ਤਾਂ ਆਬਿਦ ਨੇ ਕਿਸੇ ਦੀ ਨਾ ਸੁਣੀ। ਅਨੀਸ਼ਾ ਦਾ ਸੁਪਨਾ ਟੁੱਟ ਗਿਆ। ਅਖ਼ਤਰ ਨੂੰ ਵੀ ਨਿਰਾਸ਼ ਹੋਣਾ ਪਇਆ।

ਘਰ ਦੇ ਕੰਮ ਕੋਈ ਬਹੁਤੇ ਨਹੀਂ ਸਨ। ਅਨੀਸ਼ਾ ਕੋਲ ਵਾਧੂ ਸਮੇਂ ਦੀ ਘਾਟ ਨਹੀਂ ਸੀ। ਉਹਨੂੰ ਖ਼ਾਲੀ ਸਮਾਂ ਬਿਤਾਉਣਾ ਮੁਸ਼ਕਿਲ ਲੱਗਣ ਲੱਗਾ। ਉਸਦੇ ਮਨ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝਦਿਆਂ ਹੋਇਆਂ ਵੀ ਸਲੀਮ ਕੁਝ ਨਹੀਂ ਸੀ ਕਰ ਸਕਦਾ। ਇੱਕ ਦਿਨ ਦੁਪਹਿਰ ਵੇਲੇ ਕਾਲਜ ਤੋਂ ਵਾਪਸ ਆਉਣ ਪਿੱਛੋਂ ਸਲੀਮ ਖਾਣਾ ਖਾ ਕੇ ਲੇਟਿਆ ਹੋਇਆ ਸੀ ਕਿ ਅਨੀਸ਼ਾ ਵੀ ਰਸੋਈ ਦਾ ਕੰਮ ਨਿਪਟਾ ਕੇ ਉਸਦੇ ਕੋਲ ਆ ਕੇ ਲੇਟ ਗਈ। ਸਲੀਮ ਨੂੰ ਜਾਗਦੇ ਹੋਏ ਵੇਖ ਕੇ ਉਸਨੇ ਕਿਹਾ,"ਸਲੀਮ, ਇੱਕ ਗੱਲ ਮੇਰੇ ਮਨ 'ਚ ਆਈ ਹੈ। ਜੇਕਰ ਤੁਹਾਡੀ ਰਜ਼ਾਮੰਦੀ ਹੋਵੇ ਤਾਂ ਮੈਂ ਪੜ੍ਹ ਵੀ ਲਵਾਂਗੀ ਅਤੇ ਕਿਸੇ ਨੂੰ ਕੰਨੋਂ ਕੰਨ ਖ਼ਬਰ ਵੀ ਨਹੀਂ ਹੋਣੀ।"

"ੳ ਕਿਵੇਂ?"

"ਮੈਂ ਘਰ ਬੈਠੀ ਪੜ੍ਹਦੀ ਰਹਾਂਗੀ, ਤੁਹਾਡੀਆਂ ਕਿਤਾਬਾਂ ਨਾਲ ਹੀ ਕੰਮ ਚਲਾ ਲਵਾਂਗੀ।"

"ਦਾਖ਼ਲੇ ਅਤੇ ਇਮਤਿਹਾਨ ਵੇਲੇ ਕੀ ਕਰਾਂਗੇ?"

"ਓਦੋਂ ਤੱਕ ਘਰ ਵਾਲਿਆਂ ਦੀ ਖ਼ਿਲਾਫ਼ਤ ਠੰਡੀ ਪੈ ਜਾਵੇਗੀ। ਦੂਜੇ, ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਮੈਂ ਸਾਰਾ ਕੋਰਸ ਪੂਰਾ ਕਰ ਲਿਆ ਹੈ ਤਾਂ ਉਨ੍ਹਾਂ ਨੂੰ ਮਜਬੂਰਨ ਇਜਾਜ਼ਤ ਦੇਣੀ ਪਵੇਗੀ।"

ਸਲੀਮ ਨੇ ਅਨੀਸ਼ਾ ਨੂੰ ਬਾਂਹਾਂ ਵਿਚ ਲੈਂਦੇ ਹੋਇਆਂ ਕਿਹਾ,"ਅਰੇ ਵਾਹ, ਤੂੰ ਤਾਂ ਵਾਕਿਆ ਹੀ ਹੁਸ਼ਿਆਰ ਹੈਂ।"

"ਛੱਡੋ ਵੀ, ਦਰਵਾਜ਼ਾ ਖੁੱਲ੍ਹਾ ਹੈ।"

"ਤਾਂ ਕੀ ਹੋਇਆ? ਤੂੰ ਮੇਰੀ ਵਿਆਹੁਤਾ ਹੈਂ, ਕੋਈ ਭਜਾਈ ਹੋਈ ਨਹੀਂ।"

ਇਸ ਤਰ੍ਹਾਂ ਅਨੀਸ਼ਾ ਖ਼ਾਲੀ ਸਮੇਂ ਵਿਚ ਪੜ੍ਹਨ ਲੱਗ ਗਈ। ਸਹੁਰੇ ਜਾਂ ਪੇਕੇ ਘਰ ਇਸ ਗੱਲ ਦਾ ਪਤਾ ਕਿਸੇ ਨੂੰ ਵੀ ਨਹੀਂ ਲੱਗਿਆ ਜਦੋਂ ਤੱਕ ਕਿ ਇਮਤਿਹਾਨ ਸਿਰ 'ਤੇ ਨਾ ਆ ਗਏ। ਸਲਮਾ ਨੇ ਦੱਬੀ ਜ਼ੁਬਾਨ ਅਤੇ ਆਬਿਦ ਨੇ ਡੱਟ ਕੇ ਵਿਰੋਧ ਕੀਤਾ, ਲੇਕਿਨ ਸਲੀਮ ਦੀ ਜ਼ਿੱਦ ਅੱਗੇ ਸਭਨਾਂ ਨੂੰ

ਹਥਿਆਰ ਸੁੱਟਣੇ ਪਏ। ਇਸ ਤਰ੍ਹਾਂ ਤਿੰਨ ਸਾਲਾਂ ਵਿਚ ਦੋਵੇਂ ਬੀ.ਏ. ਕਰ ਗਏ।

ਹੁਣ ਤਾਂ ਆਬਿਦ ਨੇ ਸਲੀਮ ਦੀ ਅੱਗੇ ਪੜ੍ਹਨ ਦੀ ਇੱਛਾ ਮੰਨਣ ਤੋਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ। ਹਾਰ ਕੇ ਉਸਨੇ ਨੌਕਰੀ ਵਾਸਤੇ ਹੱਥ-ਪੈਰ ਮਾਰਨੇ ਸ਼ੁਰੂ ਕੀਤੇ। ਪੜ੍ਹਾਈ ਵਿਚ ਤਾਂ ਉਹ ਹੁਸ਼ਿਆਰ ਸੀ ਹੀ, ਕਿਸਮਤ ਨੇ ਵੀ ਸਾਥ ਦਿੱਤਾ। ਤਿੰਨ-ਚਾਰ ਮਹੀਨਿਆਂ ਵਿਚ ਹੀ ਉਸ ਨੂੰ ਬੈਂਕ ਦੀ ਨੌਕਰੀ ਮਿਲ ਗਈ।

ਨੌਕਰੀ ਮਿਲ ਗਈ ਤਾਂ ਸਟਾਫ਼ ਦੇ ਸਾਥੀਆਂ ਨਾਲ ਉੱਠਦੇ-ਬੈਠਦੇ ਸ਼ਰਾਬ ਪੀਣ ਦੀ ਆਦਤ ਵੀ ਪੈ ਗਈ। ਘਰੇ ਦੇਰ ਨਾਲ ਆਉਂਦਾ ਤਾਂ ਅਨੀਸ਼ਾ ਨੂੰ ਬੁਰਾ ਲੱਗਦਾ। ਕਦੇ-ਕਦਾਈਂ ਇਸ ਗੱਲ ’ਤੇ ਕਹਾ-ਸੁਣੀ ਵੀ ਹੋ ਜਾਂਦੀ। ਇੱਕ ਦਿਨ ਜਦੋਂ ਸਲੀਮ ਬੈਂਕ ਜਾਣ ਲਈ ਘਰੋਂ ਨਿਕਲਣ ਲੱਗਾ ਤਾਂ ਅਨੀਸ਼ਾ ਨੇ ਕਿਹਾ,“ਅੱਜ ਟਾਈਮ ਸਿਰ ਘਰ ਆ ਜਾਇਓ, ਮੇਰਾ ਜਨਮ ਦਿਨ ਹੈ। ਰਾਤ ਦਾ ਖਾਣਾ ਬਾਹਰ ਖਾਵਾਂਗੇ।”

ਬੈਂਕ ਦਾ ਕੰਮ ਖ਼ਤਮ ਕਰਕੇ ਸਲੀਮ ਜਦੋਂ ਘਰ ਵਾਸਤੇ ਚੱਲਣ ਲੱਗਾ ਤਾਂ ਉਸਦੇ ਦੋ ਸਾਥੀਆਂ ਨੇ ਉਸ ਨੂੰ ਘੇਰ ਲਿਆ ਅਤੇ ਉਸਦੇ ਮਨ੍ਹਾਂ ਕਰਨ ਦੇ ਬਾਵਜੂਦ ਉਸ ਨੂੰ ‘ਬਾਰ’ ਵਿਚ ਲੈ ਗਏ। ਉਸਨੇ ਦੋਸਤਾਂ ਨੂੰ ਦੱਸਿਆ ਵੀ ਕਿ ਮੈਂ ਜਲਦੀ ਘਰ ਜਾਣਾ ਹੈ, ਮੇਰੀ ਘਰਵਾਲੀ ਦਾ ਜਨਮ ਦਿਨ ਹੈ। ਇਹ ਸੁਣ ਕੇ ਇੱਕ ਦੋਸਤ ਬੋਲਿਆ,“ਇਹ ਤਾਂ ਹੋਰ ਵੀ ਚੰਗੀ ਗੱਲ ਹੈ। ਬੇਗ਼ਮ ਦੇ ਜਨਮ ਦਿਨ ਦੀ ਖ਼ੁਸ਼ੀ ਪਹਿਲਾਂ ਦੋਸਤਾਂ ਨਾਲ ਵੰਡ ਮੀਆਂ, ਫਿਰ ਬੇਗ਼ਮ ਨੂੰ ਖ਼ੁਸ਼ ਕਰ ਲਵੀ।”

ਇਹ ਕਹਿ ਕੇ ਉਸਨੇ ਵੇਟਰ ਨੂੰ ਆਰਡਰ ਕਰ ਦਿੱਤਾ। ਦੋ ਪੈੱਗ ਲੈਣ ਮਗਰੋਂ ਸਲੀਮ ਉੱਠਣ ਲੱਗਿਆ ਤਾਂ ਉਸਦੇ ਦੋਸਤਾਂ ਨੇ ਉਸਨੂੰ ਉੱਠਣ ਨਹੀਂ ਦਿੱਤਾ। ਫਿਰ ਉਹ ਕਹਾਵਤ ਸਿੱਧ ਹੋਈ ਕਿ ਪਹਿਲਾਂ ਆਦਮੀ ਸ਼ਰਾਬ ਪੀਣੀ ਸ਼ੁਰੂ ਕਰਦਾ ਹੈ, ਕੁੱਝ ਦੇਰ ਬਾਅਦ ਸ਼ਰਾਬ ਆਦਮੀ ਨੂੰ ਪੀਣ ਲੱਗਦੀ ਹੈ। ਕਦੋਂ ਦਸ ਵੱਜ ਗਏ, ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਿਆ। ਇੱਧਰ ਘਰ ’ਚ ਅਨੀਸ਼ਾ ਨੇ ਆਪਣੇ ਸੱਸ-ਸਹੁਰੇ ਨੂੰ ਬਾਹਰ ਖਾਣ ਲਈ ਕਹਿ ਦਿੱਤਾ ਸੀ। ਇਸ ਲਈ ਘਰ ’ਚ ਖਾਣਾ ਬਣਾਉਣ ਦੀ ਕਿਸੇ ਨੇ ਵੀ ਜ਼ਰੂਰਤ ਨਹੀਂ ਸਮਝੀ। ਜਦੋਂ ਅੱਠ ਵੱਜ ਗਏ ਅਤੇ ਸਲੀਮ ਦਾ ਕੋਈ ਅਤਾ-ਪਤਾ ਨਹੀਂ ਸੀ ਤਾਂ ਅਨੀਸ਼ਾ ਦਾ ਮਨ ਬੇਚੈਨ ਹੋਣ ਲੱਗਾ। ਉਹ ਮਨ-ਹੀ-ਮਨ ਕੁੜ੍ਹਨ ਲੱਗੀ। ਇਹੋ ਜਿਹੀ ਵੀ ਕੀ ਆਫ਼ਤ ਆ ਗਈ ਕਿ ਜਲਦੀ ਘਰ ਆਉਣ ਵਾਸਤੇ ਕਹਿਣ ਦੇ ਬਾਵਜੂਦ ਰੋਜ਼ਾਨਾ ਨਾਲੋਂ ਵੀ ਲੇਟ ਅਤੇ ਅਜੇ ਵੀ ‘ਜ਼ਨਾਬ’ ਦਾ ਕਿਤੇ ਨਾਮੋ-ਨਿਸ਼ਾਨ ਨਹੀਂ। ਉਸਦੇ ਸੱਸ-ਸਹੁਰਾ ਕਾਨਾਫੂਸੀ ਕਰਨ ਲੱਗੇ। ਨੌਂ ਵੱਜ ਗਏ। ਆਬਿਦ ਦੇ ਕਹਿਣ ’ਤੇ ਸਲਮਾ ਦੋ ਜਣਿਆਂ ਦਾ ਖਾਣਾ ਬਣਾਉਣ ਲੱਗ ਪਈ। ਅਨੀਸ਼ਾ ਨੇ ਰੋਕਿਆ ਵੀ, ਮਿੰਨਤਾਂ ਕੀਤੀਆਂ ਕਿ ਥੋੜ੍ਹਾ ਹੋਰ ਇੰਤਜ਼ਾਰ ਕਰ ਲਵੋ, ਪਰ ਆਬਿਦ ਨੇ ਇੱਕ ਨਾ ਸੁਣੀ। ਇਸ ਤਰ੍ਹਾਂ ਆਬਿਦ ਅਤੇ ਸਲਮਾ ਖਾਣਾ ਖਾ ਕੇ ਆਪਣੇ ਕਮਰੇ ਵਿਚ ਟੀ.ਵੀ. ਚਾਲੂ ਕਰ ਕੇ ਸੀਰੀਅਲ ਵੇਖਣ ਲੱਗ ਪਏ ਅਤੇ ਅਨੀਸ਼ਾ ਵਿਹੜੇ ਵਿਚ ਬੈਠੀ ਇੰਤਜ਼ਾਰ ਕਰਦੀ ਰਹੀ। ਉੱਪਰ ਅਸਮਾਨ ਵਿਚ ਚੰਨ ਗਹਿਰੇ ਬੱਦਲਾਂ ਵਿਚ ਛੁਪਿਆ ਹੋਇਆ ਸੀ। ਕਦੇ ਕਦਾਈਂ ਬਿਜਲੀ ਵੀ ਚਮਕ ਜਾਂਦੀ ਸੀ। ਅਨੀਸ਼ਾ ਨੂੰ ਫ਼ਿਕਰ ਹੋ ਰਹੀ ਸੀ ਕਿ ਸਲੀਮ ਰਸਤੇ ਵਿਚ ਭਿੱਜ ਜਾਵੇਗਾ।

ਸਵਾ ਦਸ ਵਜੇ ਸਲੀਮ ਨੂੰ ਉਸਦਾ ਇੱਕ ਸਾਥੀ ਆਪਣੀ ਕਾਰ ਵਿਚ ਘਰ ਦੇ ਬਾਹਰ ਉਤਾਰ ਕੇ ਚਲਾ ਗਿਆ। ਉਸਨੂੰ ਡੋਰਬੈੱਲ ਵਜਾਉਣ ਦਾ ਤਾਂ ਹੋਸ਼ ਨਹੀਂ ਸੀ। ਮੁੱਖ ਦੁਆਰ ਨੂੰ ਉਸਨੇ ਹੱਥਾਂ ਨਾਲ ਖੜਕਾਇਆ। ਅਨੀਸ਼ਾ ਨੇ ਝੱਟ ਦਰਵਾਜ਼ਾ ਖੋਲ੍ਹਿਆ। ਸਾਹਮਣੇ ਸਲੀਮ ਸੀ ਨਸ਼ੇ ’ਚ ਧੁੱਤ। ਉਸਨੂੰ ਕੁਝ ਚੇਤੇ ਨਹੀਂ ਸੀ ਕਿ ਅਨੀਸ਼ਾ ਨੇ ਸਵੇਰੇ ਉਸਨੂੰ ਕੁਝ ਕਿਹਾ ਸੀ। ਉਹ ਲੜਖੜਾਉਂਦਾ ਅੰਦਰ ਆਇਆ। ਅਨੀਸ਼ਾ ਨੇ ਉਸਨੂੰ ਸਹਾਰਾ ਦੇਣ ਦੀ ਕੋਸ਼ਿਸ਼ ਕੀਤੀ, ਪਰ ਸਲੀਮ ਨੇ ਉਸਦਾ ਹੱਥ ਝਟਕ ਦਿੱਤਾ ਅਤੇ ਕੜਵੀਂ ਆਵਾਜ਼ ਵਿਚ ਖਾਣਾ ਮੰਗਿਆ।

ਉਸਦੀ ਹਾਲਤ ਨੂੰ ਨਜ਼ਰਅੰਦਾਜ਼ ਕਰਦਿਆਂ ਅਨੀਸ਼ਾ ਨੇ ਸਹਿਜ ਭਾਵ ਨਾਲ ਕਿਹਾ,“ਖਾਣਾ ਤਾਂ ਬਣਾਇਆ ਨਹੀਂ, ਸਵੇਰ ਵੇਲੇ ਤੁਹਾਨੂੰ ਕਿਹਾ ਸੀ ਕਿ ਅੱਜ ਖਾਣਾ ਬਾਹਰ ਖਾਵਾਂਗੇ।”

ਨਸ਼ੇ ਵਿਚ ਤਾਂ ਉਹ ਸੀ ਹੀ, ਭੜਕਦੇ ਹੋਏ ਬੋਲਿਆ,“ਹਰਾਮਜ਼ਾਦੀ, ਤੈਥੋਂ ਇਕ ਖਾਣਾ ਵੀ ਨਹੀਂ ਬਣਦਾ। ਸਾਰਾ ਦਿਨ ਘਰ ’ਚ ਰਹਿੰਦਿਆਂ ਕੀ ਕਰਦੀ ਐਂ? ਖ਼ਸਮ ਸਾਰੇ ਦਿਨ ਦਾ ਥੱਕਿਆ ਹੋਇਆ ਰਾਤ ਨੂੰ ਘਰ ਆਵੇ ਤੇ ਤੂੰ ਉਸਨੂੰ ਖਾਣਾ ਵੀ ਨਹੀਂ ਖਵਾ ਸਕਦੀ। ਮੈਂ ਤੰਗ ਆ ਗਿਆ ਹਾਂ ਤੇਰੀ ਕਿਚ-ਕਿਚ ਤੋਂ। ਮੈਂ ਤੈਨੂੰ ਤਲਾਕ ਦਿੰਦਾ ਹਾਂ .... ਤਲਾਕ, ਤਲਾਕ, ਤਲਾਕ। ਹੁਣ ਮੇਰੇ ਸਾਹਮਣਿਓਂ ਦਫ਼ਾ ਹੋ

ਜਾ।"

ਅਨੀਸ਼ਾ ਦੀ ਜ਼ਿੰਦਗੀ ਵਿਚ ਇਹ ਪਹਿਲੀ ਵਾਰ ਸੀ ਕਿ ਸਲੀਮ ਇਸ ਤਰ੍ਹਾਂ ਪੇਸ਼ ਆਇਆ ਸੀ। ਉਸਨੂੰ ਬੜਾ ਅਚੰਭਾ ਹੋਇਆ ਅਤੇ ਦੁੱਖ ਵੀ। ਕਿੰਤੂ ਜਿਸ ਹਾਲਤ ਵਿਚ ਸਲੀਮ ਸੀ, ਕੋਈ ਤਰਕ ਕਰਨਾ ਵੀ ਸੰਭਵ ਨਹੀਂ ਸੀ। ਇਸ ਲਈ ਅਨੀਸ਼ਾ ਨੇ ਕੇਵਲ ਹੱਥ ਜੋੜੇ ਅਤੇ ਕਿਹਾ ਕਿ ਮੈਂ ਹੁਣੇ ਖਾਣਾ ਬਣਾ ਦਿੰਦੀ ਹਾਂ। ਲੇਕਿਨ ਸਲੀਮ ਦੇ ਸਿਰ 'ਤੇ ਤਾਂ ਭੂਤ ਸਵਾਰ ਸੀ। ਉਹਨੇ ਇੱਕ ਨਾ ਸੁਣੀ ਅਤੇ ਬੋਲਣ ਲੱਗਾ, "ਮੈਂ ਫ਼ੈਸਲਾ ਸੁਣਾ ਦਿੱਤਾ ਹੈ। ਤੇਰਾ-ਮੇਰਾ ਕੋਈ ਰਿਸ਼ਤਾ ਨਹੀਂ ਰਿਹਾ। "ਏਨਾ ਬੋਲ ਕੇ ਉਹ ਲੜਖੜਾਉਂਦਾ ਹੋਇਆ ਆਪਣੇ ਕਮਰੇ ਵਿਚ ਜਾ ਕੇ ਬਿਨਾਂ ਕੱਪੜੇ ਬਦਲੇ ਬੈੱਡ 'ਤੇ ਲੁੜ੍ਹਕ ਗਿਆ। ਅਨੀਸ਼ਾ ਕਾਫ਼ੀ ਦੇਰ ਤੱਕ ਵਿਹੜੇ ਵਿਚ ਬੈਠੀ ਕਲਪਦੀ ਰਹੀ। ਸੋਚਦੀ ਰਹੀ ਕਿ ਇਹ ਕੀ ਹੋ ਗਿਆ ਅੱਜ ਸਲੀਮ ਨੂੰ! ਅਜਿਹਾ ਤਾਂ ਉਹ ਨਹੀਂ ਸੀ। ਛੋਟੀ-ਮੋਟੀ ਤਕਰਾਰ, ਉਹ ਵੀ ਕਦੇ ਕਦਾਈਂ, ਲੇਕਿਨ ਅਚਾਨਕ ਇੰਨਾ ਕਠੋਰ ਫ਼ੈਸਲਾ! ਉਸਨੂੰ ਕੁਝ ਸਮਝ ਨਹੀਂ ਆਇਆ। ਆਖ਼ਿਰ ਉਹ ਉੱਠੀ, ਕਮਰੇ 'ਚ ਗਈ। ਵੇਖਿਆ, ਸਲੀਮ ਮੂਧੇ ਮੂੰਹ ਪਿਆ ਸੀ। ਉਸਨੇ ਉਹਦੇ ਉੱਤੇ ਚਾਦਰ ਦਿੱਤੀ ਅਤੇ ਖ਼ੁਦ ਉੱਥੇ ਨਾ ਲੇਟ ਕੇ ਬਰਾਂਡੇ 'ਚ ਆ ਕੇ ਦੀਵਾਨ 'ਤੇ ਲੇਟ ਗਈ। ਅਸਮਾਨ ਵੱਲ ਵੇਖਦੀ ਅਤੇ ਅੱਲ੍ਹਾ ਤੋਂ ਪੁੱਛਦੀ, ਇਹ ਕਿਸ ਜੁਰਮ ਦੀ ਸਜ਼ਾ ਹੈ! ਰਾਤ ਦੇ ਦੂਜੇ ਪਹਿਰ ਤੱਕ ਕਰਵੱਟਾਂ ਬਦਲਦੀ ਰਹੀ, ਫਿਰ ਕਦੋਂ ਨੀਂਦ ਆ ਗਈ, ਉਸਨੂੰ ਪਤਾ ਵੀ ਨਹੀਂ ਚੱਲਿਆ।

ਸਲੀਮ ਨੂੰ ਉੱਚੀ ਆਵਾਜ਼ 'ਚ ਬੋਲਦਿਆਂ ਸੁਣ ਕੇ ਆਬਿਦ ਅਤੇ ਸਲਮਾ ਵੀ ਆਪਣੇ ਕਮਰੇ ਤੋਂ ਬਾਹਰ ਆ ਗਏ ਸਨ। ਲੇਕਿਨ ਉਨ੍ਹਾਂ ਨੇ ਕੋਈ ਦਖ਼ਲ ਨਹੀਂ ਦਿੱਤਾ। ਸਲੀਮ ਦੁਆਰਾ ਤਿੰਨ ਵਾਰ 'ਤਲਾਕ' ਸ਼ਬਦ ਸੁਣਨ ਮਗਰੋਂ ਉਹ ਆਪਣੇ ਕਮਰੇ ਵੱਲ ਮੁੜ ਗਏ। ਜਦੋਂ ਵਿਹੜੇ 'ਚੋਂ ਅਵਾਜ਼ਾਂ ਆਉਣੀਆਂ ਬੰਦ ਹੋ ਗਈਆਂ ਤਾਂ ਆਬਿਦ ਨੇ ਕਿਹਾ,"ਸਲਮਾ, ਸਲੀਮ ਨੂੰ ਸਮਝਾਉਣ 'ਚ ਮੈਂ ਤਾਂ ਕਾਮਯਾਬ ਨਹੀਂ ਹੋ ਸਕਿਆ, ਪਰ ਜੋ ਮੈਂ ਚਾਹੁੰਦਾ ਸੀ, ਉਹ ਦਾਰੂ ਨੇ ਕਰ ਦਿੱਤਾ। ਹੁਣ ਅਰਾਮ ਨਾਲ ਇਸ ਦਾ ਦੂਜਾ ਵਿਆਹ ਕਰਕੇ ਪੋਤੇ-ਪੋਤੀਆਂ ਦੀਆਂ ਕਿਲਕਾਰੀਆਂ ਸੁਣ ਸਕਾਂਗੇ।"

"ਹਾਂ, ਇਸ ਲਿਹਾਜ਼ ਨਾਲ ਤਾਂ ਠੀਕ ਹੀ ਹੋਇਆ ਹੈ। ਮੈਂ ਕਈ ਵਾਰ ਕਿਹਾ ਸੀ ਕਿ ਜਾ ਕੇ ਡਾਕਟਰ ਤੋਂ ਚੈੱਕ ਕਰਵਾ ਲਓ, ਇਨ੍ਹਾਂ ਨੇ ਮੇਰੀ ਗੱਲ ਕਦੇ ਸੁਣੀ ਹੀ ਨਹੀਂ।"

ਸਵੇਰ ਹੋਈ। ਸੁਸਤ ਜਿਹਾ ਸਲੀਮ ਉੱਠਿਆ। ਖ਼ੁਦ ਨੂੰ ਆਈਨੇ 'ਚ ਵੇਖਿਆ। ਇਹ ਕੀ, ਮੈਂ ਇੰਜ ਹੀ ਬੈਂਕ ਯੂਨੀਫ਼ਾਰਮ ਸਮੇਤ ਹੀ ਸੌਂ ਗਿਆ ਸੀ! ਰਾਤ ਨੂੰ ਕੀ ਕੁਝ ਹੋਇਆ, ਉਸਨੂੰ ਕੁਝ ਚੇਤੇ ਨਹੀਂ ਸੀ। ਵਿਹੜੇ 'ਚ ਆਇਆ। ਵੇਖਿਆ, ਅਨੀਸ਼ਾ ਗੋਡਿਆਂ ਵਿਚ ਸਿਰ ਦੇਈ ਰਸੋਈ ਵਿਚ ਬੈਠੀ ਸੀ। ਉਸਨੂੰ ਇਸ ਤਰ੍ਹਾਂ ਬੈਠਿਆਂ ਵੇਖ ਕੇ ਉਸਨੇ ਪੁੱਛਿਆ,"ਇਸ ਤਰ੍ਹਾਂ ਕਿਉਂ ਬੈਠੀ ਹੈਂ ਅਨੀਸ਼ਾ? ਚਾਹ ਪਿਆ ਤਾਂ ਕਿ ਸੁਸਤੀ ਉਤਰੇ।"

ਅਨੀਸ਼ਾ ਹਰਕਤ 'ਚ ਆਉਂਦੀ ਜਾਂ ਕੁਝ ਕਹਿੰਦੀ, ਉਸ ਤੋਂ ਪਹਿਲਾਂ ਹੀ ਸਲੀਮ ਦੀ ਅਵਾਜ਼ ਸੁਣ ਕੇ ਆਬਿਦ ਬਾਹਰ ਆਇਆ ਅਤੇ ਬੋਲਿਆ,"ਹੁਣ ਤੇਰਾ ਇਸ ਦੇ ਨਾਲ ਕੋਈ ਰਿਸ਼ਤਾ ਨਹੀਂ ਰਿਹਾ। ਤੂੰ ਰਾਤ ਵੇਲੇ ਇਸ ਨੂੰ ਤਲਾਕ ਦੇ ਚੁੱਕਿਆ ਹੈਂ। ਤੇਰੇ ਲਈ ਚਾਹ ਤੇਰੀ ਅੰਮੀ ਬਣਾ ਦਿੰਦੀ ਹੈ।"

"ਇਹ ਕੀ ਕਹਿ ਰਹੇ ਹੋ ਅੱਬੂ, ਹੋਸ਼ 'ਚ ਤਾਂ ਹੋ ਤੁਸੀਂ ਕਿ ਨਹੀਂ?"

"ਹਾਂ, ਮੈਂ ਤਾਂ ਹੋਸ਼ ਵਿਚ ਹੀ ਹਾਂ। ਤੂੰ ਹੀ ਸ਼ਾਇਦ ਹੋਸ਼ ਵਿਚ ਨਹੀਂ ਹੈਂ। ਕੀ ਤੈਨੂੰ ਯਾਦ ਨਹੀਂ ਕਿ ਰਾਤ ਘਰ ਆਕੇ ਤੂੰ ਅਨੀਸ਼ਾ ਤੋਂ ਖਾਣਾ ਮੰਗਿਆ ਸੀ ਤੇ ਉਸਦੇ ਕਹਿਣ 'ਤੇ ਕਿ ਖਾਣਾ ਤਾਂ ਬਣਾਇਆ ਨਹੀਂ, ਤੂੰ ਕਿਹਾ ਸੀ ਕਿ ਜਿਹੜੀ ਔਰਤ ਆਪਣੇ ਖ਼ਸਮ ਨੂੰ ਖਾਣਾ ਵੀ ਨਹੀਂ ਖਵਾ ਸਕਦੀ, ਮੈਂ ਉਸ ਨੂੰ ਤਲਾਕ ਦਿੰਦਾ ਹਾਂ ਅਤੇ ਤਿੰਨ ਵਾਰ 'ਤਲਾਕ' ਬੋਲ ਕੇ ਤੂੰ ਇਸਦੇ ਨਾਲ ਆਪਣਾ ਰਿਸ਼ਤਾ ਖ਼ਤਮ ਕਰ ਦਿੱਤਾ ਸੀ।"

"ਅੱਬੂ, ਮੈਨੂੰ ਕੁਝ ਯਾਦ ਨਹੀਂ। ਮੈਂ ਅਜਿਹਾ ਕੁਝ ਨਹੀਂ ਕੀਤਾ। ਅਨੀਸ਼ਾ ਮੇਰੀ ਪਤਨੀ ਹੈ ਅਤੇ ਮੇਰੀ ਪਤਨੀ ਰਹੇਗੀ।"

"ਬੇਟੇ, ਹੁਣ ਇਹ ਮੁਮਕਿਨ ਨਹੀਂ। ਸਾਡਾ ਮਜ਼ਬ ਇਸ ਦੀ ਇਜਾਜ਼ਤ ਨਹੀਂ ਦਿੰਦਾ।"

"ਮਜ਼ਬ ਮੈਂ ਵੀ ਸਮਝਦਾ ਹਾਂ। ਅਗਰ ਮੈਂ ਨਸ਼ੇ ਵਿਚ ਕੁੱਝ ਊਟ-ਪਟਾਂਗ ਬੋਲ ਵੀ ਦਿੱਤਾ ਸੀ ਤਾਂ ਉਸਦਾ ਕੋਈ ਮਤਲਬ ਨਹੀਂ ਕੱਢਿਆ ਜਾ ਸਕਦਾ। ਉਹ ਸਭ ਬੇਮਤਲਬ ਹੈ।"

"ਮਤਲਬ ਕਿਉਂ ਨਹੀਂ? ਮੈਂ ਹੁਣੇ ਕਾਜ਼ੀ ਸਾਹਿਬ ਨੂੰ ਬੁਲਾ ਕੇ ਲਿਆਉਂਦਾ ਹਾਂ" ਕਹਿੰਦਾ ਹੋਇਆ ਆਬਿਦ ਤੇਜ਼ ਕਦਮਾਂ ਨਾਲ ਘਰੋਂ ਬਾਹਰ ਚਲਾ ਗਿਆ।

ਸਲੀਮ ਆਪਣੇ ਕਮਰੇ ਵਿਚ ਆਇਆ ਅਤੇ ਨਿਢਾਲ

ਹੋ ਕੇ ਕੁਰਸੀ 'ਤੇ ਬੈਠ ਗਿਆ। ਸਲੀਮ ਨੇ ਜਿਹੜੇ ਜਵਾਬ ਅੱਬੂ ਨੂੰ ਦਿੱਤੇ ਸਨ, ਉਨ੍ਹਾਂ ਨੂੰ ਸੁਣ ਕੇ ਅਨੀਸ਼ਾ ਦੇ ਮਨ ਨੂੰ ਵੱਡੀ ਤਸੱਲੀ ਹੋਈ। ਉਸ ਨੂੰ ਬੇਪਨਾਹ ਸਕੂਨ ਮਿਲਿਆ। ਫੁਰਤੀ ਨਾਲ ਚਾਹ ਬਣਾ ਕੇ ਉਹ ਕਮਰੇ ਵਿਚ ਆਈ। ਸਲੀਮ ਨੂੰ ਵਿਚਾਰਾਂ ਵਿਚ ਖੋਇਆ ਵੇਖ ਕੇ ਉਸ ਨੇ ਚਾਹ ਦੀ ਟ੍ਰੇਅ ਮੇਜ਼ 'ਤੇ ਰੱਖੀ ਅਤੇ ਕੁਰਸੀ ਦੇ ਪਿੱਛੇ ਖੜ੍ਹੇ ਹੋ ਕੇ ਸਲੀਮ ਦੇ ਵਾਲਾਂ ਵਿਚ ਆਹਿਸਤਾ-ਆਹਿਸਤਾ ਉਂਗਲਾਂ ਫੇਰਨ ਲੱਗੀ। ਸਲੀਮ ਨੇ ਉਸਨੂੰ ਆਪਣੇ ਸਾਹਮਣੇ ਕਰਦਿਆਂ ਕਿਹਾ,"ਅਨੀਸ਼ਾ, ਰੀਅਲੀ ਮੈਨੂੰ ਕੁਝ ਵੀ ਯਾਦ ਨਹੀਂ। ਅਨਜਾਣੇ ਵਿਚ ਮੈਥੋਂ ਕੁਝ ਗ਼ਲਤ ਕਿਹਾ ਵੀ ਗਿਆ ਜਾਂ ਮੈਂ ਕੁਝ ਗ਼ਲਤ ਕਰ ਬੈਠਾ ਹਾਂ ਤਾਂ ਉਸਦੇ ਲਈ ਮੈਂ ਸ਼ਰਮਿੰਦਾ ਹਾਂ। ਮੈਨੂੰ ਮੁਆਫ਼ ਕਰ ਦੇ। ਇਹ ਸ਼ਰਾਬ ਨਾ, ਆਦਮੀ ਨੂੰ ਸ਼ੈਤਾਨ ਬਣਾ ਦਿੰਦੀ ਹੈ। ਮੈਂ ਤੇਰੇ ਸਿਰ ਦੀ ਸੌਂਹ ਖਾ ਕੇ ਕਹਿੰਦਾ ਹਾਂ ਕਿ ਅੱਗੇ ਤੋਂ ਸ਼ਰਾਬ ਨੂੰ ਹੱਥ ਵੀ ਨਹੀਂ ਲਾਵਾਂਗਾ।"

"ਤੁਸੀਂ ਚਾਹ ਪੀ ਲਓ। ਰਾਤ ਵੀ ਬਿਨਾਂ ਕੁਝ ਖਾਧੇ ਸੌਂ ਗਏ ਸੀ।"

"ਨਹੀਂ ਅਨੀਸ਼ਾ, ਮੈਂ ਓਦੋਂ ਤੱਕ ਚਾਹ ਨੂੰ ਹੱਥ ਵੀ ਨਹੀਂ ਲਾਉਣਾ ਜਦੋਂ ਤੱਕ ਤੂੰ ਮੈਨੂੰ ਮੁਆਫ਼ ਨਹੀਂ ਕਰ ਦਿੰਦੀ।"

"ਮੈਂ ਤਾਂ ਕਦੋਂ ਦਾ ਮੁਆਫ਼ ਕਰ ਦਿੱਤਾ ਹੈ।"

ਦੋਹਾਂ ਨੇ ਚਾਹ ਦੇ ਕੱਪ ਚੁੱਕੇ ਅਤੇ ਪੀਣ ਲੱਗੇ। ਅਜੇ ਉਨ੍ਹਾਂ ਦੇ ਕੱਪ ਖ਼ਾਲੀ ਵੀ ਨਹੀਂ ਸਨ ਹੋਏ ਕਿ ਆਬਿਦ ਕਾਜ਼ੀ ਸਾਹਿਬ ਨੂੰ ਲੈ ਕੇ ਘਰ ਅੰਦਰ ਦਾਖਲ ਹੋਇਆ।

ਜਿਵੇਂ ਬਾਹਰੋਂ ਹੀ ਬੁਲਾਉਂਦਾ ਆ ਰਿਹਾ ਹੋਵੇ, ਆਬਿਦ ਨੇ ਦੇਹਲੀ 'ਤੇ ਕਦਮ ਰੱਖਦਿਆਂ ਹੀ ਕਿਹਾ,"ਸਲੀਮ, ਕਾਜ਼ੀ ਸਾਹਿਬ ਆਏ ਹਨ।"

ਸਲੀਮ ਚਾਹ ਵਿੱਚੇ ਛੱਡ ਕੇ ਵਿਹੜੇ ਵਿਚ ਆ ਗਿਆ। ਕਾਜ਼ੀ ਸਾਹਿਬ ਨੂੰ ਸਲਾਮ ਕੀਤਾ। ਭਾਵੇਂ ਆਬਿਦ ਨੇ ਉਸਨੂੰ ਸਭ ਕੁਝ ਦੱਸ ਦਿੱਤਾ ਸੀ, ਫਿਰ ਵੀ ਕਾਜ਼ੀ ਸਾਹਿਬ ਨੇ ਦੀਵਾਨ 'ਤੇ ਬੈਠਦੇ ਹੋਇਆਂ ਸਲੀਮ ਨੂੰ ਮੁਖ਼ਾਤਬ ਕਰਕੇ ਪੁੱਛਿਆ,"ਹਾਂ ਤਾਂ ਬਰਖ਼ੁਰਦਾਰ, ਕੀ ਮਸਲਾ ਹੈ?"

"ਮਸਲਾ ਤਾਂ ਅੱਬੂ ਨੇ ਤੁਹਾਨੂੰ ਦੱਸ ਹੀ ਦਿੱਤਾ ਹੋਵੇਗਾ!"

"ਉਹਨੂੰ ਛੱਡੋ। ਮੈਂ ਤੇਰੀ ਜ਼ੁਬਾਨ ਤੋਂ ਸੁਣਨਾ ਚਾਹੁੰਦਾ ਹਾਂ।"

ਸਲੀਮ ਨੇ ਸਾਰੀ ਹਕੀਕਤ ਬਿਆਨ ਕਰ ਦਿੱਤੀ। ਸੁਣ ਕੇ ਕਾਜ਼ੀ ਸਾਹਿਬ ਬੋਲੇ,"ਬਰਖ਼ੁਰਦਾਰ, ਸ਼ਰੀਅਤ ਦੇ ਮੁਤਾਬਿਕ ਇੱਕ ਵਾਰ ਤਲਾਕ ਦੇ ਦੇਣ ਬਾਅਦ ਤੂੰ ਅਨੀਸ਼ਾ ਨੂੰ ਆਪਣੀ ਪਤਨੀ ਦੇ ਰੂਪ ਵਿਚ ਦੁਬਾਰਾ ਤਦੋਂ ਹੀ ਅਪਣਾ ਸਕਦਾ ਹੈਂ ਜਦੋਂ ਉਹ ਹਲਾਲ ਨਿਕਾਹ ਕਰਕੇ ਆਪਣੇ ਖ਼ਾਵਦ ਤੋਂ ਤਲਾਕ ਲੈ ਲਵੇ।"

"ਮੈਂ ਵੀ ਸ਼ਰੀਅਤ ਬਾਰੇ ਥੋੜ੍ਹਾ-ਬਹੁਤ ਜਾਣਦਾ ਹਾਂ, ਕਾਜ਼ੀ ਸਾਹਿਬ। ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਨਸ਼ੇ ਦੀ ਹਾਲਤ ਵਿਚ ਜੋ ਕੁਝ ਵੀ ਕਿਹਾ, ਉਸ ਨੂੰ ਤਰਜ਼ੀਹ ਨਹੀਂ ਦਿੱਤੀ ਜਾਣੀ ਚਾਹੀਦੀ। ਇਹ ਤਲਾਕ ਹੈ ਹੀ ਨਹੀਂ। ਦੂਜੇ, ਤਲਾਕ ਓਦੋਂ ਹੀ ਮੰਨਿਆ ਜਾਂਦਾ ਹੈ, ਜਦ ਤਿੰਨ ਮਹੀਨੇ ਗੁਜ਼ਰ ਜਾਣ ਦੇ ਬਾਅਦ ਵੀ ਮੀਆਂ-ਬੀਵੀ ਵਿਚਕਾਰ ਸੁਲ੍ਹਾ ਨਾ ਹੋ ਸਕੇ। ਸਾਡੇ ਮਸਲੇ 'ਚ ਤਾਂ ਮੈਂ ਅਤੇ ਮੇਰੀ ਬੀਵੀ ਦੋਵੇਂ ਹੀ ਇੱਕ-ਦੂਜੇ ਵਾਸਤੇ ਜਾਨ ਤੱਕ ਦੇਣ ਨੂੰ ਤਿਆਰ ਹਾਂ। ਇਸ ਲਈ ਬੇਮਤਲਬ ਦੀ ਬਹਿਸ ਛੱਡੋ। ਸਾਨੂੰ ਸਾਡੀ ਜ਼ਿੰਦਗੀ ਜਿਉਣ ਦਿਓ। ਮੇਰੇ ਅੱਬੂ ਨੂੰ ਸਮਝਾਓ ਕਿ ਫ਼ਜ਼ੂਲ ਦੀਆਂ ਗੱਲਾਂ ਨਾ ਕਰਨ।"

"ਬਰਖ਼ੁਰਦਾਰ, ਤੇਰੇ ਅੱਬੂ ਤੇਰੇ ਨਾਲੋਂ ਜ਼ਿਆਦਾ ਸਮਝਦਾਰ ਹਨ। ਕਿਸੇ ਵੀ ਸੂਰਤ ਵਿਚ ਹਲਾਲਾ ਕੀਤੇ ਬਿਨਾਂ ਤੂੰ ਅਨੀਸ਼ਾ ਨੂੰ ਬੀਵੀ ਵਾਂਗ ਨਹੀਂ ਰੱਖ ਸਕਦਾ। ਮਜ਼੍ਹਬ ਸਾਨੂੰ ਸ਼ਰੀਅਤ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਦਿੰਦਾ।"

"ਤਾਂ ਕਾਜ਼ੀ ਸਾਹਿਬ, ਤੁਸੀਂ ਵੀ ਕੰਨ ਖੋਲ੍ਹ ਕੇ ਸੁਣ ਲਓ, ਮੈਂ ਅਨੀਸ਼ਾ ਨੂੰ ਨਹੀਂ ਛੱਡ ਸਕਦਾ ਅਤੇ ਨਾ ਹੀ ਉਸਦੇ ਪਾਕ ਸ਼ਰੀਰ ਨੂੰ ਹਲਾਲਾ ਦੁਆਰਾ ਨਾਪਾਕ ਹੋਣ ਦਿਆਂਗਾ, ਫਿਰ ਭਾਵੇਂ ਸਾਨੂੰ ਮਜ਼ਹਬ ਹੀ ਕਿਉਂ ਨਾ ਛੱਡਣਾ ਪਵੇ।"

ਸਲੀਮ ਦਾ ਇੰਨਾ ਕਠੋਰ ਕਿੰਤੂ ਸਾਫ਼ ਅਤੇ ਸਪੱਸ਼ਟ ਐਲਾਨ ਸੁਣ ਕੇ ਅਨੀਸ਼ਾ ਦੌੜ ਕੇ ਉਸਦੇ ਗਲੇ ਨਾਲ ਲਿਪਟ ਗਈ ਅਤੇ ਬਾਕੀ ਸਾਰਿਆਂ ਨੂੰ ਜਿਵੇਂ ਸੱਪ ਸੁੰਘ ਗਿਆ।

150, ਸੈਕਟਰ-15,
ਪੰਚਕੂਲਾ (ਹਰਿਆਣਾ) -134113
92164-46527

**ਸਖਤ ਮਿਹਨਤ, ਇੱਛਾ ਸ਼ਕਤੀ ਅਤੇ ਸਮੱਰਪਣ, ਜਿਸ ਇਨਸਾਨ 'ਚ ਇਹ ਤਿੰਨ ਚੀਜਾਂ ਹਨ, ਉਹ ਜਮੀਨ ਤੋਂ ਉਠ ਕੇ ਅਸਮਾਨ ਛੋਹ ਸਕਦਾ ਹੈ।**

ਮਿਲਖਾ ਸਿੰਘ

# ਚਾਈਨਾ ਡੋਰ



ਹਰਿੰਦਰ ਸਿੰਘ ਗੋਗਨਾ

ਬਸੰਤ ਰੁੱਤ ਆਉਣ ਦੇ ਨਾਲ ਹੀ ਆਸਮਾਨ ਵਿੱਚ ਹਰ ਦਿਨ ਅਨੇਕਾਂ ਰੰਗ ਬਰੰਗੀਆਂ ਪਤੰਗਾਂ ਚੜ੍ਹਨ ਲੱਗੀਆਂ ਸਨ। ਹੈਰੀ ਦਾ ਮਨ ਵੀ ਹੋਇਆ ਕਿ ਮੰਮੀ ਤੋਂ ਪੈਸੇ ਲੈ ਕੇ ਨੇੜੇ ਦੀ ਦੁਕਾਨ ਤੋਂ ਕੋਈ ਵਧੀਆ ਜਿਹੀ ਪਤੰਗ ਲੈ ਆਵੇ ਤੇ ਹੋਰਾਂ ਪਤੰਗਾਂ ਨਾਲ ਪੇਚ ਲੜਾਵੇ। ਉਸ ਨੇ ਮੰਮੀ ਤੋਂ ਪੈਸੇ ਮੰਗੇ।

"ਬੇਟਾ, ਤੂੰ ਪਤੰਗ ਤਾਂ ਲੈ ਆ ਪਰ ਵਾਅਦਾ ਕਰ ਕਿ ਇਕ ਤਾਂ ਕੋਠੇ 'ਤੇ ਪਤੰਗ ਨਹੀਂ ਚੜ੍ਹਾਵੇਂਗਾ ਤੇ ਦੂਜਾ ਚਾਈਨਾ ਡੋਰ ਨਹੀਂ ਲਿਆਵੇਂਗਾ।" ਹੈਰੀ ਦੇ ਮੰਮੀ ਨੇ ਆਪਣਾ ਪਰਸ ਚੁੱਕਦਿਆਂ ਪਹਿਲਾਂ ਹੈਰੀ ਕੋਲੋਂ ਵਾਅਦਾ ਲੈਂਦੇ ਕਿਹਾ।

ਹੈਰੀ ਨੇ ਸਿਰ ਹਿਲਾ ਕੇ ਵਾਅਦਾ ਨਿਭਾਉਣ ਦੀ ਹਾਮੀ ਭਰਦਿਆਂ ਸਵਾਲ ਵੀ ਕੀਤਾ, "ਮੰਮੀ, ਚਾਈਨਾ ਡੋਰ ਵਿੱਚ ਕੋਈ ਭੂਤ ਹੁੰਦਾ ਏ...? ਇਕ ਦਿਨ ਪਾਪਾ ਵੀ ਕੁੱਝ ਇੰਝ ਹੀ ਕਹਿ ਰਹੇ ਸੀ ਕਿ ਚਾਈਨਾ ਡੋਰ ਖ਼ਤਰਨਾਕ ਹੁੰਦੀ ਹੈ।"

"ਵੱਡੇ ਜੋ ਕਹਿੰਦੇ ਨੇ ਸਹੀ ਆਖਦੇ ਨੇ। ਤੈਨੂੰ ਜੋ ਸਮਝਾਇਆ ਹੈ ਉਹ ਕਰ...।" ਕਹਿ ਕੇ ਹੈਰੀ ਦੇ ਮੰਮੀ ਨੇ ਉਸ ਨੂੰ ਪੈਸੇ ਦੇ ਦਿੱਤੇ ਤੇ ਆਪ ਕਿਸੇ ਕੰਮ ਵਿੱਚ ਰੁੱਝ ਗਏ।

ਉਹ ਨੇੜੇ ਦੀ ਦੁਕਾਨ ਤੇ ਗਿਆ 'ਤੇ ਇਕ ਪਤੰਗ ਤੇ ਡੋਰ ਲੈ ਆਇਆ। ਪਰ ਉਸ ਨੇ ਮੰਮੀ ਦੀ ਗੱਲ ਨਹੀਂ ਸੀ ਮੰਨੀ। ਮੰਮੀ ਦੇ ਸਮਝਾਉਣ ਦੇ ਬਾਵਜੂਦ ਵੀ ਉਹ ਚਾਈਨਾ ਡੋਰ ਲੈ ਆਇਆ ਸੀ ਤੇ ਇਹੋ ਨਹੀਂ ਮੰਮੀ ਕੋਲੋਂ ਅੱਖ ਬਚਾ ਕੇ ਘਰ ਦੀ ਛੱਤ 'ਤੇ ਚੜ੍ਹ ਗਿਆ ਸੀ।

ਉਸ ਨੇ ਛੇਤੀ-ਛੇਤੀ ਤਲਾਵਾਂ ਪਾਈਆਂ ਤੇ ਫਿਰ ਕਾਫੀ ਮੁਸ਼ੱਕਤ ਮਗਰੋਂ ਪਤੰਗ ਨੂੰ ਕਾਫੀ ਉੱਚੀ ਚੜ੍ਹਾ ਲਿਆ। ਅਸਲ ਵਿਚ ਜਦੋਂ ਉਸ ਨੇ ਦੇਖਿਆ ਕਿ ਉਸ ਦੇ ਦੋਸਤ ਰਿੰਕੂ ਤੇ ਚਿੰਕੀ ਆਪਣੇ ਘਰ ਦੇ ਚੁਬਾਰੇ ਦੀ ਛੱਤ 'ਤੇ ਚੜ੍ਹ ਕੇ ਪਤੰਗ ਚੜ੍ਹਾ ਰਹੇ ਹਨ ਤਾਂ ਉਸ ਨੇ ਸੋਚਿਆ ਕਿ ਉਨ੍ਹਾਂ ਨੂੰ ਕਿਵੇਂ ਪਤਾ ਲੱਗੇਗਾ ਕਿ ਇਹ ਚੜ੍ਹਾਈ ਪਤੰਗ ਮੇਰੀ ਹੈ। ਘੱਟੋ- ਘੱਟ ਘਰ ਦੀ ਛੱਤ 'ਤੇ ਪਤੰਗ ਉਡਾਉਂਦੇ ਹੋਏ ਉਨ੍ਹਾਂ ਦੀ ਨਜ਼ਰ ਤਾਂ ਉਸ 'ਤੇ ਪਏਗੀ। ਹੈਰੀ ਨੂੰ ਇਹ ਵੀ ਵਿਸ਼ਵਾਸ ਸੀ ਕਿ ਉਸ ਦੀ ਚਾਈਨਾ ਡੋਰ ਕਾਫੀ ਪੱਕੀ ਹੈ। ਜਿਸ ਨੂੰ ਰਿੰਕੂ ਤੇ ਚਿੰਕੀ ਦੀ ਡੋਰ ਨਹੀਂ ਕੱਟ ਸਕੇਗੀ ਤੇ ਉਸ ਕੋਲੋਂ ਮਾਤ ਖਾਵੇਗੀ। ਉਹ ਬੇਡਰ ਹੋ ਕੇ ਪਤੰਗ ਨੂੰ ਤੁਣਕੇ ਮਾਰ ਰਿਹਾ ਸੀ।

ਅਚਾਨਕ ਹੀ ਹੈਰੀ ਦੇ ਮੰਮੀ ਘਰ ਦੀ ਛੱਤ 'ਤੇ ਚੜ੍ਹ ਆਏ ਤੇ ਕਹਿਣ ਲੱਗੇ, "ਓਏ ਨਲਾਇਕ, ਮੈਂ ਤੈਨੂੰ ਕਿਹਾ ਸੀ ਕਿ ਹੇਠਾਂ ਖੁੱਲ੍ਹੇ ਵਿਹੜੇ ਵਿੱਚ ਮੇਰੀ ਨਿਗਰਾਨੀ ਵਿੱਚ ਪਤੰਗ ਚੜ੍ਹਾਵੀਂ। ਤੂੰ ਕਦੇ ਮੇਰਾ ਆਖਾ ਨਹੀਂ ਮੰਨਦਾ...।"

"ਮੰਮੀ, ਬਸ ਪੰਜ ਕੁ ਮਿੰਟ ਦੀ ਤਾਂ ਗੱਲ ਹੈ। ਮੈਂ ਹੁਣੇ ਆਪਣੀ ਪਤੰਗ ਉਤਾਰ ਕੇ ਹੇਠਾਂ ਆਉਂਦਾ ਹਾਂ। ਲਗਦੈ ਹੇਠਾਂ ਮੋਬਾਈਲ ਦੀ ਘੰਟੀ ਵੱਜ ਰਹੀ ਹੈ। ਜ਼ਰੂਰ ਪਾਪਾ ਦਾ ਫ਼ੋਨ ਹੋਣਾ। ਤੁਸੀਂ ਹੇਠਾਂ ਜਾਓ ਮੈਂ ਆਉਂਦਾ ਹਾਂ।'" ਹੈਰੀ ਨੇ ਚਲਾਕੀ ਨਾਲ ਮੰਮੀ ਨੂੰ ਟਾਲਦਿਆਂ ਕਿਹਾ। ਹੈਰੀ ਦੇ ਮੰਮੀ ਜਿਵੇਂ ਹੀ ਹੇਠਾਂ ਆਏ ਤਾਂ ਹੈਰੀ ਨੇ ਦੇਖਿਆ ਕਿ ਰਿੰਕੂ ਦੀ ਪਤੰਗ ਉਸ ਦੀ ਪਤੰਗ ਦੇ ਕਾਫੀ ਕਰੀਬ ਸੀ। ਫਿਰ ਦੋਹਾਂ ਪਤੰਗਾਂ ਦਾ ਪੇਚਾ ਪੈ ਗਿਆ। ਹੈਰੀ ਨੂੰ ਆਪਣੀ ਚਾਈਨਾ ਡੋਰ 'ਤੇ ਪੂਰਾ ਵਿਸ਼ਵਾਸ ਸੀ ਇਸ ਲਈ ਉਸ ਨੇ ਬੇਫ਼ਿਕਰ ਹੋ ਕੇ ਚਾਈਨਾ ਡੋਰ ਖਿੱਚਣੀ ਸ਼ੁਰੂ ਕੀਤੀ ਤਾਂ ਅਚਾਨਕ ਚਾਈਨਾ ਡੋਰ ਨਾਲ ਹੈਰੀ ਦੀ ਉਂਗਲ ਕੱਟ ਗਈ ਤੇ ਲਹੂ ਲੁਹਾਨ ਹੋ ਗਈ। ਉਹ ਡੋਰ ਛੱਡ ਕੇ ਚੀਕਣ ਲੱਗਾ ਤੇ ਇਸੇ ਪਰੇਸ਼ਾਨੀ ਵਿੱਚ ਉਹ ਘਰ ਦੀ ਛੱਤ ਤੋਂ ਹੇਠਾਂ ਡਿੱਗ ਪਿਆ। ਸ਼ੁਕਰ ਸੀ ਕਿ ਉਹ ਨਾਲ ਦੇ ਖ਼ਾਲੀ ਪਏ ਪਲਾਟ ਵਿੱਚ ਸੁੱਟੀ ਰੇਤਲੀ ਮਿੱਟੀ 'ਤੇ ਡਿੱਗਿਆ ਸੀ ਤੇ ਉਸ ਨੂੰ ਬਹੁਤੀ ਸੱਟ ਨਹੀਂ ਲੱਗੀ ਸੀ। ਪਰ ਉਹ ਘਬਰਾਹਟ ਵਿੱਚ ਬੇਹੋਸ਼ ਹੋ ਗਿਆ ਸੀ। ਉਸ ਦੇ ਮੰਮੀ ਨੇ ਉਸ ਨੂੰ ਗੁਆਂਢੀਆਂ ਦੀ ਮਦਦ ਨਾਲ ਚੁੱਕਿਆ ਤੇ ਨੇੜੇ ਦੇ ਡਾਕਟਰ ਕੋਲ ਲੈ ਗਏ।

ਹੈਰੀ ਨੂੰ ਹੋਸ਼ ਆ ਗਿਆ ਸੀ। ਉਸ ਦੇ ਹੱਥ 'ਤੇ ਪੱਟੀ ਬੰਨ੍ਹੀ ਹੋਈ ਸੀ। ਉਸ ਦੇ ਮੰਮੀ ਪਾਪਾ ਤੇ ਗੁਆਂਢੀ ਅੰਕਲ ਕੋਲ ਬੈਠੇ ਉਸ ਵੱਲ ਦੇਖ ਰਹੇ ਸਨ। ਡਾਕਟਰ ਅਨੁਸਾਰ

ਘਬਰਾਉਣ ਦੀ ਕੋਈ ਲੋੜ ਨਹੀਂ ਸੀ।

ਹੈਰੀ ਨੇ ਸਭ ਵੱਲ ਦੇਖਿਆ ਤਾਂ ਅੱਖਾਂ ਝੁਕਾ ਲਈਆਂ। ਉਸ ਦੇ ਮੰਮੀ ਨੇ ਉਸ ਦੇ ਸਿਰ ’ਤੇ ਹੱਥ ਫੇਰਿਆ ਤਾਂ ਹੈਰੀ ਰੋਣ ਲੱਗ ਪਿਆ ਤੇ ਕਹਿਣ ਲੱਗਾ, “ਮੰਮੀ, ਮੈਂ ਤੁਹਾਡੀ ਗੱਲ ਨਹੀਂ ਮੰਨੀ। ਇਸੇ ਲਈ ਮੇਰਾ ਇਹ ਹਾਲ ਹੋਇਆ ਹੈ। ਤੁਹਾਡੀ ਗੱਲ ਨਾ ਮੰਨਣ ਦਾ ਫਲ ਮੈਨੂੰ ਮਿਲ ਗਿਆ।'”

ਉਸ ਦੇ ਮੰਮੀ ਨੇ ਉਸ ਨੂੰ ਨਾ ਬੋਲਣ ਲਈ ਕਿਹਾ ਤੇ ਪਿਆਰ ਨਾਲ ਸਮਝਾਉਂਦੇ ਹੋਏ ਬੋਲੇ, “ਬੇਟਾ, ਮਾਂ ਬਾਪ ਹਮੇਸ਼ਾ ਆਪਣੇ ਬੱਚਿਆਂ ਦੇ ਹਿਤ ਦੀ ਗੱਲ ਸਮਝਾਉਂਦੇ ਹਨ। ਕਿਉਂਕਿ ਉਹ ਆਪ ਚੰਗੇ ਮਾੜੇ ਦੌਰ ਵਿੱਚੋਂ ਲੰਘ ਚੁੱਕੇ ਹੁੰਦੇ ਹਨ। ਜਿਹੜਾ ਬੱਚਾ ਸਦਾ ਆਪਣੇ ਵੱਡਿਆਂ ਦੀ ਗੱਲ ਮੰਨਦਾ ਹੈ ਸੁਖ ਪਾਉਂਦਾ ਹੈ।'” ਹੈਰੀ ਦੇ ਮੰਮੀ ਦੀ ਨਸੀਹਤ ਕੋਲ ਖੜ੍ਹੇ ਉਸ ਦੇ ਦੋਸਤਾਂ ਰਿੰਕੂ ਤੇ ਚਿੰਕੀ ਨੇ ਵੀ ਮਨ ਹੀ ਮਨ ਮੰਨ ਲਈ ਸੀ।

ਕੰਡਕਟ ਬ੍ਰਾਂਚ, ਪੰਜਾਬੀ ਯੂਨੀਵਰਸਿਟੀ,
ਪਟਿਆਲਾ (ਪੰਜਾਬ)-147002
98723-25960



## ਨਵੇਂ ਸਾਲ ਨੂੰ ਬੇਨਤੀ

**ਪ੍ਰਵੀਨ ਸ਼ਰਮਾ**

ਨਵੇਂ ਸਾਲ ਨੂੰ ਬੇਨਤੀ, ਲੈ ਕੇ ਆਈ ਸੁੱਖ,
ਸਾਲ ਪੁਰਾਣੇ ਵਾਂਗਰਾਂ, ਲੋਕ ਸਹਿਣ ਨਾ ਦੁੱਖ।

ਨਵੇਂ ਸਾਲ ਨੂੰ ਬੇਨਤੀ, ਚੱਲਣ ਕਾਰੋਬਾਰ,
ਜਿਸਦੇ ਕੋਲ ਹੈ ਨਹੀਂ, ਉਸ ਨੂੰ ਦੇ ਰੁਜ਼ਗਾਰ।

ਨਵੇਂ ਸਾਲ ਨੂੰ ਬੇਨਤੀ, ਕਰਦੇ ਮਾਲਾਮਾਲ,
ਹੈ ਜੋ ਦਾਤੇ ਅੰਨ ਦੇ, ਸਦਾ ਰਹਿਣ ਖੁਸ਼ਹਾਲ।

ਨਵੇਂ ਸਾਲ ਨੂੰ ਬੇਨਤੀ, ਇਹ ਵੀ ਕਰ ਪਰਵਾਨ,
ਰਾਖੇ ਹਨ ਜੋ ਦੇਸ਼ ਦੇ, ਜਿਉਂਦੇ ਰਹਿਣ ਜਵਾਨ ।

ਨਵੇਂ ਸਾਲ ਨੂੰ ਬੇਨਤੀ, ਹਰੀ ਰਹੇ ਹਰ ਕੁੱਖ,
ਫੁੱਲਾਂ ਲੱਦੀ ਧਰਤ ’ਤੇ, ਲੋਕ ਵੱਢਣ ਨਾ ਰੁੱਖ।

ਨਵੇਂ ਸਾਲ ਨੂੰ ਬੇਨਤੀ, ਕਰਦੀ ਸ਼ੁੱਧ ਵਿਚਾਰ,
ਬੱਚੇ ਮਾਈ ਬਾਪ ਦਾ, ਸਦਾ ਕਰਨ ਸਤਿਕਾਰ।

ਨਵੇਂ ਸਾਲ ਨੂੰ ਬੇਨਤੀ, ਜੋੜ ਦਿਲਾਂ ਦੇ ਤਾਰ,
ਭੁੱਲ ਕੇ ਸਾਰੇ ਨਫ਼ਰਤਾਂ, ਰਹੀਏ ਨਾਲ ਪਿਆਰ।

ਨਵੇਂ ਸਾਲ ਨੂੰ ਬੇਨਤੀ, ਰੱਖੀਂ ਸਦਾ ਨਿਰੋਗ,
ਸ਼ਾਮ ਸਵੇਰੇ ਕਸਰਤਾਂ, ਕਰਦੇ ਰਹੀਏ ਯੋਗ।

ਨਵੇਂ ਸਾਲ ਨੂੰ ਬੇਨਤੀ, ਦੇ ਚੰਗੀ ਸਰਕਾਰ,
ਹਟ ਜਾਣ ਨੇਤਾ ਦੇਸ਼ ਦੇ, ਕਰਨੋਂ ਭ੍ਰਿਸ਼ਟਾਚਾਰ।

ਨਵੇਂ ਸਾਲ ਨੂੰ ਬੇਨਤੀ, ਕਰ ਦੇ ਪਰਉਪਕਾਰ,
ਮਾਂ ਬੋਲੀ ਨਾ ਭੁੱਲੀਏ, ਵਿਰਸਾ, ਸਭਿਆਚਾਰ।

ਨਵੇਂ ਸਾਲ ਨੂੰ ਬੇਨਤੀ, ਧਾਰ ਨਵਾਂ ਅਵਤਾਰ,
ਕਸ਼ਟ ਸਭ ਦੇ ਕੱਟ ਦੇ, ਸੁਖੀ ਵਸੇ ਸੰਸਾਰ।

ਨਵੇਂ ਸਾਲ ਨੂੰ ਬੇਨਤੀ, ਬਣਿਆ ਰਹੇ ਆਨੰਦ,
ਗੁਰੂ ਰੇਵਤੀ ਰਮਨ ਤੋਂ, ਸਿੱਖਦਾ ਰਹਾਂ ਮੈਂ ਛੰਦ।

ਰਾਉਂਕੇ ਕਲਾਂ, ਏਲਨਾਬਾਦ,
ਜ਼ਿਲ੍ਹਾ- ਸਿਰਸਾ (ਹਰਿਆਣਾ)
94161-68044



# ਦਸਮੇਸ਼ ਪਿਤਾ ਜੀ

ਹਰਦਿਆਲ ਸਿੰਘ ਝੀਤਾ

ਦਸਮੇਸ਼ ਪਿਤਾ ਜੀ
ਸਾਨੂੰ ਤਾਂ ਮਾਫ਼ ਕਰਿਓ ,
ਫਸੇ ਪਏ ਹਾਂ ਅਸੀਂ ਘੁੰਮਣ-ਘੇਰੀਆਂ ਵਿਚ ,
ਰੱਖ ਕੇ ਨਾਮ ਦੁਕਾਨਾਂ ਦਾ ਤੇਰੇ ਨਾਮ ਉੱਤੇ
ਸਿੰਗ ਫਸੇ ਨੇ ਤੇਰੀਆਂ ਤੇ ਮੇਰੀਆਂ ਵਿਚ ,
ਪੈਮਾਨਾ ਹੱਕ ਹਲਾਲ ਦਾ ਰੱਖ ਪਾਸੇ
ਵੱਡੀਆਂ ਉਹਦੀਆਂ ਜਾਂ ਮੇਰੀਆਂ, 'ਢੇਰੀਆਂ' ਵਿਚ ,
ਦਸਮੇਸ਼ ਪਿਤਾ ਜੀ ਸਾਨੂੰ ਤਾਂ ਮਾਫ਼ ਕਰਿਓ
ਫਸੇ ਪਏ ਹਾਂ ਅਸੀਂ ਘੁੰਮਣ-ਘੇਰੀਆਂ ਵਿਚ !
ਤੈਨੂੰ ਯਾਦ ਕਰੀਏ
ਖ਼ਾਸ ਹੀ ਦਿਨਾਂ ਉੱਤੇ
ਪੁਰਬ ਲੰਘੇ ਤਾਂ ਉੱਕਾ ਹੀ
ਭੁੱਲ ਜਾਈਏ,
ਕਰ ਕਰ ਮਾਇਆ ਇਕੱਠੀ
ਭੌਤਿਕ ਪਦਾਰਥਾਂ ਦੀ,
ਹਉਮੈ ਆਪਣੀ ਵਿਚ ਹੀ ਫੁਲ ਜਾਈਏ
ਮਾੜੇ ਚੰਗੇ ਦੇ ਫ਼ਰਕ ਨੂੰ ਸਮਝੀਏ ਨਾ
ਖੁੱਭੇ ਪਏ ਹਾਂ ਹੇਰਾ-ਫੇਰੀਆਂ ਵਿੱਚ
ਦਸਮੇਸ਼ ਪਿਤਾ ਜੀ ਸਾਨੂੰ ਤਾਂ ਮਾਫ਼ ਕਰਿਓ
ਅਸੀਂ ਫਸੇ ਹਾਂ ਅਸੀਂ ਘੁੰਮਣ-ਘੇਰੀਆਂ ਵਿਚ ।
ਹੋ ਕੇ ਗਿਆਨ ਵਿਹੂਣੇ
ਪਰ ਬਣੇ ਬੈਠੇ
ਸਾਰੇ ਵੇਦਾਂ, ਗ੍ਰੰਥਾਂ ਦੇ ਗਿਆਤਾ ਹੈ ਜੀ
ਛਕ ਕੇ ਪਾਹੁਲ 'ਖੰਡੇ' ਦੀ
ਫਿਰ ਵੀ ਅੱਜ
ਪੰਥ ਵੰਡਿਆਂ ਵਿਚ ਜਾਤਾਂ ਤੇ ਪਾਤਾਂ ਹੈ ਜੀ
ਰਸਤੇ ਧਰਮ ਦੇ ਦੱਸਦੇ ਹਾਂ ਦੂਜਿਆਂ ਨੂੰ
ਆਪ ਕਰੀ ਜਾਈਏ ਮਨ ਮੱਤੀਆਂ ਜੀ
ਜੁਅੱਰਤ 'ਵਸਤੂਆਂ' ਦੀ ਨੂੰ 'ਵਿਧਾਤਾ' ਤੋਂ ਵੱਧ ਮੰਨ ਦੇ
ਕਰਨ ਰੱਬ ਦੀਆਂ
ਜੋ ਬੇਪੱਤੀਆਂ ਜੀ,
ਸਾਨੂੰ ਚਾਨਣ ਦਾ ਭੋਰਾ ਨਾ
ਰਾਹ ਲੱਭਦਾ
ਗ੍ਰਸੇ ਪਏ ਹਾਂ ਅਗਿਆਨ ਦੀਆਂ ਹਨੇਰੀਆਂ ਵਿਚ
ਦਸਮੇਸ਼ ਪਿਤਾ ਜੀ ਸਾਨੂੰ ਤਾਂ ਮੁਆਫ਼ ਕਰਿਓ
ਫਸੇ ਪਏ ਹਾਂ ਅਸੀਂ ਘੁੰਮਣ-ਘੇਰੀਆਂ ਵਿਚ
ਕੀ ਹੈ 'ਕਰਮ' ਸਾਡਾ
ਪਰ ਕੀ 'ਧਰਮ' ਸਾਡਾ
ਸੋਚਣ ਵਾਸਤੇ
ਵਕਤ ਨਾ ਕੋਲ ਸਾਡੇ
ਚਾਪਲੂਸੀ ਦੀਆਂ
ਹੱਦਾਂ ਨੂੰ ਪਾਰ ਕਰ ਗਏ
ਸੱਚ ਕਹਿਣ ਦੀ 'ਹਿੰਮਤ '
ਨਾ 'ਬੋਲ' ਸਾਡੇ,
ਹੱਕ ਮੰਗੀਏ
ਫ਼ਰਜ਼ਾਂ ਨੂੰ ਲਾ ਖੂੰਜੇ
ਚੁੱਪ ਕਰੋ ਤੇ ਬੈਠ ਜਾਓ ਦੜ ਵੱਟ ਕੇ
ਵਕਤ ਰਿਹਾ ਨਾ ਕਿਸੇ ਨੂੰ ਕਹਿਣ ਵਾਲਾ
ਐਸੀ ਬੇ -ਬਸੀ
ਦੇ 'ਹਾਂ '
ਵਿਚ ਲਟਕੇ,
ਏਥੇ ਆਪੋ ਤੇ ਧਾਪੀ ਹੈ ਪਈ ਸਭ ਨੂੰ
ਰਿਹਾ ਪਿਆਰ ਨਾ ਸੰਗਤਾਂ ਤੇਰੀਆਂ ਵਿਚ
ਦਸਮੇਸ਼ ਪਿਤਾ ਜੀ ਸਾਨੂੰ ਤਾਂ ਮਾਫ਼ ਕਰਿਓ
ਅਸੀਂ ਫਸੇ ਹਾਂ ਘੁੰਮਣ-ਘੇਰੀਆਂ ਵਿੱਚ
ਸਾਨੂੰ ਏਕੇ ਦਾ ਕੋਈ ਨਾ ਰਾਹ ਦੱਸਦਾ
ਤੁਰ ਪੈਂਦੇ ਹਾਂ ਜਿਧਰ ਕੋਈ ਲਈ ਜਾਂਦਾ
ਨਾ ਫਿਰ ਸੋਚੀਏ
ਨਫ਼ਾ-ਨੁਕਸਾਨ ਕੋਈ
ਕਰ ਦੇਈਏ ਢਹਿ ਢੇਰੀ
ਜੋ ਵੀ ਕਹੀ ਜਾਂਦਾ
ਗੱਡਿਆ 'ਝੰਡੇ' ਵਿੱਚ 'ਡੰਡਾ'
'ਮਨਮਰਜ਼ੀਆਂ' ਦਾ
ਤਾਂਹੀਓਂ ਪਿਸਦੇ ਹਾਂ ਜ਼ੁਲਮੀ ਹਨੇਰੀਆਂ ਵਿਚ
ਦਸਮੇਸ਼ ਪਿਤਾ ਜੀ ਸਾਨੂੰ ਤਾਂ ਮਾਫ਼ ਕਰਿਓ
ਫਸੇ ਬੈਠੇ ਹਾਂ ਅਸੀਂ ਘੁੰਮਣ-ਘੇਰੀਆਂ ਵਿੱਚ
ਅਸੀਂ ਬੈਠੇ ਹਾਂ
ਘੁੰਮਣ-ਘੇਰੀਆਂ ਵਿਚ,
ਘੁੰਮਣ-ਘੇਰੀਆਂ ਵਿਚ ।

ਬਰੈਂਪਟਨ (ਕੈਨੇਡਾ)
+1(647)409-8915



## ਕਹਿ ਗਏ ਲੋਕ ਸਿਆਣੇ

ਮਨਮੋਹਨ ਕ੍ਰਿਸ਼ਨ ਮੈਣੀ

ਅੱਗ ਬਿਨਾਂ ਨਾ ਧੂੰਆਂ ਉੱਠਦਾ,
ਕਹਿ ਗਏ ਲੋਕ ਸਿਆਣੇ।

ਉੱਤੋਂ-ਉੱਤੋਂ ਚੰਗੇ ਲੱਗਦੇ,
ਨਾਟਕ, ਫਿਲਮਾਂ,ਗਾਣੇ,

ਪਰਦੇ ਪਿੱਛੇ ਕੀ ਕਹਾਣੀ,
ਇਹ ਕੋਈ ਕਿੱਦਾਂ ਜਾਣੇ।

ਖ਼ਾਲੀ ਬੋਤਲ ਵਾਂਗੂ ਖ਼ਾਲੀ,
ਉੱਤੇ ਸੁੰਦਰ ਬਾਣੇ।

ਅੰਦਰੋਂ ਚੋਰ-ਉਚੱਕੇ ਬਹੁਤੇ,
ਬਾਹਰੋਂ ਬੀਬੇ-ਰਾਣੇ।

ਇਹ ਕੱਲਮ-'ਕੱਲੇ ਨਈਓਂ ਗੰਦੇ,
ਗੰਦੇ ਲਾਣੇ ਬਾਣੇ।

ਹਾਂ ਪੰਜੇ ਉਂਗਲਾਂ ਨਹੀਂ ਬਰਾਬਰ,
ਪਰ ਕਿੱਦਾਂ ਕੋਈ ਪਛਾਣੇ।

ਚਾਰ ਦਿਨਾਂ ਦੀ ਸ਼ੋਹਰਤ ਪਿੱਛੇ,
ਕਾਹਤੋਂ ਧੱਕੇ ਖਾਣੇ।

ਏਹੋ ਜੇਹੀ ਕੀ ਦੌਲਤ ਕਰਨੀ,
ਜਿਹੜੀ ਲੈ ਜਾਏ ਥਾਣੇ।

ਜਿੰਨਾ ਮਰਜ਼ੀ ਉੱਡਜੇ ਬੰਦਾ,
ਡਿੱਗਦਾ ਆਣ ਟਿਕਾਣੇ।

ਜਿਹੜੇ ਘਰ ਵਿੱਚ ਨਸ਼ਾ ਨੀ ਵੜਿਆ,
ਮੁੱਕਦੇ ਕਦੀ ਨਾ ਦਾਣੇ।

ਸਿੱਧਾ-ਸਾਦਾ ਸੱਚਾ ਬੰਦਾ,
ਜੱਗ 'ਤੇ ਮੌਜਾਂ ਮਾਣੇਂ।

ਸੁਪਨੇ ਦੇ ਵਿੱਚ ਗੱਲ ਸਮਝਾਈ,
ਬਾਬੇ ਨਾਨਕ ਸ਼ਾਹ ਨੇ।

ਐਹੋ ਜਿਹੇ ਕਰਮ ਨਾ ਕਰਿਓ,
ਜਿਹੜੇ ਪੈਣ ਛਿਪਾਣੇ।

ਡਿਪਟੀ ਜਨਰਲ ਮੈਨੇਜਰ,
ਹਰਿਆਣਾ ਟੈਲੀਕਾਮ,
ਅੰਬਾਲਾ, (ਹਰਿਆਣਾ)-133001
94160-10053



## ਫ਼ੌਜੀ ਜਵਾਨ ਦੀ ਮਾਂ

ਹਰਜੀਤ ਕੌਰ ਲਾਡਵਾ

ਵਾਰ ਵਾਰ ਮੱਥਾ ਚੁੰਮਦੀ
ਸਿਰ 'ਤੇ ਹੱਥ ਰੱਖ ਅਸੀਸਾਂ ਦਿੰਦੀ,
ਹੰਝੂ ਵਹਾਉਂਦੀ, ਗਲਵੱਕੜੀ ਪਾਉਂਦੀ
ਉਸਦੇ ਪਰਤ ਆਉਣ ਦੀ ਆਸ ਰੱਖਦੀ,
ਝੂਠਾ ਜਿਹਾ ਹਾਸਾ ਹੱਸਦੀ
ਕੁੱਝ ਇਸ ਤਰ੍ਹਾਂ ਹੀ ਪੁੱਤ ਤੋਰਦੀ,
ਦੇਸ਼ ਲਈ ਸ਼ਹੀਦ ਹੋਣ
ਜਾ ਰਹੇ ਫ਼ੌਜੀ ਜਵਾਨ ਦੀ ਮਾਂ ।

#343/9, ਲਾਡਵਾ
ਜ਼ਿਲ੍ਹਾ-ਕੁਰੂਕਸ਼ੇਤਰ
(ਹਰਿਆਣਾ)-136132
98966-38270



## ਨਵਾਂ ਸਾਲ

ਵਜ਼ੀਰ ਚੰਦ ਗੋਇਲ

ਨਵੇਂ ਸਾਲ ਵਿਚ ਕੋਈ ਨਵਾਂ ਤੇ ਚੰਗਾ ਕਰਕੇ
ਦਿਖਾਵੇ ਤਾਂ ਗੱਲ ਬਣੇ,
ਇੱਟ ਦਾ ਜਵਾਬ ਤਾਂ ਲੋਕ ਅਕਸਰ ਪੱਥਰ ਨਾਲ ਦਿੰਦੇ ਐ।
ਉਹਨਾਂ ਪੱਥਰਾਂ ਦੇ ਨਾਲ ਕੋਈ ਨਵਾਂ ਘਰ ਬਣਾ
ਕੇ ਦਿਖਾਵੇ ਤਾਂ ਗੱਲ ਬਣੇ।

ਗਾਲ੍ਹ ਦਾ ਜਵਾਬ ਲੋਕ ਗੋਲੀ ਨਾਲ ਵੀ ਦਿੰਦੇ ਐ,
ਗਾਲ੍ਹ ਦੇਣ ਵਾਲੇ ਨੂੰ ਕੋਈ ਗਲੇ ਲਗਾ
ਕੇ ਦਿਖਾਵੇ ਤਾਂ ਗੱਲ ਬਣੇ।
ਨਵੇਂ ਸਾਲ ਵਿਚ ਕੋਈ ਨਵਾਂ ਤੇ ਚੰਗਾ ਕਰਕੇ
ਦਿਖਾਵੇ ਤਾਂ ਗੱਲ ਬਣੇ।

ਅਸਮਾਨ ਜਿਸ ਦੀ ਛੱਤ ਹੈ ਅਤੇ ਫ਼ਰਸ਼ ਜਿਸ ਦੀ ਚਾਦਰ,
ਕੋਈ ਉਸ ਗ਼ਰੀਬ ਦੇ ਦੁੱਖ-ਦਰਦ ਨੂੰ ਆਪਣੀ ਤੜਪ ਬਣਾ
ਕੇ ਦਿਖਾਵੇ ਤਾਂ ਗੱਲ ਬਣੇ।
ਆਪਣੇ ਲਈ ਤਾਂ ਸਾਰੇ ਹੀ ਕਰਦੇ ਨੇ,
ਕੋਈ ਖ਼ਾਸ ਗੱਲ ਨਹੀਂ,

ਆਪਣੇ ਵਿਹੜੇ ਵਿਚ ਕੋਈ ਐਸਾ ਰੁੱਖ ਲਗਾਵੇ
ਕਿ ਉਸ ਦਾ ਪਰਛਾਵਾਂ।
ਗੁਆਂਢੀ ਦੇ ਘਰ ਜਾਵੇ ਤਾਂ ਗੱਲ ਬਣੇ,
ਨਵੇਂ ਸਾਲ ਵਿਚ ਕੋਈ ਨਵਾਂ ਤੇ ਚੰਗਾ ਕਰਕੇ
ਦਿਖਾਵੇ ਤਾਂ ਗੱਲ ਬਣੇ।

ਲਕੀਰ ਦੇ ਫ਼ਕੀਰ ਤਾਂ ਸਾਰੇ ਹੀ ਹਨ,
ਤਣਾਅ ਤੋਂ ਮੁਕਤੀ ਦਿਵਾਉਣ ਦਾ ਕੋਈ ਜੰਤਰ ਬਣਾ
ਕੇ ਦਿਖਾਵੇ ਤਾਂ ਗੱਲ ਬਣੇ,
ਹੁਣ ਇਨਸਾਨ ਹੀ ਇਨਸਾਨੀਅਤ ਦੀ ਕਿਸ਼ਤੀ
ਖ਼ਤਰੇ ਵਿਚ ਹੈ,
ਕੋਈ ਗੁਰੂ ਨਾਨਕ ਵਰਗਾ ਕੋਈ ਆ ਕੇ ਕਿਸ਼ਤੀ
ਪਾਰ ਲਗਾਵੇ ਤਾਂ ਗੱਲ ਬਣੇ।
ਨਵੇਂ ਸਾਲ ਵਿਚ ਕੋਈ ਨਵਾਂ ਤੇ ਚੰਗਾ ਕਰਕੇ
ਦਿਖਾਵੇ ਤਾਂ ਗੱਲ ਬਣੇ।

ਮ.ਨੰ. 1183, ਸੈਕਟਰ-12 ਏ,
ਪੰਚਕੂਲਾ (ਹਰਿਆਣਾ)।
92169-92969



## ਆਈ ਬਸੰਤ

ਵਿਵੇਕ

ਆਈ ਬਸੰਤ ਆਇਆ ਰੰਗਾਂ 'ਤੇ ਨਿਖਾਰ।
ਹੱਸਦੀ ਨੱਚਦੀ ਵੇਖੋ ਫੁੱਲਾਂ ਦੀ ਬਹਾਰ।

ਡੋਰ ਨਾਲ ਬੱਚੇ ਪਤੰਗ ਨੇ ਚੜਾਉਂਦੇ
ਰੰਗ ਬਿਰੰਗਾ ਸਾਰਾ ਅਸਮਾਨ ਸਜਾਉਂਦੇ
ਹਰ ਪਾਸੇ ਖੁਸ਼ੀ ਹਰ ਚਿਹਰੇ 'ਤੇ ਪਿਆਰ।
ਆਈ ਬਸੰਤ ਆਇਆ ਰੰਗਾਂ 'ਤੇ ਨਿਖਾਰ।

ਮਿੱਠੀ ਮਿੱਠੀ ਹਵਾ ਦਿਲਾਂ ਨੂੰ ਮਹਿਕਾਉਂਦੀ
ਪੀਲੀ ਸਰੋਂ ਦੀ ਖੁਸ਼ਬੂ ਖੇਤਾਂ ਵੱਲੋਂ ਆਉਂਦੀ
ਧਰਤੀ ਵੀ ਝੂਮੇ ਪੀਲਾ ਕਰਕੇ ਸ਼ਿੰਗਾਰ।
ਆਈ ਬਸੰਤ ਆਇਆ ਰੰਗਾਂ 'ਤੇ ਨਿਖਾਰ।

ਲੱਗਾ ਬੱਚਿਆਂ ਦਾ ਮੇਲਾ ਚਾਰੇ ਪਾਸੇ ਸ਼ੋਰ
ਕਿਸੇ ਹੱਥ ਪਤੰਗ ਫੜੀ ਕਿਸੇ ਨੇ ਹੈ ਡੋਰ
ਬੱਚਿਆ ਲਈ ਸੌਗਾਤਾਂ ਲੈ ਕੇ ਆਵੇ ਤਿਉਹਾਰ।
ਆਈ ਬਸੰਤ ਆਇਆ ਰੰਗਾਂ 'ਤੇ ਨਿਖਾਰ।

ਬਹੁਰੰਗੀ ਹੈ ਸਾਡਾ ਭਾਰਤ ਪਿਆਰਾ
ਚੱਲੇ ਚਰਖੜੀ ਤਰੱਕੀ ਦੀ ਵਧੇ ਭਾਈਚਾਰਾ
ਦੇਸ਼ ਤੇ ਮਰ ਮਿਟਣ ਨੂੰ ਵਿਵੇਕ ਤਿਆਰ।
ਆਈ ਬਸੰਤ ਆਇਆ ਰੰਗਾਂ 'ਤੇ ਨਿਖਾਰ।

ਮਾਨਵਤਾ ਭਵਨ, ਕੋਟ ਈਸੇ ਖਾਂ
ਮੋਗਾ, (ਪੰਜਾਬ)
70099-46458



# ਸੰਪਾਦਕ ਦੇ ਨਾਂ ਪੱਤਰ

**ਸਤਿਕਾਰਯੋਗ ਸੰਪਾਦਕ ਜੀ,**

**ਸਤਿ ਸ੍ਰੀ ਅਕਾਲ!**

'ਸ਼ਬਦ ਬੂੰਦ' ਨੂੰ ਪੰਜਾਬੀ ਪਾਠਕਾਂ ਦੇ ਹੱਥਾਂ ਤੱਕ ਪੁੱਜਦਾ ਕਰਨ ਵਾਲੀ ਸਮੁੱਚੀ ਪ੍ਰਬੰਧਕ ਟੀਮ ਨੂੰ ਬਹੁਤ-ਬਹੁਤ ਮੁਬਾਰਕ ਅਤੇ ਧੰਨਵਾਦ। ਹਰਿਆਣੇ ਵਰਗੇ ਹਿੰਦੀ ਸੂਬੇ ਵਿਚ ਪੰਜਾਬੀ ਮਾਂ-ਬੋਲੀ ਨੂੰ ਪ੍ਰਚਾਰ ਅਤੇ ਪ੍ਰਸਾਰ ਕਰਨ ਦਾ ਜਿਹੜਾ ਜ਼ਿੰਮਾ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਚੁੱਕਿਆ ਹੈ ਉਹ ਸੱਚਮੁੱਚ ਕਾਬਲੇ-ਤਾਰੀਫ਼ ਹੈ। ਇਸ ਰਸਾਲੇ ਵਿਚ ਪ੍ਰਕਾਸ਼ਿਤ ਹੋਣ ਵਾਲੀਆਂ ਰਚਨਾਵਾਂ ਦੀ ਚੋਣ ਤੋਂ ਲੈ ਕੇ ਪਾਠਕਾਂ ਦੇ ਹੱਥਾਂ ਤੱਕ ਪਹੁੰਚਣ ਤੱਕ ਸਾਰੀ ਟੀਮ ਬਹੁਤ ਜ਼ਿੰਮੇਵਾਰੀ ਨਾਲ ਕਾਰਜ ਕਰਦੀ ਹੈ, ਇਹ ਬਹੁਤ ਸ਼ਲਾਘਾਯੋਗ ਕਾਰਜ ਹੈ।

ਪਿਛਲੇ ਕੁਝ ਸਮੇਂ ਤੋਂ 'ਸ਼ਬਦ ਬੂੰਦ' ਵਿਚ ਪ੍ਰਕਾਸ਼ਿਤ ਸਮੱਗਰੀ ਬਹੁਤ ਉੱਚ ਦਰਜੇ ਦੀ ਹੁੰਦੀ ਜਾ ਰਹੀ ਹੈ। ਰਚਨਾਵਾਂ ਦੀ ਚੋਣ ਅਤੇ ਵਿਦਵਾਨਾਂ ਦੇ ਖੋਜ-ਪੱਤਰ ਬਹੁਤ ਲਾਹੇਵੰਦ ਹੁੰਦੇ ਹਨ। ਖ਼ਾਸ ਕਰਕੇ 'ਵਿਸ਼ੇਸ਼ ਅੰਕ' ਬਹੁਤ ਗਿਆਨ ਭਰਪੂਰ ਹੁੰਦੇ ਹਨ। ਇਹਨਾਂ ਅੰਕਾਂ ਕਰਕੇ ਇੱਕੋ ਵਿਸ਼ੇ ਤੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਪੜ੍ਹਨ ਨੂੰ ਮਿਲ ਜਾਂਦੇ ਹਨ।

ਇੱਕ ਸੁਝਾਅ ਹੈ ਕਿ ਜਿਵੇਂ ਮਹਾਨ ਸ਼ਖ਼ਸੀਅਤਾਂ 'ਤੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਜਾਂਦੇ ਹਨ ਜਿਵੇਂ ਭਗਤ ਕਬੀਰ ਜੀ ਵਿਸ਼ੇਸ਼ ਅੰਕ ਜਾਂ ਗੁਰੂ ਨਾਨਕ ਦੇਵ ਜੀ ਵਿਸ਼ੇਸ਼ ਅੰਕ ਇਸੇ ਤਰ੍ਹਾਂ ਹੀ 'ਗ਼ਜ਼ਲ ਵਿਸ਼ੇਸ਼ ਅੰਕ' ਜਾਂ 'ਕਹਾਣੀ ਵਿਸ਼ੇਸ਼ ਅੰਕ' ਜਾਂ ਹੋਰ ਵਿਧਾਵਾਂ ਦੇ ਵਿਸ਼ੇਸ਼ ਅੰਕ ਵੀ ਪ੍ਰਕਾਸ਼ਿਤ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਇਲਾਵਾ ਹਰਿਆਣੇ ਵਿਚ ਪ੍ਰਕਾਸ਼ਿਤ 'ਪੰਜਾਬੀ ਪੁਸਤਕਾਂ' ਬਾਰੇ ਵਿਸ਼ੇਸ਼ ਕਾਲਮ ਵੀ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਹਰਿਆਣੇ ਵਿਚ ਛਪੀਆਂ ਪੰਜਾਬੀ ਪੁਸਤਕਾਂ ਬਾਰੇ ਪਾਠਕਾਂ ਨੂੰ ਜਾਣਕਾਰੀ ਮਿਲ ਸਕੇ।

ਹਰਿਆਣੇ ਵਿਚ ਪੰਜਾਬੀ ਮਾਂ ਬੋਲੀ ਲਈ ਕੰਮ ਕਰ ਰਹੇ ਸਮੁੱਚੇ ਲੇਖਕਾਂ ਦੀ ਜਾਣ-ਪਛਾਣ, ਸੰਪਰਕ ਨੰਬਰ ਅਤੇ ਪਤੇ ਵੀ ਕਿਸੇ ਇੱਕ ਕਾਲਮ ਵਿਚ ਪ੍ਰਕਾਸ਼ਿਤ ਕੀਤੇ ਜਾ ਸਕਦੇ ਹਨ। ਇਸ ਨਾਲ ਪਾਠਕਾਂ ਨੂੰ ਪੰਜਾਬੀ ਲੇਖਕਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ।

ਆਖ਼ਰ ਵਿਚ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਲਈ ਵੱਖਰਾ ਕਾਲਮ ਹੋਣਾ ਚਾਹੀਦਾ ਹੈ। ਜਿਹੜੇ ਨਵੇਂ ਵਿਦਿਆਰਥੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਪੰਜਾਬੀ ਸਾਹਿਤ ਉੱਪਰ ਖੋਜ ਕਾਰਜ ਕਰ ਰਹੇ ਹਨ ਉਹਨਾਂ ਦੇ 'ਖੋਜ ਪੱਤਰ' ਵੀ 'ਸ਼ਬਦ ਬੂੰਦ' ਰਸਾਲੇ ਵਿਚ ਪ੍ਰਕਾਸ਼ਿਤ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਉਹਨਾਂ ਵਿਦਿਆਰਥੀਆਂ ਨੂੰ ਲਿਖਣ ਦੀ ਚੇਟਕ ਲੱਗ ਸਕੇ ਅਤੇ ਪਾਠਕਾਂ ਨੂੰ ਖੋਜ ਭਰਪੂਰ ਲੇਖ ਪੜ੍ਹਨ ਨੂੰ ਮਿਲ ਸਕਣ। ਇੱਕ ਵਾਰ ਫਿਰ ਸਮੁੱਚੀ 'ਸ਼ਬਦ ਬੂੰਦ' ਟੀਮ ਨੂੰ ਬਹੁਤ ਮੁਬਾਰਕ।

ਡਾ. ਨਿਸ਼ਾਨ ਸਿੰਘ ਰਾਠੌਰ
ਕੁਰੂਕਸ਼ੇਤਰ।
90414-98009

---

ਆਪ ਵੱਲੋਂ ਮਾਸਿਕ ਸਾਹਿਤਕ ਪੱਤਰ 'ਸ਼ਬਦ ਬੂੰਦ' ਕਈ ਵਰ੍ਹਿਆਂ ਤੋਂ ਪੜ੍ਹਦੀ ਆ ਰਹੀ ਹਾਂ। ਮੈਂ 'ਸ਼ਬਦ ਬੂੰਦ' ਦੀ ਬੇਹੱਦ ਮਸ਼ਕੂਰ ਹਾਂ, ਜੋ ਕਿ ਮੇਰੀਆਂ ਰਚਨਾਵਾਂ ਨੂੰ ਸ਼ਬਦ ਬੂੰਦ ਪੱਤ੍ਰਿਕਾ ਵਿੱਚ ਸਥਾਨ ਦਿੱਤਾ ਹੈ ਅਤੇ ਯੋਗ ਮਿਹਨਤਾਨੇ ਨਾਲ ਵੀ ਹੌਸਲਾ ਅਫ਼ਜਾਈ ਕੀਤੀ ਹੈ।

ਪਰਮਜੀਤ ਕੌਰ ਆਸ਼ਟ
ਘੱਗਾ (ਪਟਿਆਲਾ)।
78144-95004

## ਲੇਖਕ ਸੱਜਣਾਂ ਲਈ ਬੇਨਤੀ

1. ਆਪਣੀ ਮੌਲਿਕ ਅਤੇ ਅਪ੍ਰਕਾਸ਼ਿਤ ਰਚਨਾ ਹੀ 'ਸ਼ਬਦ ਬੂੰਦ' ਲਈ ਭੇਜੀ ਜਾਵੇ।
2. ਰਚਨਾ ਫੁੱਲ-ਸਕੇਪ ਕਾਗਜ਼ 'ਤੇ ਇੱਕ ਪਾਸੇ, ਟਾਈਪ ਕੀਤੀ ਜਾਂ ਸ਼ੁੱਧ ਲਿਖਤ ਵਿਚ ਹੋਣੀ ਚਾਹੀਦੀ ਹੈ। ਅਸਪੱਸ਼ਟ, ਨਾ ਪੜ੍ਹੀ ਜਾ ਸਕਣ ਵਾਲੀ ਅਤੇ ਅਪ੍ਰਕਾਸ਼ਿਤ ਰਚਨਾ ਲੇਖਕ ਨੂੰ ਵਾਪਸ ਨਹੀਂ ਭੇਜੀ ਜਾਵੇਗੀ।
3. ਆਉਣ ਵਾਲੇ ਮਹੀਨਿਆਂ ਦੇ ਮਹੱਤਵਪੂਰਨ ਦਿਨ, ਤਿਉਹਾਰਾਂ, ਮਹਾਂਪੁਰਸ਼ਾਂ ਦੇ ਜਨਮ ਦਿਵਸ ਤੇ ਸ਼ਹੀਦੀ ਦਿਵਸਾਂ, ਇਤਿਹਾਸਿਕ ਤਾਰੀਖਾਂ ਨਾਲ ਸੰਬੰਧਤ ਰੌਚਕ ਮੌਲਿਕ ਤੇ ਅਣਛਪੀ ਸਮੱਗਰੀ ਦੋ ਤਿੰਨ ਮਹੀਨੇ ਪਹਿਲਾਂ ਹੀ ਤਿਆਰ ਕਰਕੇ ਭੇਜੋ ਤਾਂ ਕਿ ਉਸ ਮਹੀਨੇ ਦਾ ਅੰਕ ਪ੍ਰਕਾਸ਼ਿਤ ਕਰਦੇ ਸਮੇਂ ਸਮੱਗਰੀ ਦੀ ਸਹੀ ਚੋਣ ਕਰਨ ਵਿੱਚ ਆਸਾਨੀ ਰਹੇ।
4. ਲੇਖਕ ਆਪਣੀ ਰਚਨਾ ਦੀ ਸੌਫ਼ਟ ਕਾਪੀ ਪਰੂਫ ਰੀਡਿੰਗ ਕਰਕੇ ਅਕਾਦਮੀ ਦੀ ਈ-ਮੇਲ : **hpsaa55@gmail.com** 'ਤੇ (**Raavi Font**) ਹੀ ਭੇਜਣ।
5. ਲੇਖਕਾਂ ਅਤੇ ਸਾਹਿਤ-ਸਭਾਵਾਂ ਨੂੰ ਬੇਨਤੀ ਹੈ ਕਿ ਆਪੋ-ਆਪਣੇ ਇਲਾਕੇ ਦੀਆਂ ਪ੍ਰਮੁੱਖ ਸਾਹਿਤਕ ਗਤੀਵਿਧੀਆਂ ਦੀ ਸੰਖੇਪ ਰਿਪੋਰਟ ਫੋਟੋ ਆਦਿ ਸਮੇਤ ਭੇਜੀ ਜਾਵੇ ਤਾਂ ਕਿ ਉਸਨੂੰ ਸਾਹਿਤਕ ਗਤੀਵਿਧੀਆਂ ਵਾਲੇ ਕਾਲਮ ਵਿਚ ਉਚਿਤ ਸਥਾਨ ਦਿੱਤਾ ਜਾ ਸਕੇ।
6. 'ਸ਼ਬਦ ਬੂੰਦ' ਲੇਖਕਾਂ ਦੀ ਆਪਣੀ ਆਵਾਜ਼ ਹੈ। ਇਸ ਆਵਾਜ਼ ਨੂੰ ਸ਼ਕਤੀਸ਼ਾਲੀ ਤੇ ਸਿਹਤਮੰਦ ਬਣਾਉਣ ਵਿਚ ਤੁਹਾਡਾ ਯੋਗਦਾਨ ਕਾਰਗਰ ਸਿੱਧ ਹੋ ਸਕਦਾ ਹੈ।
7. ਸੰਪਾਦਕ ਦੇ ਨਾਮ ਲਿਖੇ ਪੱਤਰ ਵਿੱਚ ਸੰਪਾਦਕ ਜਾਂ 'ਸ਼ਬਦ ਬੂੰਦ' ਨਾਲ ਸੰਬੰਧਤ ਕਿਸੇ ਅਧਿਕਾਰੀ ਦੀ ਪ੍ਰਸੰਸਾ/ਨਿੰਦਿਆ ਕਰਨ ਦੀ ਬਜਾਏ ਪਤ੍ਰਿਕਾ ਵਿਚ ਪ੍ਰਕਾਸ਼ਿਤ ਸਮੱਗਰੀ 'ਤੇ ਹੀ ਸੰਖੇਪ, ਸਾਹਿਤਕ ਭਾਸ਼ਾ ਵਿੱਚ ਸਕਾਰਾਤਮਕ ਟਿੱਪਣੀ ਕੀਤੀ ਜਾਵੇ।
8. 'ਸ਼ਬਦ ਬੂੰਦ' ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਰਚਨਾਵਾਂ ਲਈ ਸੰਬੰਧਤ ਲੇਖਕਾਂ ਨੂੰ ਉਚਿਤ ਮਾਨਦੇਅ ਰਾਸ਼ੀ ਵੀ ਦਿੱਤੀ ਜਾਂਦੀ ਹੈ। ਇਸ ਲਈ ਲੇਖਕ ਆਪਣਾ ਬੈਂਕ ਅਕਾਊਂਟ ਨੰਬਰ, ਆਈ.ਐਫ.ਐਸ.ਸੀ. ਕੋਡ, ਬ੍ਰਾਂਚ, ਬੈਂਕ ਦਾ ਨਾਮ, ਪਾਸਬੁੱਕ ਦੇ ਪਹਿਲੇ ਸਫ਼ੇ ਦੀ ਫੋਟੋ ਕਾਪੀ ਜ਼ਰੂਰ ਭੇਜਣ ਤਾਂ ਕਿ ਮਾਨਦੇਅ ਰਾਸ਼ੀ ਸਿੱਧੀ ਸੰਬੰਧਤ ਲੇਖਕ ਦੇ ਖਾਤੇ ਵਿੱਚ ਜਮਾਂ ਕਰਵਾਈ ਜਾ ਸਕੇ।
9. ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 'ਸ਼ਬਦ ਬੂੰਦ' ਬਾਰੇ ਆਪਣੇ ਸੁਝਾਅ ਅਕਾਦਮੀ ਨੂੰ ਭੇਜਣ।

**'ਸ਼ਬਦ ਬੂੰਦਾ ਦੇ ਮੈਂਬਰ ਬਣਨ ਲਈ ਆਪਣਾ ਚੰਦਾ ਬੈਂਕ ਡਰਾਫਟ ਜਾਂ ਚੈੱਕ ਦੁਆਰਾ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਦੇ ਨਾਮ 'ਤੇ ਭੇਜਣ ਦੀ ਕ੍ਰਿਪਾਲਤਾ ਕਰੋ।**

ਸਾਲਾਨਾ ਚੰਦਾ 200/- ਰੁਪਏ


ਐਡੀਟਰ, ਪ੍ਰਿੰਟਰ ਤੇ ਪ੍ਰਕਾਸ਼ਕ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਮੈ. ਆਡੀਆ ਕੈਟੇਲਿਸਟ ਆਈ. ਐਨ. ਸੀ. ਪ੍ਰਿੰਟਰਜ਼ ਪਲਾਟ ਨੰ.410 ਜੇ.ਐਲ.ਪੀ.ਐਲ ਇੰਡਸਟਰੀਅਲ ਏਰੀਆ, ਸੈਕਟਰ-82 ਮੋਹਾਲੀ ਤੋਂ ਛਪਵਾ ਕੇ 'ਸ਼ਬਦ ਬੂੰਦ' ਜਨਵਰੀ - 2023 ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਆਈ.ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ) ਤੋਂ ਜਾਰੀ ਕੀਤਾ।

## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਲਾਇਬ੍ਰੇਰੀ ਲਈ ਪ੍ਰਾਪਤ ਪੁਸਤਕਾਂ
## ਲੇਖਕਾਂ ਨੂੰ ਅਕਾਦਮੀ ਵੱਲੋਂ ਬਹੁਤ-ਬਹੁਤ ਮੁਬਾਰਕਾਂ !

### ਮਨ ਤੇ ਮਾਰੂਥਲ

**ਵਿਸ਼ਾ :**
ਕਾਵਿ-ਸੰਗ੍ਰਹਿ


**ਲੇਖਕ :**
ਨਿਰਮਲ ਗੰਗਾ




### ਸ਼ਬਦਾਂ ਦਾ ਸਫ਼ਰ

**ਵਿਸ਼ਾ :**
ਲੇਖ ਸੰਗ੍ਰਹਿ


**ਲੇਖਕ :**
ਭੋਲਾ ਸਿੰਘ ਸੰਘੇੜਾ




### ਫ਼ਿਲਹਾਲ

**ਵਿਸ਼ਾ :**
ਨਾਵਲ-ਸੰਗ੍ਰਹਿ


**ਲੇਖਕ**
ਓਮ ਪ੍ਰਕਾਸ਼ ਗਾਸੋ




### ਸੁਦਾਮਾ

**ਵਿਸ਼ਾ :**
ਨਾਵਲ-ਸੰਗ੍ਰਹਿ


**ਲੇਖਕ :**
ਅੰਗਰੇਜ ਸਿੰਘ




### ਨੂਰ ਅਗੰਮੀ

**ਵਿਸ਼ਾ :**
ਕਾਵਿ-ਸੰਗ੍ਰਹਿ


**ਲੇਖਕ**
ਮਨਜੀਤ ਕੌਰ ਅੰਬਾਲਵੀ




### ਆਨੰਦ ਮਹਾਂਉਤਸਵ

**ਵਿਸ਼ਾ :**
ਕਾਵਿ-ਸੰਗ੍ਰਹਿ

**ਲੇਖਕ**
ਨੀਰ



RNI-HARPUN/2001-5797
ISSN2456-544X

# ਸਾਹਿਤਕ ਗਤੀਵਿਧੀਆਂ


ਮੁੱਖ ਮੰਤਰੀ ਨਿਵਾਸ


ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ


ਗੁਰਦੁਆਰਾ ਮੰਜੀ ਸਾਹਿਬ, ਕਰਨਾਲ


ਗੁਰਦੁਆਰਾ ਸ਼ਾਹਪੁਰ, ਅੰਬਾਲਾ


ਗੁਰਦੁਆਰਾ ਸਾਹਿਬ, ਰਤੀਆ


ਗੁਰਦੁਆਰਾ ਨਾਢਾ ਸਾਹਿਬ


ਗੁਰਦੁਆਰਾ ਪਹਿਲੀ ਪਾਤਸ਼ਾਹੀ, ਕੁਰੂਕਸ਼ੇਤਰ


ਲੋਹਗੜ੍ਹ (ਯਮੁਨਾਨਗਰ)



ਰੂ-ਬ-ਰੂ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ

*if undelivered please return to:*
Haryana Punjabi Sahitya Akademi
I.P. : 16, Sec-14, Panchkula-134113 (HARYANA)

Printed Matter
**BOOK POST**
Posted Under Periodical Rate